# ਸੰਪਾਦਕੀ

ਜਨਵਰੀ 2000, ਨਵੇਂ ਸਾਲ ਦਾ ਆਰੰਭ ਹੀ ਨਹੀਂ, ਨਵੀਂ ਸਦੀ ਦਾ ਆਗਾਜ਼ ਵੀ ਹੈ। 20ਵੀਂ ਸਦੀ ਸਮਾਪਤ ਹੋਣ ਤੇ ਭੂਤ ਕਾਲ ਦਾ ਵਿਰਸਾ ਬਣ ਗਈ ਅਤੇ ਨਵੀਂ ਸਦੀ ਨਵੀਆਂ ਖੁਸ਼ੀਆਂ, ਨਵੀਆਂ ਬਹਾਰਾਂ ਲੈ ਕੇ ਵਿਦਮਾਨ ਹੋਈ ਹੈ। ਨਵੇਂ ਸਾਲ ਦੀਆਂ ਵਧਾਈਆਂ ਕੁਲ ਸੰਸਾਰ ਸਾਂਝੀਆਂ ਕਰਦਾ ਹੈ, ਇਸ ਵਾਰੀ ਨਵੇਂ ਸਾਲ ਦੇ ਨਾਲ, ਨਵੀਂ ਸਦੀ ਦੀਆਂ ਖੁਸ਼ੀਆਂ ਕਾਰਨ ਇਨ੍ਹਾਂ ਮੁਬਾਰਕਾਂ ਵਿਚ ਕਈ ਗੁਣਾਂ ਵਾਧਾ ਹੋਇਆ ਹੈ। ਅਦਾਰਾ ਆਤਮ ਮਾਰਗ ਵਲੋਂ ਆਪ ਸਭ ਪਾਠਕਾਂ ਨੂੰ ਵੀ ਨਵਾਂ ਸਾਲ, ਨਵੀਂ ਸਦੀ ਬਹੁਤ ਬਹੁਤ ਮੁਬਾਰਕ ਹੋਵੇ।

ਅਸੀਂ ਨਵਾਂ ਸਾਲ ਨਵੀਂ ਸਦੀ ਸੇਵਾ ਅਤੇ ਸਿਮਰਨ ਨੂੰ ਸਮਰਪਤ ਕਰਦੇ ਹਾਂ। ਇਹੋ ਗੁਰੂ ਜੀ ਦਾ ਆਦੇਸ਼ ਅਤੇ ਆਦਰਸ਼ ਹੈ ਜਿਸ ਦਾ ਪਾਸਾਰ ਆਤਮ ਮਾਰਗ ਅਤੇ ਹੋਰ ਮਧਿਅਮਾਂ ਰਾਹੀਂ ਕੀਤਾ ਜਾ ਰਿਹਾ ਹੈ।

ਕੁਝ ਦੇਸ਼ਾਂ ਵਿਚ ਤਾਂ 2000 ਸੰਨ ਨੂੰ ਵਿਸ਼ਵ ਦੀ ਬਰਬਾਦੀ ਦਾ ਸਾਲ ਮੰਨਿਆ ਜਾਣ ਲਰ ਪਿਆ ਹੈ, ਜਦੋਂ ਆਕਾਸ਼ ਵਿਚੋਂ ਹਵਾਈ ਜਹਾਜ਼, ਧਰਤੀ ਤੇ ਡਿੱਗਣਗੇ, Y2k bug ਕਾਰਨ ਕੰਪਿਊਟਰ ਕੰਮ ਕਰਨੋਂ ਰੁਕ ਜਾਣਗੇ, ਬੈਂਕਾਂ ਵਿਚੋਂ ਪੈਸਾ ਲੈਣ ਵਾਲਿਆਂ ਦੀਆਂ ਵੱਡੀਆਂ ਲਾਈਨਾਂ ਲਗ ਜਾਣਗੀਆਂ, ਖਾਣ ਵਾਲੀਆਂ ਵਸਤਾਂ ਦੀ ਕਿਲਤ ਹੋ ਜਾਵੇਗੀ ਇਤਿਆਦਿ। ਸੰਨ 1000 ਵਿਚ ਵੀ ਐਸਾ ਹੀ ਸੋਚਿਆ ਗਿਆ ਸੀ, ਲੋਕਾਂ ਨੇ ਦਿਸੰਬਰ 999 ਵਿਚ ਫਸਲਾਂ ਨੂੰ ਅੱਗ ਲਾ ਦਿਤੀ, ਜਾਨਵਰ ਝਟਕਾ ਦਿਤੇ ਤੇ ਮਰਨ ਲਈ ਤਿਆਰ ਹੋ ਬੈਠੇ। ਹੁਣ ਵੀ 2000 ਬਾਰੇ ਕਿਆਸ ਕੀਤਾ ਜਾ ਰਿਹਾ ਹੈ ਕਿ ਸਾਰੀ ਸਭਿਅਤਾ ਹੀ ਵਿਨਾਸ ਦੇ ਕੰਢੇ ਪੁੱਜ ਜਾਵੇਗੀ। ਰੋਟੀ, ਪਾਣੀ ਅਤੇ ਘਰ ਲਈ ਲੋਕੀ ਭਟਕਣਗੇ। ਅਮਰੀਕਾ ਅਤੇ ਇੰਗਲੈਂਡ ਦੇ ਸਟੋਰਾਂ ਵਿਚ ਦਿਸੰਬਰ 99 ਵਿਚ ਹੀ ਹਲਚਲ ਮਚ ਗਈ ਹੈ। ਅਮਰੀਕਾ ਅਤੇ ਇੰਗਲੈਂਡ ਦੇ ਬੈਂਕਾਂ ਵਿਚੋਂ ਲੋਕਾਂ ਨੇ 50% ਤੋਂ ਵੱਧ ਪੈਸਾ ਕਢਵਾ ਲਿਆ ਹੈ।

ਪਰ ਅਸੀਂ ਜਨਵਰੀ 2000 ਵਿਚ ਵੇਖਾਂਗੇ ਕਿ ਐਸਾ ਕੁਝ ਨਹੀਂ ਹੋਵੇਗਾ। ਐਸੀ ਸੋਚਣੀ ਇਕ ਮਾਨਸਿਕ ਅਸੰਤੁਲਨ ਤੋਂ ਪੈਦਾ ਹੁੰਦੀ ਹੈ। ਸਾਡਾ ਵਿਸ਼ਵਾਸ਼ ਹੈ –

***ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ॥***

***ਪੰਨਾ – 4***

ਅਸੀਂ ਸਗੋਂ ਵਡਭਾਗੀ ਹਾਂ ਕਿ ਸਾਡੇ ਜੀਵਨ ਕਾਲ ਵਿਚ ਇਹ ਸ਼ੁਭ ਦਿਵਸ ਵਿਦਮਾਨ ਹੋਇਆ ਹੈ। 21ਵੀਂ ਸਦੀ ਸਰਬ ਮਨੁੱਖਤਾ ਲਈ ਆਪਣੀ ਬੁਕਲ ਵਿਚ ਨਵੇਂ ਸੰਦੇਸ਼ ਤੇ ਨਵੀਆਂ ਸੰਭਨਾਵਾਂ ਲੈ ਕੇ ਆਈ ਹੈ। ਇਹ ਸਦੀ ਵਿਗਿਆਨ ਅਤੇ ਟੈਕਨਾਲੌਜੀ ਦੀ ਸਦੀ ਹੈ ਜਿਸ ਦੀਆਂ ਲੱਭਤਾਂ ਹੈਰਾਨੀਕੁਨ ਅਤੇ ਵਿਸਮਾਦਜਨਕ ਹੋਣਗੀਆਂ। ਇਹ ਕੰਪਿਊਟਰ ਯੁੱਗ ਹੈ, ਫੈਕਸ, ਵੈਬਸਾਈਟ, ਇੰਟਰਨੈਟ, ਈ-ਮੇਲ, ਮੋਬਾਈਲ, ਸੀ.ਡੀ ਆਦਿ ਦੀਆਂ ਲਭਤਾਂ ਹੈਰਾਨੀਜਨਕ ਹਨ। 20ਵੀਂ ਸਦੀ ਦੀਆਂ ਇਹ ਕਾਢਾਂ 21ਵੀਂ ਸਦੀ ਨੂੰ ਵਿਰਾਸਤ ਵਿਚ ਮਿਲੀਆਂ ਹਨ, ਹੁਣ ਇਨ੍ਹਾਂ ਵਿਚ ਹੋਰ ਹੋਰ ਵਾਧਾ ਹੋਣ ਦੀ ਸੰਭਾਵਨਾ ਬਣੀ ਹੋਈ ਹੈ। Y2k bug ਨੂੰ ਕੰਟਰੋਲ ਕਰ ਲਿਆ ਗਿਆ ਹੈ। ਇਨ੍ਹਾਂ ਲਭਤਾਂ ਨਾਲ ਇਕ ਗੱਲ ਸਪਸ਼ਟ ਹੋਈ ਹੈ ਕਿ ਜਿਥੇ ਪਹਿਲਾਂ ਸਾਡਾ ਪਿੰਡ ਹੀ ਸਾਡਾ ਸੰਸਾਰ ਹੁੰਦਾ ਸੀ, ਹੁਣ ਕੁੱਲ ਸੰਸਾਰ ਸਾਡਾ ਪਿੰਡ ਬਣ ਗਿਆ ਹੈ। ਅਸੀਂ ਇਨ੍ਹਾਂ ਲਭਤਾਂ ਰਾਹੀਂ ਕੁਲ ਸੰਸਾਰ ਨਾਲ ਜੁੜ ਗਏ ਹਾਂ, ਮਨੁੱਖੀ ਭਾਈਚਾਰਾ ਇਕ ਹੁੰਦਾ ਜਾ ਰਿਹਾ ਹੈ। ਇਸ ਦਾ ਅਸਰ ਸਾਰੇ ਮੁਲਕਾਂ ਵਿਚ ਅਤੇ ਸਾਰੇ ਖੇਤਰਾਂ ਵਿਚ ਵੇਖਿਆ ਜਾ ਸਕਦਾ ਹੈ। ਰਾਜਨੀਤਕ ਪੱਖੋਂ ਸੰਸਾਰ ਦੇ ਕਿਸੇ ਕੋਨੇ ਵਿਚ ਕੋਈ ਉਪੱਦਰ ਹੁੰਦਾ ਹੈ, ਕੋਈ ਅਨੋਖੀ ਘਟਨਾ ਵਾਪਰਦੀ ਹੈ, ਤਾਂ ਸੈਟੇਲਾਈਟ ਰਾਹੀਂ ਲਈਆਂ ਤਸਵੀਰਾਂ ਰਾਹੀਂ ਸਾਰੇ ਸੰਸਾਰ ਨੂੰ ਇਸ ਦੀ ਸੂਚਨਾ ਮਿਲ ਜਾਂਦੀ ਹੈ। ਮੈਡੀਕਲ ਸਾਇੰਸ ਵਿਚ ਇਕ ਮੁਲਕ ਲਭਤਾਂ ਕਰਦਾ ਹੈ ਤਾਂ ਇਸ ਦਾ ਲਾਭ ਸਾਰੀ ਦੁਨੀਆਂ ਨਾਲ ਸਾਂਝਾ ਕੀਤਾ ਜਾਂਦਾ ਹੈ। ਅੱਗੇ ਪੱਛਮੀ ਦੇਸ਼ਾਂ ਵਿਚ ਕੇਵਲ ਐਲੋਪੈਥੀ ਦਾ ਹੀ ਬੋਲਬਾਲਾ ਸੀ ਪਰ ਹੁਣ ਸੰਸਾਰ ਸੰਪਰਕ ਵਿਚ ਵਾਧਾ ਹੋਣ ਨਾਲ ਆਯੁਰਵੈਦਿਕ ਜੜ੍ਹੀ ਬੂਟੀਆਂ, ਵਰਤ, ਯੋਗ-ਅਭਿਆਸ, ਸਿਮਰਨ, ਧਿਆਨ, ਰਾਗ, ਕੀਰਤਨ, ਹੱਸਣਾ, ਕੂਕਣਾ, ਵੈਜੀਟੇਰੀਅਨ ਭੋਜਨ ਆਦਿ ਸਭ ਦਾ ਪ੍ਰਯੋਗ ਹੋ ਰਿਹਾ ਹੈ ਅਤੇ ਹੋਲਿਸਟਿਕ ਸੈਂਟਰ ਖੁਲ੍ਹ ਰਹੇ ਹਨ। ਜਿਨ੍ਹਾਂ ਦੇਸ਼ਾਂ ਵਿਚ ਸਾਇੰਸ ਅਤੇ ਟੈਕਨਾਲੌਜੀ ਵਿਚ ਵਧੇਰੇ ਵਾਧਾ ਹੋਇਆ ਹੈ, ਉਥੇ ਜ਼ਿੰਦਗੀ ਦੀ ਗਤੀ ਵਿਚ ਬਹੁਤ ਵਧ ਗਈ ਹੈ ਅਤੇ ਮਨੁੱਖ ਦਾ ਜੀਵਨ ਸੰਤੁਲਨ ਵਿਗੜਿਆ ਹੈ। ਦੌੜ ਭੱਜ ਵੱਧ ਜਾਣ ਨਾਲ ਦਿਮਾਗੀ ਪ੍ਰੇਸ਼ਾਨੀ ਵਧੀ ਹੈ। ਇਸ ਨਾਲ ਫਿਕਰ, ਡਰ, ਈਰਖਾ, ਦ੍ਵੈਤ ਆਦਿ ਭਾਵਨਾਵਾਂ ਵਿਚ ਵਾਧਾ ਹੋਇਆ ਹੈ ਜਿਸ ਨੇ ਕਈ ਨਵੇਂ ਮਾਨਸਿਕ ਰੋਗਾਂ ਨੂੰ ਜਨਮ ਦਿਤਾ ਹੈ। ਇਕ ਪਾਸੜ ਸੋਚ ਮਨੁੱਖ ਨੂੰ ਬੇਤਾਲਾ ਬਣਾ ਦਿੰਦੀ ਹੈ, ਉਹ ਆਪਣਾ ਸੰਤੁਲਨ (equilibrium = ਸਹਿਜ) ਗਵਾ ਬੈਠਦਾ ਹੈ। 15ਵੀਂ, 16ਵੀਂ ਸਦੀ ਵਿਚ ਸਰਬ ਮਨੁੱਖਤਾ ਨੂੰ ਸੇਧ ਬਖਸ਼ਣ ਵਾਲੇ ਗੁਰੂ ਸਾਹਿਬਾਨ ਨੇ ਇਹ ਗੱਲ ਅਨੁਭਵ ਕੀਤੀ ਸੀ –

***ਵੇਦਾ ਮਹਿ ਨਾਮੁ ਉਤਮੁ ਸੋ ਸੁਣਹਿ ਨਾਹੀ ਫਿਰਹਿ ਜਿਉ ਬੇਤਾਲਿਆ॥***

***ਪੰਨਾ – 919***

ਇਸ ਦਾ ਇਲਾਜ ਉਨ੍ਹਾਂ ਨੇ ਨਾਮ ਅਰਥਾਤ 'ਸ਼ਬਦ' ਨਾਲ ਮੇਲ ਦੱਸਿਆ ਸੀ। 21ਵੀਂ ਸਦੀ ਦੇ ਮਾਨਸਿਕ ਅਸੰਤੁਲਨ ਦਾ ਇਲਾਜ ਕੇਵਲ 'ਸ਼ਬਦ' ਹੀ ਹੈ। 'ਸ਼ਬਦ' ਜੋ ਸਰਬ ਵਿਆਪਕ ਹੈ, ਘਟ ਘਟ ਵਿਚ ਵਿਦਮਾਨ ਹੈ, ਹਰੇਕ ਮਨੁੱਖ ਦੀ ਚਾਲਕ ਸਕਤੀ ਹੈ, ਕੁਲ ਬ੍ਰਹਿਮੰਡ ਦੀ ਸਿਰਜਨ-ਸ਼ਕਤੀ ਅਤੇ ਆਧਾਰ ਸ਼ਕਤੀ ਹੈ। ਇਸ ਦਾ ਵਿਦਮਾਨ ਰੂਪ 'ਨਾਮ' ਹੈ –

***ਨਾਮ ਕੇ ਧਾਰੇ ਸਗਲੇ ਜੰਤ॥***
***ਨਾਮ ਕੇ ਧਾਰੇ ਖੰਡ ਬ੍ਰਹਮੰਡ॥*** ***ਪੰਨਾ – 284***

ਸ਼ਬਦ-ਨਾਮ ਮਾਨੋ ਜੀਵਨ ਦਾ ਧੁਰਾ ਹੈ; ਧੁਰੀ ਤੇ ਕਾਇਮ ਸੂਰਜ, ਚੰਦ, ਤਾਰੇ, ਸਤਾਰੇ, ਗ੍ਰਹਿ ਗਤੀਸ਼ੀਲ ਹਨ ਅਤੇ ਟਕਰਾਉ ਤੋਂ ਬਚੇ ਹੋਏ ਵਿਸਮਾਦੀ ਦ੍ਰਿਸ਼ ਵਿਦਮਾਨ ਕਰ ਰਹੇ ਹਨ, ਧੁਰੇ ਤੇ ਟਿਕਿਆ ਮਨੁੱਖ ਸੰਸਾਰ ਦੇ ਵਿਨਾਸ਼ ਲਈ ਨਹੀਂ, ਵਿਕਾਸ ਲਈ ਕਿਰਿਆਸ਼ੀਲ ਹੁੰਦਾ ਹੈ। 20ਵੀਂ ਸਦੀ ਦੇ ਮਹਾਨ ਯੁੱਧਾਂ ਵਿਚ ਅਤੇ ਉਪਰੰਤ ਕਈ ਦੇਸ਼ਾਂ ਦੇ ਸੁਤੰਤਰਤਾ ਸੰਗਰਾਮਾਂ ਵਿਚ ਲੱਖਾਂ ਕ੍ਰੋੜਾਂ ਜੀਵਨ ਬਲੀਦਾਨ ਹੋਏ ਹਨ, ਲੱਖਾਂ ਕ੍ਰੋੜਾਂ ਘਰ ਉਜੜੇ ਹਨ। ਉਨ੍ਹਾਂ ਵਿਚ ਸਾਡਾ ਆਪਣਾ ਦੇਸ਼ ਵੀ ਸ਼ਾਮਲ ਹੈ। ਬਹੁਤ ਸਾਰੇ ਮੁਲਕ ਸੁਤੰਤਰ ਹੋਏ ਹਨ, ਇਹ ਵਧੀਆ ਗੱਲ ਹੈ ਪਰ ਲੱਖਾਂ ਜਾਨਾਂ ਦੀ ਅਹੂਤੀ ਸਿਆਸਤ ਦੇ ਮੱਥੇ ਗਹਿਰਾ ਕਲੰਕ ਹੈ। ਸ਼ਾਲਾ! 21ਵੀਂ ਸਦੀ ਇਸ ਕਲੰਕ ਨੂੰ ਧੋਣ ਦਾ ਯਤਨ ਕਰੇ ਤੇ ਮੁੜ ਦੁਰਲੱਭ ਦੇਹਾਂ ਬਰਬਾਦ ਨਾ ਹੋਣ, ਸਗੋਂ ਮਨੁੱਖੀ ਵਿਕਾਸ ਲਈ ਕਿਰਿਆਸ਼ੀਲ ਹੋਣ, ਮਨੁੱਖ ਮਨੁੱਖ ਦਾ ਵੈਰੀ ਨਾ ਹੋ ਕੇ ਨਿਆਂ, ਸਾਂਝੀਵਾਲਤਾ, ਪਰਸਪਰ ਮਨੁੱਖੀ ਪਿਆਰ, ਦਇਆ, ਨੇਕੀ, ਹਮਦਰਦੀ ਪਰਉਪਕਾਰ ਲਈ ਕਿਰਿਆਸ਼ੀਲ ਹੋਵੇ; ਜਿਥੇ ਮਨੁੱਖਤਾ ਗਰੀਬੀ, ਬੀਮਾਰੀ, ਅਗਿਆਨਤਾ ਅਤੇ ਅਨਪੜ੍ਹਤਾ ਵਿਚ ਨਰਕ ਭੋਗਦੀ ਦਿਸੇ, ਉਥੇ ਸੁਹਿਰਦ ਵਿਕਾਸ਼ਸ਼ੀਲ ਭਾਈਚਾਰਾ ਪਰਉਪਕਾਰੀ ਭਾਵਨਾ ਨਾਲ ਮਦਦਗਾਰ ਸਿੱਧ ਹੋਵੇ।

ਅਜਿਹੀ ਕਿਰਿਆ ਲਈ ਜ਼ਰੂਰੀ ਹੈ ਕਿ ਸਾਇੰਸ ਅਤੇ ਟੈਕਨਾਲੌਜੀ ਦੇ ਵਿਕਾਸ ਨਾਲ ਮਨੁੱਖ ਦੇ ਅੰਦਰ ਵਸਦੀ ਰੱਬੀ ਜੋਤ ਦਾ ਵੀ ਗਿਆਨ ਵੰਡਿਆ ਜਾਵੇ। ਜਦੋਂ ਮਨੁੱਖ ਨੂੰ ਬ੍ਰਹਮ ਏਕਤਾ ਦਾ ਗਿਆਨ ਹੋ ਜਾਵੇਗਾ ਤਾਂ ਉਸ ਨੂੰ ਮੁਲਕਾਂ ਦੀਆਂ ਮਸਨੂਈ ਵੰਡਾਂ, ਪਰਸਪਰ ਵੈਰ, ਈਰਖਾ ਅਤੇ ਲੜਾਈ ਝਗੜੇ ਨਿਰਮੂਲ ਜਾਪਣਗੇ। ਦੇਸ਼ਾਂ, ਕੌਮਾਂ, ਧਰਮਾਂ, ਗ੍ਰੰਥਾਂ, ਜਾਤਾਂ, ਵਰਣਾਂ, ਸਭਿਆਚਾਰਾਂ ਸਮਾਜਾਂ ਦਾ "ਦ੍ਵੈਤ" ਨਿਰਾਰਥਕ ਤੇ ਨਿਰਮੂਲ ਦਿਸੇਗਾ।

ਸਾਰਾ ਬ੍ਰਹਿਮੰਡ ਇਕ ਏਕਤਾ, ਇਕ ਇਕਾਈ ਵਿਚ ਬੱਝਾ ਹੋਇਆ ਹੈ। ਸਾਰੇ ਜੀਵ, ਸਾਰੀ ਮਨੁੱਖਤਾ, ਸਾਰੇ ਧਰਮ, ਗੁਰੂ ਪੀਰ ਪੈਗੰਬਰ, ਗ੍ਰੰਥ ਇਕੋ ਹਨ, ਸਾਰਾ ਬ੍ਰਹਮ ਪਸਾਰਾ ਹੀ ਹੈ-

***ਬ੍ਰਹਮ ਦੀਸੈ ਬ੍ਰਹਮ ਸੁਣੀਐ ਏਕ ਏਕ ਵਖਾਣੀਐ॥***
***ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥***
***ਪੰਨਾ - 846***

'ਆਤਮ ਮਾਰਗ' ਦਾ ਇਹੋ ਆਦਰਸ਼ ਹੈ ਜਿਸ ਦਾ ਪਾਸਾਰ ਅਸੀਂ ਸਭ ਨੇ ਕਰਨਾ ਹੈ। 21ਵੀਂ ਸਦੀ ਨੂੰ ਇਸ ਦੀ ਡਾਢੀ ਲੋੜ ਹੈ। ਗੁਰਬਾਣੀ ਦਾ ਸ਼ਬਦ ਸਾਰੀ ਮਨੁੱਖਤਾ ਲਈ ਹੈ, ਸਭ ਨੂੰ ਸੁਖ, ਅਨੰਦ ਸਹਿਜਮਈ ਜੀਵਨ ਬਖਸ਼ਣ ਵਾਲਾ ਹੈ। ਸ਼ਬਦ ਦਾ ਭੰਡਾਰ ਗੁਰੂ ਗ੍ਰੰਥ ਸਾਹਿਬ ਸਹਿਜਮਈ ਜੀਵਨ ਬਖਸ਼ਣਵਾਲਾ ਹੈ। ਇਹ ਇਕ ਐਸਾ ਥਾਲ ਹੈ ਜੋ ਤਿੰਨ ਵਸਤਾਂ ਨਾਲ ਭਰਪੂਰ ਹੈ - ਸਤ, ਸੰਤੋਖ ਅਤੇ ਅੰਮ੍ਰਿਤ ਨਾਮ। ਸੱਚਾ ਸੁੱਚਾ ਆਚਰਣ ਅਤੇ ਸੰਤੋਖੀ ਜੀਵਨ ਅੰਮ੍ਰਿਤ ਨਾਮ ਨੂੰ ਪ੍ਰਾਪਤ ਕਰਕੇ, ਖਾ ਕੇ, ਭੁੰਚ ਕੇ ਆਪਣਾ ਉਧਾਰ ਵੀ ਕਰਦਾ ਹੈ ਅਤੇ ਸੰਸਾਰ ਦਾ ਵੀ ਭਲਾ ਕਰਦਾ ਹੈ। ਸ਼ਬਦ ਦੇ ਭੰਡਾਰ ਗੁਰੂ ਗ੍ਰੰਥ ਸਾਹਿਬ ਦੇ ਆਖਰੀ ਸ਼ਬਦ ਵਿਚ ਗੁਰੂ ਅਰਜਨ ਪਾਤਸ਼ਾਹ ਨੇ ਇਸ ਦਾ ਸਾਰ ਇਹੋ ਦੱਸਿਆ ਹੈ -

***ਥਾਲ ਵਿਚਿ ਤਿੰਨਿ ਵਸਤੂ ਪਈਓ ਸਤੁ ਸੰਤੋਖੁ ਵੀਚਾਰੋ॥***
***ਅੰਮ੍ਰਿਤ ਨਾਮੁ ਠਾਕੁਰ ਕਾ ਪਇਓ ਜਿਸ ਕਾ ਸਭਸੁ ਅਧਾਰੋ॥***
***ਜੇ ਕੋ ਖਾਵੈ ਜੇ ਕੋ ਭੁੰਚੈ ਤਿਸ ਕਾ ਹੋਇ ਉਧਾਰੋ॥***
***ਏਹ ਵਸਤੁ ਤਜੀ ਨਹ ਜਾਈ ਨਿਤ ਨਿਤ ਰਖੁ ਉਰਿ ਧਾਰੋ॥***
***ਤਮ ਸੰਸਾਰੁ ਚਰਨ ਲਗਿ ਤਰੀਐ ਸਭੁ ਨਾਨਕ ਬ੍ਰਹਮ ਪਸਾਰੋ॥***
***ਪੰਨਾ - 1428***

ਗੁਰੂ ਗ੍ਰੰਥ ਸਾਹਿਬ ਦੀ ਸਾਰੀ ਬਾਣੀ ਅਧਿਆਤਮਕ ਅਨੁਭਵ ਅਤੇ ਸੱਚ ਆਚਾਰ ਦੀ ਬਾਣੀ ਹੈ, ਇਸ ਦਾ ਹਰ ਬੋਲ ਪ੍ਰਮੇਸ਼ਰ ਬੋਲ ਹੈ, ਬ੍ਰਹਮ ਬੀਚਾਰ ਹੈ, ਇਹ ਧੁਰ ਕੀ ਬਾਣੀ ਹੈ, 'ਹੁਕਮਾਉ' ਹੈ, ਖਸਮ ਕੀ ਬਾਣੀ ਹੈ। ਇਸ ਨਾਲ ਜੁੜਿਆ ਜੀਵਨ ਆਪਣੇ ਕੇਂਦਰ ਨਾਲ ਜੁੜ ਜਾਂਦਾ ਹੈ, ਇਸ ਤੋਂ ਟੁੱਟਿਆ ਜੀਵਨ 'ਬਉਰਾਨਾ' ਹੋ ਨਿਬੜਦਾ ਹੈ -

***ਸਬਦੁ ਗੁਰ ਪੀਰਾ ਗਹਿਰ ਗੰਭੀਰਾ ਬਿਨੁ ਸਬਦੈ ਜਗੁ ਬਉਰਾਨੰ॥***
***ਪੰਨਾ - 635***

ਕਾਰ ਵਿਹਾਰ ਲਈ ਅਤੇ ਮਨੁੱਖਤਾ ਦੇ ਭਲੇ ਲਈ ਸਾਇੰਸ ਅਤੇ ਟੈਕਨਾਲੌਜੀ ਦਾ ਵਿਕਾਸ ਹੋਣਾ ਜ਼ਰੂਰੀ ਹੈ ਪਰ 'ਸ਼ਬਦ' ਤੋਂ ਟੁੱਟਿਆ, ਬਉਰਾਨਾ ਹੋਇਆ, ਸਾਇੰਸਦਾਨ ਪ੍ਰਮਾਣੂ ਬੰਬ ਬਣਾਉਣ ਵਿਚ ਫਖਰ ਮਹਿਸੂਸ ਕਰਦਾ ਹੈ; ਸ਼ਬਦ ਤੋਂ ਅਣਜਾਣ ਸਿਆਸਤਦਾਨ ਆਪਣੇ ਦੇਸ਼ ਵਾਸੀਆਂ ਅਤੇ ਦੂਜੇ ਮੁਲਕਾਂ ਦੀ ਬਰਬਾਦੀ ਦਾ ਕਾਰਨ ਸਿੱਧ ਹੁੰਦਾ ਹੈ। ਮੁਲਕਾਂ ਅਤੇ ਸਮਾਜਾਂ ਵਿਚ ਵਿਆਪਕ ਸਾਰੀਆਂ ਨਿਖੇਧਜਨਕ ਕਿਰਿਆਵਾਂ ਰਿਸ਼ਵਤ, ਵੱਢੀ, ਲੜਾਈਆਂ, ਝਗੜੇ, ਕਤਲ, ਮੁਕਦਮੇ, ਕੈਦਾਂ, ਜੇਲ੍ਹਾਂ; ਸਭ ਦਾ ਇਕੋ ਕਾਰਨ ਹੈ ਕਿ ਮਨੁੱਖ ਆਪਣੇ ਅੰਦਰ ਵਸਦੇ ਰੱਬ ਤੋਂ ਅਣਜਾਣ ਹੈ, ਉਸ ਦੀ ਅੰਦਰਲੀ ਜੋਤਿ ਬੁਝੀ ਹੋਈ ਹੈ, ਗੁਰੂ ਗੁਰਬਾਣੀ, ਗੁਰ ਸ਼ਬਦ ਇਸ ਜੋਤਿ ਨੂੰ ਜਗਾਉਣ ਦਾ ਸਾਧਨ ਹੈ -

***ਸਭ ਮਹਿ ਜੋਤਿ ਜੋਤਿ ਹੈ ਸੋਇ॥***
***ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ॥***
***ਗੁਰ ਸਾਖੀ ਜੋਤਿ ਪਰਗਟੁ ਹੋਇ॥ ਪੰਨਾ - 13***

ਨਵੇਂ ਨਰੋਏ ਸਮਾਜ, ਦੇਸ਼ ਅਤੇ ਸੰਸਾਰ ਨੂੰ ਅੱਜ 'ਸ਼ਬਦ' ਨਾਲ ਜੁੜਨ ਦੀ ਆਵਸ਼ਕਤਾ ਹੈ, ਹਰੇਕ ਮਨੁੱਖ ਅੰਦਰ ਬੀਜ ਰੂਪ ਵਿਚ ਇਹ 'ਸ਼ਬਦ' ਵਿਆਪਕ ਹੈ, ਗੁਰੂ ਗੁਰਬਾਣੀ, ਗੁਰ ਸ਼ਬਦ ਇਸ ਨੂੰ ਪ੍ਰਫੁਲਤ ਕਰਨ ਦਾ ਸਾਧਨ ਹੈ -

***ਗੁਰ ਕਾ ਸਬਦੁ ਰਤੰਨੁ ਹੈ ਹੀਰੇ ਜਿਤੁ ਜੜਾਉ॥***
***ਸਬਦੁ ਰਤਨੁ ਜਿਤੁ ਮੰਨੁ ਲਾਗਾ ਏਹੁ ਹੋਆ ਸਮਾਉ॥***
***ਪੰਨਾ - 920***

ਨਵੇਂ ਸਾਲ ਵਿਚ, ਨਵੀਂ ਸਦੀ ਵਿਚ, ਅਸੀਂ ਆਤਮ ਮਾਰਗ ਦੇ ਪਾਂਧੀ, ਇਹ ਸਨੇਹਾ ਘਰ-ਘਰ ਪਹੁੰਚਾਈਏ, ਸਾਰੇ ਮੁਲਕਾਂ ਵਿਚ ਪਹੁੰਚਾਈਏ, ਸਾਰੀ ਮਨੁੱਖਤਾ ਨੂੰ ਦੇਈਏ, ਆਪ ਸ਼ਬਦ ਨਾਲ ਜੁੜੀਏ, ਨਾਮ ਦਾ ਸੁਖ, ਸਹਿਜ, ਅਨੰਦ, ਰਹੱਸ, ਵਿਸਮਾਦ ਪ੍ਰਾਪਤ ਕਰੀਏ, ਘਰ ਪਰਿਵਾਰ ਵਿਚ ਇਸ ਦਾ ਸੰਚਾਰ ਕਰੀਏ ਤੇ ਜਿਥੋਂ ਤਕ ਸਾਡਾ ਵਾਹ ਚੱਲੇ, ਮਨੁੱਖਤਾ ਨਾਲ ਇਸ ਨੂੰ ਜੋੜੀਏ। ਇਹੋ ਨਵੇਂ ਸਾਲ, ਨਵੀਂ ਸਦੀ ਦਾ

(ਬਾਕੀ ਪੰਨਾ 16 ਤੇ)

# ਕਿਵ ਸਚਿਆਰਾ ਹੋਈਐ ?

***ਸੰਤ ਵਰਿਆਮ ਸਿੰਘ ਜੀ***
***ਬਾਨੀ ਤੇ ਮੁਖੀ ਵਿ. ਗੁ. ਰੂਹਾਨੀ ਮਿਸ਼ਨ***

*(ਲੜੀ ਜੋੜਨ ਲਈ ਦੇਖੋ, ਦਸੰਬਰ ਅੰਕ, ਪੰਨਾ - 10)*

ਰਾਜਕੁਮਾਰੀ ਦੇ ਮਾਤਾ ਪਿਤਾ ਗੱਲਾਂ ਕਰ ਰਹੇ ਹਨ ਕਿ ਹੁਣ ਚਾਰ ਸਾਲ ਬੀਤ ਚੁੱਕੇ ਹਨ ਜਦੋਂ ਭਾਈ ਤਿਲੋਕਾ ਜੀ ਸਰੀਰ ਛੱਡ ਗਏ ਸਨ। ਰਾਜਕੁਮਾਰੀ ਦੀ ਜੋ ਹਾਲਤ ਦੇਖਦੇ ਹਾਂ, ਉਹ ਸਾਡੀ ਸਮਝ ਤੋਂ ਬਾਹਰ ਹੈ। ਜਦੋਂ ਪੰਡਤ ਜੀ ਨੂੰ ਪੁਛਦੇ ਹਾਂ ਤਾਂ ਉਹ ਕਹਿੰਦੇ ਹਨ ਕਿ ਤੁਸੀਂ ਕੋਈ ਫਿਕਰ ਨਾ ਕਰੋ, ਰਾਜਕੁਮਾਰੀ ਬਹੁਤ ਉਚੀਆਂ ਅਵਸਥਾਵਾਂ ਵਿਚ ਖੇਲ੍ਹ ਰਹੀ ਹੈ ਜਿਥੇ ਵੱਡੇ-ਵੱਡੇ ਜੋਗੀਸ਼ਰ ਵੀ ਨਹੀਂ ਪਹੁੰਚ ਸਕਦੇ। ਇਸ ਦਾ ਤਪ ਇਕ ਦਿਨ ਫਲ ਦੇਵੇਗਾ। ਉਸ ਵੇਲੇ ਉਸ ਦੇ ਪਿਤਾ ਜੀ ਕਹਿਣ ਲੱਗੇ ਕਿ ਰਾਣੀ ਸਾਹਿਬਾ! ਹੁਣ ਰਾਜਕੁਮਾਰੀ ਜੁਆਨ ਹੋ ਚੁਕੀ ਹੈ, ਭਲੇ ਬੁਰੇ ਦੀ ਪੂਰਨ ਰੂਪ ਵਿਚ ਇਸ ਨੂੰ ਸਮਝ ਆ ਚੁਕੀ ਹੈ। ਇਹ ਇਕੱਲੀ ਹੋਣ ਕਰਕੇ ਮੌਜੂਦਾ ਰੰਗਾਂ ਵਿਚ ਖੇਲ੍ਹ ਰਹੀ ਹੈ। ਪ੍ਰਮੇਸ਼ਰ ਨੇ ਇਸਤ੍ਰੀ ਤੇ ਮਰਦ ਜੋੜੇ ਬਣਾਏ ਹਨ, ਇਸ ਨੂੰ ਜਦੋਂ ਗ੍ਰਹਿਸਤੀ ਜੀਵਨ ਵਿਚ ਪੈਣਾ ਪੈ ਗਿਆ ਤਾਂ ਇਨ੍ਹਾਂ ਵਹਿਣਾਂ ਵਿਚੋਂ ਇਹ ਆਪ ਹੀ ਨਿਕਲ ਆਵੇਗੀ। ਆਪਾਂ ਇਸਦੀ ਸ਼ਾਦੀ ਕਿਸੇ ਚੰਗੇ ਰਾਠ ਘਰਾਣੇ ਵਿਚ ਕਰ ਦੇਈਏ। ਬਾਲ ਬੱਚੇ ਹੋ ਜਾਣਗੇ, ਇਹ ਉਨ੍ਹਾਂ ਵਿਚ ਪਰਚ ਜਾਵੇਗੀ ਅਤੇ ਉਹ ਬਾਲ ਬੱਚੇ ਸਾਡੇ ਪਾਸ ਵੀ ਆ ਜਾਇਆ ਕਰਨਗੇ ਅਤੇ ਸਾਡਾ ਵੀ ਦਿਲ ਲਗ ਜਾਇਆ ਕਰੇਗਾ। ਆਪਣੇ ਘਰ ਹੋਰ ਔਲਾਦ ਨਹੀਂ ਹੈ। ਇਸ ਕਰਕੇ ਇਸ ਗੱਲ ਦੀ ਚਿੰਤਾ ਮੈਨੂੰ ਬਹੁਤ ਰਹਿੰਦੀ ਹੈ। ਇਸ ਤਰ੍ਹਾਂ ਗ੍ਰਹਿਸਤ ਦੀਆਂ ਗੱਲਾਂ ਬਾਤਾਂ ਕਰਦੇ ਉਹ ਵੀ ਉਠ ਕੇ ਆਪਣੇ ਕਮਰਿਆਂ ਵਿਚ ਬਿਰਾਜ ਗਏ।

ਸਵੇਰ ਹੋਈ, ਰਾਜਕੁਮਾਰੀ ਨੇ ਜੰਗਲ ਵਿਚ ਜਾਣ ਤੋਂ ਪਹਿਲਾਂ ਮਾਤਾ ਨੂੰ ਕਿਹਾ ਕਿ ਮਾਤਾ! ਪਿਤਾ ਜੀ ਜੋ ਬਚਨ ਕਰ ਰਹੇ ਸਨ, ਉਹ ਮੈਂ ਸਾਰੇ ਸੁਣ ਲਏ ਹਨ। ਰਾਣੀ ਕਹਿਣ ਲੱਗੀ ਕਿ ਬੇਟੀ! ਤੂੰ ਤਾਂ ਬਹੁਤ ਦੂਰ ਪਈ ਸੀ ਅਤੇ ਘੂਕ ਨੀਂਦ ਵਿਚ ਪਈ ਸੀ, ਤੂੰ ਸਾਡੀਆਂ ਗੱਲਾਂ ਕਿਵੇਂ ਸੁਣ ਲਈਆਂ? ਰਾਜਕੁਮਾਰੀ ਕਹਿਣ ਲੱਗੀ, "ਮਾਤਾ ਜੀ! ਇਹ ਵਾਹਿਗੁਰੂ-ਵਾਹਿਗੁਰੂ ਕਹਿਣ ਨਾਲ ਮੇਰੇ ਅੰਦਰ ਕੁਝ ਇਸ ਤਰ੍ਹਾਂ ਪ੍ਰਤੀਤ ਦੇ ਰਿਹਾ ਹੈ ਕਿ ਮੇਰਾ ਸਰੀਰ ਤਾਂ ਸੌਂ ਜਾਂਦਾ ਹੈ ਪਰ ਮੈਂ ਜਾਗਦੀ ਰਹਿੰਦੀ ਹਾਂ, ਮੈਨੂੰ ਸਾਰਾ ਆਲੇ ਦੁਆਲੇ ਦਾ ਪਤਾ ਰਹਿੰਦਾ ਹੈ। ਮੈਂ ਦੇਖਿਆ ਕਿ ਜੇ ਹੁਣ ਮੇਰੇ ਮਨ ਵਿਚ ਗੱਲ ਆ ਜਾਵੇ ਤਾਂ ਉਹ ਥੋੜ੍ਹੇ ਸਮੇਂ ਪਿਛੋਂ ਪ੍ਰਤੱਖ ਹੋ ਜਾਂਦੀ ਹੈ। ਮੈਂ ਤਾਂ ਆਪ ਹੈਰਾਨ ਹਾਂ ਕਿ ਮੈਨੂੰ ਕਿਵੇਂ ਪਹਿਲਾਂ ਪਤਾ ਲਗ ਜਾਂਦਾ ਹੈ। ਮੈਂ ਤੁਹਾਨੂੰ ਬੇਨਤੀ ਕਰਦੀ ਹਾਂ ਕਿ ਤੁਸੀਂ ਮੇਰਾ ਵਿਆਹ ਨਾ ਕਰਨਾ, ਮੈਨੂੰ ਵਿਆਹ ਦੀ ਕਿੰਚਤ ਮਾਤਰ ਵੀ ਲੋੜ ਨਹੀਂ ਹੈ। ਮੇਰੇ ਲਈ ਸੰਸਾਰ ਸੰਸਾਰ ਨਹੀਂ ਰਿਹਾ, ਮੈਨੂੰ ਤਾਂ ਵਾਹਿਗੁਰੂ ਦਾ ਸਰੂਪ ਹੀ ਸਾਰੇ ਦਿਸਣ ਲਗ ਗਿਆ। ਜਿਸ ਦੇ ਅੰਦਰ ਵੀ ਮੈਂ ਦੇਖਦੀ ਹਾਂ ਉਸ ਦੇ ਅੰਦਰ ਮੈਨੂੰ ਵਾਹਿਗੁਰੂ ਦੀ ਜੋਤ ਜਗਦੀ ਨਜ਼ਰੀਂ ਆਉਂਦੀ ਹੈ। ਮੈਨੂੰ ਉਹ ਚੰਗਾ ਮਨੁੱਖ ਭਾਈ ਤਿਲੋਕਾ ਹਰ ਚੀਜ਼ ਵਿਚੋਂ ਝਲਕਾਰੇ ਮਾਰਦਾ ਨਜ਼ਰ ਆਉਂਦਾ ਹੈ। ਮਾਤਾ! ਮੈਂ ਕੋਈ ਖਿਆਲਾਂ ਦੀ ਗੱਲ ਨਹੀਂ ਕਰ ਰਹੀ ਇਹ ਸਭ ਪ੍ਰਤੱਖ ਵਿਚ ਹੁੰਦਾ ਮੈਨੂੰ ਦਿਸਦਾ ਹੈ। ਹੁਣ ਤੁਸੀਂ ਮੇਰਾ ਵਿਆਹ ਨਾ ਕਰਨਾ, ਤੁਸੀਂ ਮੇਰਾ ਵਿਆਹ ਕਿਉਂ ਕਰ ਰਹੇ ਹੋ? ਮੈਂ ਤੁਹਾਨੂੰ ਕੋਈ ਬਦਨਾਮੀ ਖੱਟ ਕੇ ਨਹੀਂ ਲਿਆ ਰਹੀ, ਮੇਰੇ ਅੰਦਰ ਤਾਂ ਹਰ ਸਮੇਂ ਖੁਸ਼ੀਆਂ ਦੇ ਉਲਾਰ ਉਠਦੇ ਹਨ ਜੋ ਝੱਲੇ ਨਹੀਂ ਜਾਂਦੇ, ਕਦੇ ਮੈਨੂੰ ਉਦਾਸੀ ਨਹੀਂ ਆਉਂਦੀ। ਜੇ ਤੁਸੀਂ ਮੇਰਾ ਵਿਆਹ ਕਰ ਦਿਤਾ ਤਾਂ ਮੈਂ ਉਦਾਸ ਹੋ ਜਾਵਾਂਗੀ। ਤੁਸੀਂ ਮੇਰੇ ਮਾਂ ਬਾਪ ਹੋਂ, ਤੁਹਾਡਾ ਕਹਿਣਾ ਤਾਂ ਮੈਂ ਨਹੀਂ ਮੋੜਦੀ ਪਰ ਤੁਸੀਂ ਮੇਰੇ ਖਿਆਲਾਂ ਦਾ ਧਿਆਨ ਰੱਖੋ। ਤੁਹਾਨੂੰ ਕੀ ਲੋੜ ਪੈ ਗਈ, ਮੇਰਾ ਵਿਆਹ ਕਰਨ ਦੀ।" ਉਸ ਵੇਲੇ ਮਾਂ ਨੇ ਕਿਹਾ ਕਿ ਬੇਟਾ! ਤੇਰਾ ਪਿਤਾ ਬਹੁਤ ਚੰਗਾ ਹੈ। ਜੇ ਤੂੰ ਚਾਰ ਘੜੀਆਂ ਨਾ ਆਵੇਂ ਤਾਂ ਉਹ ਇਧਰ ਉਧਰ ਫਿਰਨ ਲਗ ਜਾਂਦੇ ਹਨ। ਤੂੰ ਦੇਖਿਆ ਹੋਣਾ ਹੈ ਕਿ ਕਈ ਵਾਰੀ ਆਪ ਤੇਰੇ ਮੱਠ ਤਕ ਪਹੁੰਚਦੇ ਹਨ ਅਤੇ ਤੈਨੂੰ ਮਿਲਦੇ ਹਨ ਅਤੇ ਕਈ ਵਾਰੀ ਕਹਿੰਦੇ ਹਨ ਕਿ ਜਦੋਂ ਮੈਂ ਬੇਟੀ ਨੂੰ ਮਿਲਦਾ ਹਾਂ ਪਤਾ ਨਹੀਂ ਮੈਨੂੰ ਕੀ ਹੋ ਜਾਂਦਾ ਹੈ, ਇਕ ਲਹਿਰ ਮੇਰੇ ਅੰਦਰ ਆ ਕੇ ਟਕਰਾਉਂਦੀ ਹੈ ਅਤੇ ਮੇਰੀਆਂ ਸਾਰੇ ਦਿਨ ਦੀਆਂ ਉਦਾਸੀਆਂ, ਝੁੰਜਲਾਹਟਾਂ ਖਤਮ ਹੋ ਜਾਂਦੀਆਂ ਹਨ ਅਤੇ ਮੈਂ ਵੀ ਬੇਟੀ ਵਾਂਗੂੰ ਵਾਹਿਗੁਰੂ ਵਾਹਿਗੁਰੂ ਕਰਨ ਲੱਗ ਜਾਂਦਾ ਹਾਂ।

ਪਰ ਬੇਟੀ! ਤੂੰ ਜਾਣਦੀ ਹੈਂ ਕਿ ਇਹ ਮਰਦ ਹਨ ਇਹ ਸਖਤਾਈ ਵਿਚ ਆ ਜਾਇਆ ਕਰਦੇ ਹਨ। ਅਹਿਲਕਾਰ ਵਗੈਰਾ ਸਾਰੇ ਤੇਰੇ ਪਿਤਾ ਨੂੰ ਇਕ ਗੱਲ ਕਹਿ ਰਹੇ ਹਨ ਕਿ ਜੇ ਪਹਿਲੀ ਰਾਣੀ ਵਿਚੋਂ ਨਰ ਔਲਾਦ ਨਹੀਂ ਹੋਈ ਤਾਂ ਦੂਸਰਾ ਵਿਆਹ ਕਰਾ ਲਵੋ। ਰਾਜੇ ਕੰਨਾਂ ਦੇ ਕੱਚੇ ਹੋਇਆ ਕਰਦੇ ਹਨ। ਜੇ ਮੇਰੇ ਉਪਰ ਕੋਈ ਹੋਰ ਰਾਣੀ ਆ ਗਈ ਤਾਂ ਉਸ ਨੇ ਆਪਣੇ ਹਾਵ ਭਾਵ ਦਿਖਾ ਕੇ ਤੇਰੇ ਪਿਤਾ ਨੂੰ ਵਸ ਕਰ ਲੈਣਾ ਹੈ। ਮੇਰੀ ਜ਼ਿੰਦਗੀ ਤਾਂ ਸੌਂਕਣ ਸਾੜਿਆਂ ਵਿਚ ਲੰਘ ਜਾਣੀ ਹੈ ਕਿਉਂਕਿ ਆਪਣੇ ਘਰ ਹੁਣ ਪੁੱਤਰ ਦੀ ਲੋੜ ਹੈ ਜਿਸ ਨੂੰ ਰਾਜ ਭਾਗ ਸੌਂਪਿਆ ਜਾਵੇ। ਪਤਾ ਨਹੀਂ ਜੇ ਤੇਰੇ ਉਪਰ ਵੀ ਰਾਜ ਭਾਗ ਦੀ ਜ਼ਿੰਮੇਵਾਰੀ ਆਈ, ਤੂੰ ਤਾਂ ਸਾਧੂਆਂ ਵਾਲੇ ਵਹਿਣ ਵਿਚ ਪਈ ਹੋਈ ਹੈਂ।

ਉਸ ਵੇਲੇ ਰਾਜਕੁਮਾਰੀ ਨੇ ਕਿਹਾ ਕਿ ਮਾਤਾ! ਮੈਂ ਤੈਨੂੰ ਦਸਿਆ ਨਹੀਂ ਕਿ ਜਦੋਂ ਮੈਂ ਮੱਠ ਵਿਚ ਬੈਠੀ ਸੀ ਇਕ ਬਹੁਤ ਹੀ ਸੁੰਦਰ ਸਰੂਪ ਵਾਲਾ ਬੱਚਾ ਮੈਨੂੰ ਸੌਂਪਿਆ ਗਿਆ। ਉਹ ਮੈਨੂੰ ਉਸ ਪ੍ਰਦੇਸੀ ਵਰਗਾ ਹੀ ਸਰੂਪ ਨਜ਼ਰ ਆਇਆ। ਉਹ ਇਸ ਤਰ੍ਹਾਂ ਭੇਤ ਭਰੀ ਨਿਗ੍ਹਾ ਨਾਲ ਮੇਰੇ ਵਲ ਝਾਕ ਰਿਹਾ ਸੀ, ਜਿਵੇਂ ਕਿ ਭਾਈ ਤਿਲੋਕਾ ਹੀ ਹੋਵੇ। ਮੈਂ ਸੋਚ ਰਹੀ ਸੀ ਕਿ ਭਾਈ ਤਿਲੋਕਾ ਕਿਥੋਂ ਆ ਗਿਆ? ਉਹ ਵੀਰ ਮੈਨੂੰ ਫੜਾ ਦਿਤਾ। ਮਾਤਾ ਉਸ

ਵੇਲੇ ਤੋਂ ਮੇਰਾ ਜੀਅ ਖੁਸ਼ੀ ਨਾਲ ਭਰ ਗਿਆ ਅਤੇ ਮੈਨੂੰ ਭਰੋਸਾ ਹੈ ਕਿ ਇਸੇ ਸਾਲ ਅੰਦਰ ਆਪਣੇ ਘਰ ਵੀਰ ਆਉਣ ਵਾਲਾ ਹੈ ਉਹ ਰਾਜ ਭਾਗ ਸਾਂਭੇਗਾ, ਮੈਂ ਉਸ ਪਾਸ ਜ਼ਿੰਦਗੀ ਕੱਟਾਂਗੀ। ਮਾਂ ਇਹ ਗੱਲ ਸੁਣ ਕੇ ਬਹੁਤ ਖੁਸ਼ ਹੋ ਗਈ। ਉਸ ਨੇ ਕਿਹਾ ਕਿ ਇਸ ਦੀਆਂ ਗੱਲਾਂ ਠੀਕ ਹੋ ਜਾਂਦੀਆਂ ਹਨ। ਉਹ ਇਹ ਖੁਸ਼ੀ ਦੀ ਗੱਲ ਸੁਣਾਉਣ ਆਪਣੇ ਪਤੀ ਪਾਸ ਗਈ। ਉਸ ਨੇ ਦਸਿਆ ਕਿ ਬੀਬਾ ਨੇ ਜੋ ਸਉਰ ਲਾਇਆ ਹੈ ਉਸ ਨੇ ਕਿਹਾ ਕਿ ਇਕ ਵੀਰ ਆਪਣੇ ਘਰ ਆਵੇਗਾ ਜੋ ਬਹੁਤ ਹੀ ਸੁੰਦਰ ਤੇ ਪਿਆਰਾ ਹੋਵੇਗਾ। ਉਸ ਦਾ ਪਿਤਾ ਵੀ ਬਹੁਤ ਪ੍ਰਸੰਨ ਹੋਇਆ। ਰਾਣੀ ਨੇ ਕਿਹਾ ਕਿ ਮੈਨੂੰ ਉਸ ਨੇ ਬਹੁਤ ਦ੍ਰਿੜ੍ਹਤਾ ਨਾਲ ਕਿਹਾ ਕਿ ਮਾਤਾ! ਤੂੰ ਵਿਸ਼ਵਾਸ਼ ਰਖ, ਉਹ ਛੇਤੀਂ ਹੀ ਆ ਰਿਹਾ ਹੈ। ਦੋਨੋਂ ਬਹੁਤ ਪ੍ਰਸੰਨ ਹੋ ਗਏ।

ਸਾਧਸੰਗਤ ਜੀ! ਇਹ ਮੰਡਲ ਹੈ ਜਿਸ ਨੂੰ ਸਹੰਸਰਾਰ ਦਲ ਦਾ ਮੰਡਲ ਕਿਹਾ ਜਾਂਦਾ ਹੈ। ਜਦੋਂ ਸੁਰਤ ਉਚਾ ਉਠ ਕੇ ਦਸਵੇਂ ਦੁਆਰ ਵਲ ਨੂੰ ਜਾਂਦੀ ਹੈ, ਇਥੇ ਰਿਧੀਆਂ ਸਿੱਧੀਆਂ ਦੀਆਂ ਸ਼ਕਤੀਆਂ ਆ ਜਾਂਦੀਆਂ ਹਨ। ਪਰ ਇਥੇ ਸ਼ਕਤੀਆਂ ਕਈ ਵਾਰੀ ਖਤਰਨਾਕ ਵੀ ਬਣ ਜਾਂਦੀਆਂ ਹਨ। ਜੇ ਸਾਧਕ ਇਨ੍ਹਾਂ ਦੇ ਪ੍ਰਯੋਗ ਵਿਚ ਲਗ ਜਾਵੇ ਤਾਂ ਸਾਧਕ ਦੀ ਰੂਹਾਨੀ ਤਰੱਕੀ ਰੁਕ ਜਾਂਦੀ ਹੈ। ਪਿਛੇ ਮੈਂ ਬਹੁਤ ਹੀ ਵਿਸਥਾਰ ਨਾਲ ਦਸਿਆ ਹੈ ਕਿ ਰਾਮਰਾਇ ਜੀ ਨੇ ਔਰੰਗਜ਼ੇਬ ਨੂੰ 72 ਸ਼ਕਤੀਆਂ ਦਿਖਾਈਆਂ। ਨਾਮ ਮਾਰਗ ਵਿਚ ਇਨ੍ਹਾਂ ਸ਼ਕਤੀਆਂ ਨੂੰ ਪਾਉਣ ਲਈ ਕੋਈ ਵਿਸ਼ੇਸ਼ ਸਾਧਨ ਨਹੀਂ ਕਰਨਾ ਪੈਂਦਾ, ਇਹ ਆਪਣੇ ਆਪ ਹੀ ਪਿਛੇ ਲਗ ਤੁਰਦੀਆਂ ਹਨ।

***ਬ੍ਰਹਮੁ ਬਿੰਦੈ ਤਿਸ ਦਾ ਬ੍ਰਹਮਤੁ ਰਹੈ ਏਕ ਸਬਦਿ ਲਿਵ ਲਾਇ॥***
***ਨਵਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ***
***ਜੋ ਹਰਿ ਹਿਰਦੈ ਸਦਾ ਵਸਾਇ॥*** *ਪੰਨਾ – 649*

ਰਿਧੀਆਂ ਸਿੱਧੀਆਂ ਆਪਣੇ ਆਪ ਹੀ ਬੰਦਗੀ ਕਰਨ ਵਾਲਿਆਂ ਦੇ ਪਿਛੇ ਲੱਗੀਆਂ ਫਿਰਦੀਆਂ ਹਨ। ਰਾਜਕੁਮਾਰੀ ਦੀ ਸੁਰਤ ਰਿਧੀਆਂ ਸਿਧੀਆਂ ਵਿਚੋਂ ਲੰਘ ਗਈ ਉਸ ਨੇ ਭਵਿੱਖ ਨੂੰ ਸਹਿਜ ਨਾਲ ਹੀ ਵਾਚ ਲਿਆ। ਉਸ ਨੂੰ ਉਹ ਅਵਸਥਾ ਪ੍ਰਾਪਤ ਹੋ ਗਈ ਜਿਥੇ ਪਹੁੰਚ ਕੇ ਸਾਧਕ ਜੇ ਸੌ ਸਾਲ ਪਹਿਲਾਂ ਦੀ ਗੱਲਾਂ ਦੇਖਣੀਆਂ ਚਾਹੇ ਤਾਂ ਉਹ ਫਿਲਮ ਦੀ ਤਰ੍ਹਾਂ ਉਸ ਦੇ ਸਾਮ੍ਹਣੇ ਆ ਜਾਂਦੀਆਂ ਹਨ। ਜੇ ਅੱਗੇ ਹੋਣ ਵਾਲੀਆਂ ਗੱਲਾਂ ਦੇਖਣੀਆਂ ਚਾਹੇ ਤਾਂ ਉਹ ਵੀ ਪਹਿਲਾਂ ਹੀ ਦੇਖ ਲੈਂਦਾ ਹੈ। ਉਸ ਵਲ ਧਿਆਨ ਦੇਣ ਲਗ ਜਾਵੇ ਤਾਂ ਬੰਦਗੀ ਦਾ ਰਸ ਘਟ ਜਾਂਦਾ ਹੈ, ਜੋਤ ਬੁਝ ਜਾਂਦੀ ਹੈ, ਨਾਮ ਦਾ ਝਲਕਾਰਾ ਧੀਮਾ ਪੈ ਜਾਂਦਾ ਹੈ, ਉਸ ਨੂੰ ਪਛਤਾਉਣਾ ਪੈਂਦਾ ਹੈ, ਫੇਰ ਰੋਂਦਾ ਹੈ ਕਿਉਂਕਿ ਇਹ ਨਾਮ ਦੀਆਂ ਵੈਰਨਾਂ ਹਨ –

***ਰਿਧਿ ਸਿਧਿ ਸਭੁ ਮੋਹੁ ਹੈ ਨਾਮੁ ਨ ਵਸੈ ਮਨਿ ਆਇ॥***
*ਪੰਨਾ – 593*

ਮਹਾਰਾਜ ਜੀ ਨੇ ਤਾਂ ਨਾਮ ਵਿਸਾਰਨ ਵਾਲੀਆਂ ਸਾਰੀਆਂ ਚੀਜ਼ਾਂ ਨੂੰ ਧਿਰਕਾਰ ਕਿਹਾ ਹੈ। ਦੁਨੀਆਂ ਦੀਆਂ ਸਾਰੀਆਂ ਪ੍ਰਾਪਤੀਆਂ ਨਾਮ ਦੇ ਸਾਮ੍ਹਣੇ ਕੁਝ ਵੀ ਨਹੀਂ। ਜੇ ਨਾਮ ਭੁੱਲ ਜਾਵੇ ਤਾਂ ਇਨ੍ਹਾਂ ਦਾ ਮੁੱਲ ਕੌਡੀ ਵੀ ਨਹੀਂ ਹੋਇਆ ਕਰਦਾ। ਅਧਿਆਤਮਵਾਦ ਵਿਚ ਜੇ ਕਿਸੇ ਚੀਜ਼ ਦਾ ਮੁੱਲ ਹੈ ਤਾਂ ਨਾਮ ਦਾ ਹੈ –

***ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ॥***
***ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ ਆਵੈ ਚਾਉ॥***
***ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ॥***
***ਹਰਿ ਬਿਨੁ ਜੀਉ ਜਲਿ ਬਲਿ ਜਾਉ॥***
***ਮੈ ਆਪਣਾ ਗੁਰੁ ਪੂਛਿ ਦੇਖਿਆ ਅਵਰੁ ਨਾਹੀ ਥਾਉ॥***
*ਪੰਨਾ – 14*

ਹੁਣ ਰਾਜਕੁਮਾਰੀ ਦੀ ਅਵਸਥਾ ਰੂਹਾਨੀ ਤੌਰ ਤੇ ਕਾਫੀ ਉਚੀ ਹੋ ਗਈ। ਉਸ ਦੇ ਅੰਦਰ ਨਾਮ ਧੁਨ ਸਦਾ ਹੀ ਚਲਦੀ ਰਹਿੰਦੀ ਹੈ। ਅੱਜ ਉਸ ਨੂੰ ਅਭਿਆਸ ਕਰਦਿਆਂ ਸਾਢੇ ਚਾਰ ਸਾਲ ਹੋ ਚੁੱਕੇ ਹਨ। ਉਸ ਦੇ ਅੰਦਰ ਬਹੁਤ ਸਾਰੀਆਂ ਸ਼ਕਤੀਆਂ ਆ ਰਹੀਆਂ ਹਨ ਪਰ ਉਹ ਕਿਸੇ ਵਲ ਵੀ ਧਿਆਨ ਨਹੀਂ ਦੇ ਰਹੀ। ਇਕੋ ਲਗਨ ਹੈ ਉਸ ਨੂੰ ਕਿ ਕਿਸ ਤਰ੍ਹਾਂ ਦੇ ਨਾਲ ਮੈਂ ਉਸ ਦੇਸ਼ ਵਿਚ ਪਹੁੰਚਾਂ ਜਿਸ ਦੇਸ਼ ਬਾਰੇ ਭਾਈ ਤਿਲੋਕਾ ਜੀ ਚੰਗਾ ਮਨੁੱਖ ਉਸ ਨੂੰ ਦੱਸ ਕੇ ਗਿਆ ਸੀ। ਸੰਸਾਰ ਦੀ ਕੋਈ ਵਸਤੂ ਉਸ ਨੂੰ ਲੁਭਾਇਮਾਨ ਨਹੀਂ ਕਰ ਰਹੀ। ਅਨਹਦ ਸ਼ਬਦ ਦੀਆਂ ਧੁਨਾਂ ਅਨੇਕ ਵਾਜਿਆਂ ਸਹਿਤ ਉਠ ਰਹੀਆਂ ਹਨ। ਇਹੋ ਵਾਹਿਗੁਰੂ ਮੰਤਰ ਉਨ੍ਹਾਂ ਧੁਨਾਂ ਨਾਲ ਰਲ ਕੇ ਐਨਾ ਸੰਗੀਤਮਈ ਹੋ ਰਿਹਾ ਹੈ ਕਿ ਉਸ ਦਾ ਰਸ ਅਤੇ ਉਸ ਦਾ ਅਨੰਦ ਸਹਿਣਾ ਸਰੀਰਕ ਸ਼ਕਤੀ ਤੋਂ ਬਾਹਰ ਹੈ। ਕਈ ਵਾਰੀ ਅਚਾਨਕ ਉਸ ਦੇ ਅੰਦਰ ਐਸਾ ਪ੍ਰਕਾਸ਼ ਆ ਜਾਂਦਾ ਹੈ ਜਿਸ ਵਿਚ ਨਾ ਹੀ ਕੋਈ ਕੰਧ ਹੈ, ਨਾ ਕੋਈ ਫਸਲ ਹੈ, ਨਾ ਹੀ ਕੋਈ ਜੰਗਲ ਪਰਦਾ ਕਰ ਸਕਦਾ ਹੈ। ਉਹ ਸਹਿਜ ਨਾਲ ਹੀ ਦੂਰ ਤਕ ਦੇਖ ਲੈਂਦੀ ਹੈ ਪਰ ਉਸ ਨੂੰ ਪਤਾ ਨਹੀਂ ਲਗਦਾ ਕਿ ਇਹ ਕੀ ਹੈ? ਅਨਹਦ ਧੁਨੀ ਵਿਚ ਉਹ ਮਸਤ ਹੈ ਬਿਨਾਂ ਵਜਾਇਆਂ ਵਾਜੇ ਉਸ ਦੇ ਅੰਦਰ ਵਜਦੇ ਹਨ। ਉਸ ਵਿਚ ਉਹ ਲੀਨ ਹੋ ਜਾਂਦੀ ਹੈ, ਲੀਨਤਾ ਉਸ ਨੂੰ ਖੁਮਾਰੀ ਚੜ੍ਹਾ ਦਿੰਦੀ ਹੈ। ਉਸ ਦੇ ਜੀਵਨ ਵਿਚ ਹੁਣ ਕੋਈ ਕਾਹਲ ਨਹੀਂ ਰਹੀ। ਇਕੋ ਲਹਿਰ ਹੈ ਕਿ ਮੈਂ ਕਦੋਂ ਉਸ ਦੇਸ਼ ਨੂੰ ਦੇਖਾਂ ਅਤੇ ਕਿਵੇਂ ਮੈਂ ਅਨੁਭਵ ਕਰਾਂ ਕਿ ਮੈਂ ਆਤਮਾ ਹਾਂ। ਰਿਧੀਆਂ ਸਿੱਧੀਆਂ ਦੇ ਮੰਡਲਾਂ ਵਿਚੋਂ ਲੰਘਣਾ ਜਗਿਆਸੂ ਲਈ ਬਹੁਤ ਹੀ ਮੁਸ਼ਕਲ ਹੋਇਆ ਕਰਦਾ ਹੈ ਪਰ ਜੇ ਅੰਦਰ ਪ੍ਰੇਮ ਹੋਵੇ, ਬੈਰਾਗ ਹੋਵੇ ਅਤੇ ਸੱਚੀ ਲਗਨ ਹੋਵੇ ਅਤੇ ਆਪਣੇ ਲਕਸ਼ ਦਾ ਪੂਰਾ ਗਿਆਨ ਹੋਵੇ ਤਾਂ ਉਹ ਸਾਧਕ ਇਨ੍ਹਾਂ ਵਲ ਅੱਖ ਭਰ ਕੇ ਵੀ ਨਹੀਂ ਤਕਦਾ। ਇਸ ਮੰਡਲ ਨੂੰ ਸਹੰਸਰਾਰ ਮੰਡਲ ਆਖਿਆ ਜਾਂਦਾ ਹੈ ਜੋ ਲੰਘਣਾ ਬਹੁਤ ਮੁਸ਼ਕਲ ਹੈ।

ਮਹਾਂਪੁਰਸ਼ਾਂ ਨੇ ਇਕ ਵਾਰੀ ਸਹਿਜ ਨਾਲ ਬਚਨ ਕਰਦਿਆਂ ਦਸਿਆ ਕਿ ਜਦੋਂ ਰਿਧੀ ਸਿੱਧੀ ਪ੍ਰਗਟ ਹੁੰਦੀ ਹੈ ਉਸ ਸਮੇਂ ਪਹਿਲਾਂ ਅਵਾਜ਼ ਦੇ ਕੇ ਆਪਣੇ ਬਾਰੇ ਜਾਣਕਾਰੀ ਦਿੰਦੀ ਹੈ, ਲੁਭਾਉਣ ਦਾ ਪੂਰਾ ਜਤਨ ਲਾਉਂਦੀ ਹੈ ਫੇਰ ਇਹ ਸੁੰਦਰ ਇਸਤ੍ਰੀਆਂ ਦੇ ਰੂਪ ਵਿਚ ਰੂਪਮਾਨ ਹੋ ਕੇ ਬੇਨਤੀਆਂ ਕਰਦੀ ਹੈ ਕਿ ਮੇਰਾ ਪ੍ਰਯੋਗ ਕਰੋ। ਪਰ ਜੇ ਅਤਿ ਦੀ ਦ੍ਰਿੜ੍ਹ ਲਗਨ ਆਪਣੇ ਧੇਅ ਤਕ ਪਹੁੰਚਣ ਦੀ ਸਾਧਕ ਦੇ ਚਿਤ ਵਿਚ ਹੋਵੇ

ਤਾਂ ਫਿਰ ਇਹ ਦਾਸੀ ਬਣ ਕੇ ਬਿਨਾਂ ਕੋਈ ਵਿਘਨ ਪਾਏ, ਸੇਵਾ ਕਰਦੀ ਹੈ।

ਰਾਜਕੁਮਾਰੀ ਕੋਈ ਯੋਗ ਸਾਧਨ ਨਹੀਂ ਕਰ ਰਹੀ, ਉਹ ਕੇਵਲ ਸ਼ਬਦ ਨਾਲ ਸੁਰਤ ਜੋੜ ਕੇ ਸ਼ਬਦ ਸ਼ਕਤੀ ਨਾਲ ਅੱਗੇ ਵਧ ਰਹੀ ਹੈ। ਥੋੜ੍ਹੇ ਦਿਨ ਪਹਿਲਾਂ ਉਸ ਨੇ ਆਉਣ ਵਾਲੇ ਜੀਵ ਦੀ ਸ਼ਕਲ, ਸੂਰਤ, ਰੰਗ ਨੂੰ ਪ੍ਰਤੱਖ ਰੂਪ ਵਿਚ ਤਕ ਲਿਆ। ਉਸ ਦੇ ਅੰਦਰ ਦ੍ਰਿੜ੍ਹ ਨਿਸ਼ਚਾ ਹੋ ਗਿਆ ਕਿ ਮੈਂ ਪੰਜਾਂ ਤੱਤਾਂ ਵਿਚੋਂ ਕੋਈ ਵੀ ਤੱਤ ਨਹੀਂ ਹਾਂ, ਨਾ ਮੈਂ ਪੰਜਾਂ ਪ੍ਰਾਣਾਂ ਵਿਚੋਂ ਕੋਈ ਪ੍ਰਾਣ ਹਾਂ, ਨਾ ਮਨ ਹਾਂ, ਨਾ ਬੁੱਧੀ ਹਾਂ, ਨਾ ਚਿੱਤ ਹਾਂ ਪਰ ਇਕ ਭੁਲੇਖਾ ਜੋ ਅਜੇ ਤਕ ਦੂਰ ਨਹੀਂ ਹੋਇਆ ਉਹ ਆਪਣੀ ਹੋਂਦ ਬਾਰੇ ਹੈ, ਕਿਉਂਕਿ ਇਹ ਭੁਲੇਖਾ ਦੇਹ ਨੇ ਪਾਇਆ ਹੋਇਆ ਹੈ। ਜਦੋਂ ਵੀ ਆਪਣਾ ਧਿਆਨ ਆਉਂਦਾ ਹੈ ਉਹ ਆਪਣੇ ਆਪ ਨੂੰ ਇਕ ਹੋਂਦ ਅਨੁਭਵ ਕਰਦੀ ਹੋਈ ਦੇਹ ਵਲ ਝੁਕਦੀ ਹੈ। ਭਾਈ ਤਿਲੋਕਾ ਜੀ ਨੇ ਉਸ ਨੂੰ ਕਿਹਾ ਸੀ ਕਿ ਤੂੰ ਲੰਮੀ ਨਦਰ ਨਾਲ ਦੇਖ, ਤੂੰ ਦੇਹ ਨਹੀਂ ਹੈਂ, ਤੂੰ ਨਿਮਾਣੀ ਨਿਤਾਣੀ ਹੋਂਦ ਨਹੀਂ ਹੈਂ, ਤੂੰ ਸਭ ਕੁਝ ਕਰ ਸਕਣ ਦੀ ਸਮਰੱਥਾ ਵਾਲੀ ਆਤਮਾ ਹੈਂ, ਤੂੰ ਇਕ ਹੈਂ, ਪਰ ਅਨੇਕ ਹੋ ਜਾਣਾ ਵੀ ਤੇਰਾ ਆਪਣਾ ਹੀ ਕੌਤਕ ਹੈ, ਤੂੰ ਅਨੇਕ ਹੋ ਕੇ ਵੰਡੀ ਨਹੀਂ ਜਾਂਦੀ ਕਿਉਂਕਿ ਮੂਲ ਇਕ ਹੈ। ਜਦੋਂ ਉਸ ਦੀ ਸੁਰਤੀ ਟਿਕ ਜਾਂਦੀ ਹੈ, ਨਾਮ ਰਸ ਵਿਚ ਬਹੁਤ ਗਹਿਰੀ ਚਲੀ ਜਾਂਦੀ ਹੈ ਉਸ ਵੇਲੇ ਉਸ ਦੇ ਅੰਦਰ ਭਾਈ ਤਿਲੋਕਾ ਜੀ ਦੇ ਬਚਨ ਸਾਖਸ਼ਾਤਕਾਰ ਹੋਣੇ ਸ਼ੁਰੂ ਹੋ ਜਾਂਦੇ ਹਨ ਅਤੇ ਇਕ-ਇਕ ਬਚਨ ਪੂਰੇ ਜੋਬਨ ਵਿਚ ਉਸ ਦੇ ਸਾਮ੍ਹਣੇ ਹੁੰਦਾ ਹੈ। ਹੁਣ ਅਭਿਆਸ ਕਰਨ ਸਮੇਂ ਉਸ ਦੀ ਸੁਰਤੀ ਇਕ ਦਮ ਕਿਸੇ ਅਕਹਿ ਰਸ ਵਿਚ ਲੀਨ ਹੋ ਜਾਂਦੀ ਹੈ। ਅਨਹਦ ਸ਼ਬਦਾਂ ਦੀ ਝਨਕਾਰ ਉਸ ਨੂੰ ਹੋਰ ਵੀ ਅਨੰਦਿਤ ਕਰਦੀ ਹੈ। ਉਸ ਦੇ ਅੰਦਰ ਹਨ੍ਹੇਰਾ ਨਹੀਂ ਹੈ, ਸੂਰਜ ਤੋਂ ਵੀ ਵੱਧ ਪ੍ਰਕਾਸ਼ ਸਦੀਵੀ ਹੀ ਰਹਿੰਦਾ ਹੈ ਪਰ ਅਜੇ ਤਕ ਉਸ ਨੂੰ ਇਹ ਪਤਾ ਨਹੀਂ ਲੱਗਿਆ ਕਿ ਮੈਂ ਕੌਣ ਹਾਂ। ਅਨੇਕਾਂ ਅਨੁਮਾਨ, ਅਨੇਕਾਂ ਅੰਦਾਜ਼ੇ, ਅਨੇਕਾਂ ਸੋਚਾਂ ਉਸ ਦੇ ਮਨ ਵਿਚ ਆ ਕੇ ਵਾਰੀ-ਵਾਰੀ ਲੰਘ ਜਾਂਦੀਆਂ ਹਨ। ਉਹ ਕਈ ਵਾਰੀ ਸੋਚਦੀ ਹੈ ਕਿ ਮੈਂ ਆਤਮਾ ਹਾਂ, ਸਰੀਰ ਨਹੀਂ ਹਾਂ ਪਰ 'ਸਰੀਰ ਹਾਂ' ਦਾ ਅਧਿਆਸ ਅਜੇ ਤੀਕਰ ਟੁੱਟ ਨਹੀਂ ਸਕਿਆ। ਇਸਤ੍ਰੀ-ਮਰਦ ਦਾ ਭਾਵ ਅਜੇ ਤੀਕਰ ਉਸ ਦੇ ਅੰਦਰ ਬਣਿਆ ਰਹਿੰਦਾ ਹੈ। ਇਹੋ ਆਤਮ ਵਸਤੂ ਹੈ ਜਿਸ ਦੇ ਪ੍ਰਾਪਤ ਹੋਏ ਬਿਨਾਂ ਰੂਹਾਨੀ ਅੰਧਕਾਰ ਬਣਿਆ ਰਹਿੰਦਾ ਹੈ। ਇਸ ਪ੍ਰਾਪਤੀ ਦੀ ਕੁੰਜੀ ਸਮਰੱਥ ਸਤਿਗੁਰੂ ਦੇ ਹੱਥ ਹੈ, ਉਹ ਵਿਖਾ ਦਿੰਦਾ ਹੈ, ਪਰਤੱਖ ਰੂਪ ਵਿਚ ਅਨੁਭਵ ਹੁੰਦਾ ਹੈ ਕਿ ਮੈਂ ਆਤਮਾ ਹਾਂ। ਗੁਰੂ ਬਿਨਾਂ ਇਹ ਅਵਸਥਾ ਆਪਣੇ ਆਪ ਪਰਤੱਖ ਨਹੀਂ ਹੋਇਆ ਕਰਦੀ।

ਰਾਜਕੁਮਾਰੀ ਜਦੋਂ ਜੰਗਲ 'ਚੋਂ ਉਠ ਕੇ ਘਰ ਜਾਂਦੀ ਹੈ ਤਾਂ ਉਸ ਨੂੰ ਕੋਈ ਵੀ ਫਰਕ ਨਹੀਂ ਪੈਂਦਾ। ਹੁਣ ਉਸਦੀ ਬਿਰਤੀ ਪ੍ਰਪੱਕ ਹੋ ਚੁਕੀ ਹੈ। ਅੱਗੇ ਵਾਂਗੂੰ ਉਹ ਅੰਮ੍ਰਿਤ ਵੇਲੇ ਹੀ ਜੰਗਲ ਵਲ ਨੂੰ ਨਹੀਂ ਆਉਂਦੀ, ਕਈ ਵਾਰੀ ਮਾਂ ਦੇ ਪਾਸ ਬੈਠ ਜਾਂਦੀ ਹੈ, ਮਾਤਾ ਨੂੰ ਪਿਆਰ ਕਰਦੀ ਹੈ ਅਤੇ ਬਚਨ ਕਰਦੀ ਹੈ ਕਿ ਮਾਂ! ਆਪਾਂ ਇਹ ਸਰੀਰ ਨਹੀਂ ਹਾਂ, ਇਹ ਸਰੀਰ ਤਾਂ ਆਪਾਂ ਨੂੰ ਜੋ ਸੰਸਾਰ ਦੇ ਵਿਚ ਪ੍ਰਮੁੱਖ ਕਾਰਜ ਹੈ ਉਸ ਦੀ ਪ੍ਰਾਪਤੀ ਲਈ ਮਿਲਿਆ ਹੈ। ਆਪਾਂ ਇਸ ਵਿਚ ਰਹਿਣ ਵਾਲੇ ਹਾਂ, ਇਹ ਸਦਾ ਅਸਾਡੇ ਨਾਲ ਨਹੀਂ ਰਹਿਣਾ। ਇਸ ਦੇ ਆਪਾਂ ਤਿੰਨ ਰੂਪ ਦੇਖੇ ਹਨ, ਪਹਿਲਾਂ ਇਹ ਸਰੀਰ ਬਚਪਨ ਵਿਚ ਸੀ, ਫੇਰ ਪੂਰਨ ਜੁਆਨੀ ਵਿਚ ਹੋ ਗਿਆ ਅਤੇ ਇਸ ਤੋਂ ਪਿਛੋਂ ਬੁਢੇਪੇ ਵਿਚ ਹੋ ਕੇ ਇਹ ਕਮਜ਼ੋਰ ਹੋ ਜਾਂਦਾ ਹੈ ਅਤੇ ਆਪਾਂ ਜਿਹੜੇ ਇਸ ਵਿਚ ਰਹਿੰਦੇ ਹਾਂ, ਉਹ ਛੱਡ ਜਾਂਦੇ ਹਾਂ। ਮਾਤਾ! ਉਹ ਚੰਗਾ ਮਨੁੱਖ (ਭਾਈ ਤਿਲੋਕਾ) ਸਦਾ ਹੀ ਇਹ ਕਹਿੰਦਾ ਰਹਿੰਦਾ ਸੀ ਕਿ ਤੂੰ ਸਰੀਰ ਨਹੀਂ ਹੈਂ, ਤੂੰ ਆਤਮਾ ਹੈਂ ਤੈਨੂੰ ਕੋਈ ਵੀ ਲੋੜ ਨਹੀਂ ਹੈ, ਤੂੰ ਸਾਰੀਆਂ ਲੋੜਾਂ ਤੋਂ ਉਤੇ ਹੈਂ, ਤੈਨੂੰ ਕੋਈ ਡਰ ਨਹੀਂ ਹੈ, ਤੂੰ ਨਿਰਭਉ ਹੈਂ, ਤੇਰਾ ਕਿਸੇ ਨਾਲ ਵੈਰ ਨਹੀਂ ਹੈ ਕਿਉਂਕਿ ਬਾਕੀ ਸਰੀਰਾਂ ਵਿਚ ਵੀ ਤੂੰ ਹੀ ਕੰਮ ਕਰ ਰਹੀ ਹੈਂ। ਮਾਤਾ! ਉਹ ਐਨਾ ਚੰਗਾ ਮਨੁੱਖ ਸੀ ਕਿ ਉਹ ਝੂਠ ਨਹੀਂ ਸੀ ਬੋਲਦਾ, ਝੂਠ ਵਲ ਨੂੰ ਭੁੱਲ ਕੇ ਵੀ ਨਹੀਂ ਸੀ ਜਾਂਦਾ। ਉਸਦਾ ਵਜੂਦ ਪਿਆਰ ਦਾ ਬਣਿਆ ਹੋਇਆ ਸੀ, ਉਸ ਦੇ ਮਨ ਵਿਚ ਨਫਰਤ ਨਹੀਂ ਸੀ। ਕਿੱਡਾ ਉਚਾ ਸੀ ਮਾਤਾ! ਮੈਂ ਉਸ ਦੇ ਤੀਰ ਮਾਰਿਆ, ਮੈਂ ਕਿੱਡਾ ਬੁਰਾ ਕੰਮ ਕਰਿਆ ਹੈ। ਮੈਂ ਉਸ ਨੂੰ ਕਿਹਾ ਸੀ ਕਿ ਓਹੀ ਤੀਰ ਹੁਣ ਤੂੰ ਮੇਰੇ ਮਾਰ ਤਾਂ ਮੇਰੇ ਮਨ ਵਿਚ ਸ਼ਾਂਤੀ ਆਵੇਗੀ। ਉਹ ਸਦਾ ਹੀ ਕਹਿੰਦਾ ਸੀ ਕਿ ਨਾ ਹੀ ਕੋਈ ਸੰਸਾਰ ਵਿਚ ਕਿਸੇ ਨੂੰ ਦੁਖ ਦਿੰਦਾ ਹੈ, ਨਾ ਸੁੱਖ ਦਿੰਦਾ ਹੈ, ਇਥੇ ਤਾਂ ਇਕ ਖੇਲ੍ਹ ਹੋ ਰਹੀ ਹੈ। ਪਹਿਲਾਂ ਆਤਮਾ ਸ਼ਕਤੀ ਮਾਇਆ ਦੇ ਮੰਡਲ ਵਿਚ ਆ ਕੇ ਜੀਵ ਆਤਮਾ ਬਣ ਗਈ, ਫੇਰ ਹੇਠਾਂ ਨੂੰ ਤਿਲ੍ਹਕਦੀ ਹੋਈ ਆਹ ਸਰੀਰ ਅਨੁਭਵ ਕਰਨ ਲੱਗੀ। ਇਹ ਸਰੀਰ ਕਰਮਾਂ ਦਾ ਬੰਨ੍ਹਿਆ ਹੋਇਆ ਚਲਦਾ ਹੈ। ਕਰਮਾਂ ਨੂੰ ਹੁਕਮ ਦੀ ਸੱਤ੍ਹਾ ਪ੍ਰਾਪਤ ਹੁੰਦੀ ਹੈ ਤਾਂ ਕਰਮ ਆਪਣਾ ਕੰਮ ਕਰਦੇ ਹਨ। ਜੇ ਕਿਸੇ ਨੂੰ ਦੁਖ ਦੇਣਾ ਹੋਵੇ ਤਾਂ ਦੁਖ ਦਿੰਦੇ ਹਨ, ਜੇ ਸੁਖ ਦੇਣਾ ਹੋਵੇ ਤਾਂ ਸੁਖ ਮਿਲ ਜਾਂਦਾ ਹੈ। ਪਰ ਇਨ੍ਹਾਂ ਨੂੰ ਸੱਤ੍ਹਾ ਦੇਣ ਵਾਲੀ ਆਤਮਾ ਹੈ। ਆਤਮਾ ਰਾਹੀਂ ਇਹ ਹੁਕਮ ਸਾਰੀ ਕ੍ਰਿਆ ਨੂੰ ਨਿਭਾਉਣ ਦੀ ਸੱਤ੍ਹਾ ਰਖਦਾ ਹੈ। ਆਪਣੇ ਹੀ ਕੀਤੇ ਹੋਏ ਕਰਮ ਜਦੋਂ ਆਪ ਨੂੰ ਹੀ ਫਲ ਦਿੰਦੇ ਹਨ ਉਸ ਵੇਲੇ ਉਹ ਦੂਜਿਆਂ ਨੂੰ ਦੋਸ਼ ਦਿੰਦਾ ਹੈ। ਉਹ ਇਹ ਵੀ ਕਹਿੰਦਾ ਸੀ ਕਿ ਗੁਰੂ ਨਾਨਕ ਪਾਤਸ਼ਾਹ ਜੋ ਸੰਸਾਰ ਨੂੰ ਸੁਖੀ ਕਰਨ ਵਾਸਤੇ, ਸੰਸਾਰ ਨੂੰ ਅੰਧਕਾਰ ਵਿਚੋਂ ਕੱਢਣ ਵਾਸਤੇ ਸਾਰੀ ਦੁਨੀਆਂ ਦਾ ਭ੍ਰਮਣ ਕਰਦੇ ਰਹੇ ਉਹ ਇਸ ਤਰ੍ਹਾਂ ਕਹਿੰਦੇ ਹਨ -

***ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ॥***
***ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ॥***

***ਪੰਨਾ - 433***

ਸੋ ਮਾਤਾ! ਉਹ ਹਮੇਸ਼ਾ ਹੀ ਜਦੋਂ ਵੀ ਮੈਂ ਉਸ ਪਾਸ ਬਿਮਾਰਦਾਰੀ ਕਰਨ ਵਾਸਤੇ ਕੁਰਸੀ ਤੇ ਬੈਠੀ ਹੁੰਦੀ ਸਾਂ, ਇਕੋ ਗੱਲ ਕਹਿੰਦਾ ਸੀ ਕਿ ਰਾਜਕੁਮਾਰੀ! ਤੂੰ ਕੁਝ ਵੀ ਨਹੀਂ ਕੀਤਾ। ਇਹ ਤਾਂ ਮੇਰੇ ਕਰਮਾਂ ਨਾਲ ਹੀ ਸਭ ਕੁਝ ਹੋਇਆ ਹੈ। ਐਉਂ ਵੀ ਆਖਿਆ ਕਰਦਾ ਸੀ ਕਿ ਮੈਂ ਆਤਮਾ ਹਾਂ, ਮੇਰੇ ਤੀਕਰ

ਕੋਈ ਦੁੱਖ, ਕੋਈ ਸੁਖ ਦੁਨੀਆਂ ਵਿਚੋਂ ਨਹੀਂ ਪਹੁੰਚ ਸਕਦਾ, ਮੈਂ ਆਪ ਹੀ ਸੁਖ ਸਰੂਪ ਹਾਂ। ਅਜਿਹੇ ਬਚਨ ਮਾਤਾ, ਮੇਰੇ ਅੰਦਰ ਆਉਣੇ ਸ਼ੁਰੂ ਹੋ ਗਏ ਹਨ। ਮੈਂ ਕੁਝ ਪੜ੍ਹੀ ਹੋਈ ਤਾਂ ਹਾਂ ਨਹੀਂ, ਇਹ ਗੱਲਾਂ ਪੜ੍ਹਾਈਆਂ ਵੀ ਨਹੀਂ ਜਾਂਦੀਆਂ ਪਰ ਮੈਨੂੰ ਹੁਣ ਨਿਸ਼ਚਾ ਹੋ ਗਿਆ ਹੈ ਕਿ ਮੈਂ ਸਰੀਰ ਤੋਂ ਉਚੇਰੀ ਹਾਂ। ਮਾਤਾ ਨੇ ਬਹੁਤ ਹੀ ਧਿਆਨ ਨਾਲ ਸੁਣਨਾ ਅਤੇ ਪਿਆਰ ਨਾਲ ਕਲਾਵੇ ਵਿਚ ਲੈ ਲੈਣਾ ਅਤੇ ਨਾਲ ਹੀ ਕਹਿਣਾ ਕਿ ਮੇਰੀ ਬੱਚੀ ਹੁਣ ਤਾਂ ਬਹੁਤ ਵੱਡੀ, ਯੋਗੀਆਂ ਤੋਂ ਵੀ ਉਚੀ ਹੋ ਗਈ ਹੈ। ਬਿਨਾਂ ਪੜ੍ਹੇ ਹੀ ਇਹਦੇ ਅੰਦਰ ਗਿਆਨ ਦੀਆਂ ਗੱਲਾਂ ਚਲ ਰਹੀਆਂ ਹਨ। ਰਾਜਕੁਮਾਰੀ ਕਹਿਣ ਲੱਗੀ, "ਮਾਤਾ! ਮੈਂ ਇਕ ਹੋਰ ਗੱਲ ਦਸਾਂ, ਇਕ ਦਿਨ ਮੈਂ ਭਜਨ ਕਰਦੀ-ਕਰਦੀ ਇਸ ਸਰੀਰ ਵਿਚੋਂ ਨਿਕਲ ਗਈ। ਮੈਂ ਕੀ ਦੇਖਿਆ ਮੈਂ ਤਾਂ ਨਿਰਾ ਹੀ ਪ੍ਰਕਾਸ਼ ਹਾਂ, ਮੈਂ ਆਪਣੇ ਸਾਰੇ ਅੰਗ ਦੇਖਾਂ, ਮਾਤਾ! ਨਿਰਾ ਨੂਰ ਹੀ ਦ੍ਰਿਸ਼ਟੀ ਪਵੇ, ਉਂਵ ਮੈਨੂੰ ਆਪਣੇ ਸਾਰੇ ਅੰਗ ਭੀ ਉਸ ਨੂਰ ਵਿਚ ਝਾਉਲਾ ਮਾਰਨ, ਫੇਰ ਮੇਰਾ ਸਾਰਾ ਵਜੂਦ ਨੂਰ ਹੀ ਬਣ ਜਾਵੇ। ਮੈਨੂੰ ਪਤਾ ਲਗੇ ਮੈਂ ਰੂਪ, ਰੰਗ ਕਿਸੇ ਸ਼ਕਲ ਦੀ ਬੰਦਸ਼ ਵਿਚ ਨਹੀਂ ਹਾਂ। ਨਿਰਾ ਹੀ ਗਿਆਨ ਹਾਂ, ਅੰਧਕਾਰ ਦੀ ਮੇਰੇ ਵਿਚ ਕੋਈ ਵੀ ਅੰਸ ਨਹੀਂ ਹੈ। ਮੈਨੂੰ ਆਪਣਾ ਆਪ ਸਰੀਰ ਵਰਗਾ ਵੀ ਲੱਗੇ ਅਤੇ ਕਦੇ ਝੌਲਾ ਵਜੇ ਕਿ ਮੈਂ ਤਾਂ ਨਿਰਾ ਪ੍ਰਕਾਸ਼ ਹੀ ਹਾਂ। ਕਦੇ ਮੈਨੂੰ ਲੱਗੇ ਕਿ ਮੈਂ ਇਕ ਹਾਂ, ਕਦੇ ਮੈਨੂੰ ਆਪਣਾ ਆਪ ਹੀ ਲੱਗੇ ਕਿ ਮੈਂ ਅਨੇਕ ਹਾਂ। ਮਾਤਾ! ਮੈਂ ਹਲਕੀ ਫੁਲਕੀ ਹੋ ਗਈ - ਨਿਰੀ ਹੀ ਸੂਰਜ ਦੀ ਰੋਸ਼ਨੀ ਵਰਗੀ ਅਤੇ ਮਾਤਾ! ਸੂਰਜ ਦੀ ਰੋਸ਼ਨੀ ਤਾਂ ਤਪਦੀ ਹੈ ਪਰ ਮੈਂ ਠੰਢੀ ਠਾਰ ਸੀ। ਸੂਰਜ ਦੀ ਰੋਸ਼ਨੀ ਵਿਚ ਝਾਕਿਆ ਨਹੀਂ ਜਾਂਦਾ, ਮੇਰੀ ਰੋਸ਼ਨੀ ਬਹੁਤ ਹੀ ਮਿੱਠੀ ਸੀ। ਮੈਨੂੰ ਤਾਂ ਐਉਂ ਲਗਦਾ ਸੀ ਕਿ ਮੈਂ ਸਾਰਾ ਪਿਆਰ ਹੀ ਹਾਂ, ਪਤਾ ਨਹੀਂ ਇਹ ਪਿਆਰ ਹੀ ਆਤਮਾ ਹੋਵੇ ਪਰ ਮੈਂ ਇਹ ਦੇਖਿਆ ਕਿ ਮੇਰੇ ਵਰਗੀਆਂ ਹੋਰ ਆਤਮਾਵਾਂ ਵੀ, ਹੋਰ ਜੋਤਾਂ ਵੀ ਇਸ ਬ੍ਰਹਿਮੰਡ ਵਿਚ ਤਾਰਿਆਂ ਵਾਂਗੂੰ ਡਲ੍ਹਕ ਰਹੀਆਂ ਸਨ ਪਰ ਮੈਂ ਨਿਰਣਾ ਨਹੀਂ ਕਰ ਸਕੀ ਕਿ ਉਹ ਇਕ ਸਨ ਜਾਂ ਅਨੇਕ ਸਨ। ਉਹ ਸਾਰੀਆਂ ਇਕ ਵਿਚੋਂ ਨਿਕਲਦੀਆਂ ਸਨ। ਵੱਖੋ-ਵੱਖਰੀਆਂ ਦਿਸਦੀਆਂ ਸਨ ਪਰ ਅੱਖ ਦੇ ਪਲਕਾਰੇ ਵਿਚ ਇਕੋ ਜੋਤ ਵਿਚ ਲੀਨ ਹੋ ਜਾਂਦੀਆਂ ਸਨ। ਮੈਂ ਅਸਮਾਨ ਵਿਚ ਉਡੀ ਫਿਰਦੀ ਸਾਂ, ਮੈਂ ਦੇਖ ਰਹੀ ਸੀ ਕਿ ਅਸਮਾਨ ਚੰਦਰਮਾ, ਸੂਰਜਾਂ, ਤਾਰਿਆਂ ਨਾਲ ਭਰਿਆ ਪਿਆ ਹੈ। ਪੂਰੀ ਤੇਜ਼ੀ ਦੇ ਨਾਲ ਇਹ ਤਾਰੇ ਸਿਤਾਰੇ ਚਮਕ ਰਹੇ ਹਨ। ਮਾਤਾ! ਆਪਣਾ ਅਸਮਾਨ ਕੀ ਹੈ? ਆਪਾਂ ਇਨ੍ਹਾਂ ਸਰੀਰਕ ਅੱਖਾਂ ਨਾਲ ਦੇਖਦੇ ਹਾਂ ਤਾਂ ਬਹੁਤ ਹੀ ਮੱਧਮ ਜਿਹਾ ਹਨ੍ਹੇਰਾ ਦਿਸਦਾ ਹੈ। ਪਤਾ ਨਹੀਂ ਇਨ੍ਹਾਂ ਅੱਖਾਂ ਵਿਚ ਦੇਖਣ ਦੀ ਪੂਰੀ ਤਰ੍ਹਾਂ ਨਾਲ ਸ਼ਕਤੀ ਨਹੀਂ ਪਰ ਜੋ ਮੈਂ ਸੂਰਜ, ਤਾਰੇ ਦੇਖ ਰਹੀ ਸੀ ਉਨ੍ਹਾਂ ਦੀ ਜੋਤੀ ਅਤਿ ਤੀਖਣ ਸੀ, ਹਨ੍ਹੇਰੇ ਨਾਮ ਦੀ ਕੋਈ ਚੀਜ਼ ਹੈ ਹੀ ਨਹੀਂ ਸੀ। ਉਨ੍ਹਾਂ ਤੋਂ ਵੀ ਮੈਂ ਉਪਰ ਲੰਘ ਗਈ, ਮੈਨੂੰ ਇਹ ਅਸਮਾਨ ਹੇਠਾਂ ਦਿਸਣ ਲਗ ਗਿਆ। ਉਥੇ ਝਿਲਮਿਲਕਾਰ ਹੋ ਰਹੀ ਸੀ। ਆਪਣੇ ਵਰਗੀਆਂ ਹੋਰ ਆਤਮਾਵਾਂ ਉਡਾਰੀਆਂ ਮਾਰਦੀਆਂ, ਕਲੋਲਾਂ ਕਰਦੀਆਂ ਮੈਂ ਵੇਖ ਰਹੀ ਸੀ। ਮਾਤਾ! ਉਥੇ ਜੋ ਆਤਮਾਵਾਂ ਨਜ਼ਰੀ ਪਈਆਂ, ਉਹ ਨਾ ਹੀ ਇਸਤ੍ਰੀਆਂ ਸਨ, ਨਾ ਮਰਦ ਸਨ ਕੇਵਲ ਜੋਤਾਂ ਸਨ। ਬਹੁਤ ਚਿਰ ਮੈਂ ਦੂਰ-ਦੂਰ ਤਕ ਗਈ, ਇਹ ਪਸਾਰਾ ਹੋਰ ਅੱਗੇ-ਅੱਗੇ ਪਸਰਿਆ ਹੋਇਆ ਸੀ ਜਿਸਦੀ ਗਿਣਤੀ ਮਿਣਤੀ ਕੋਈ ਨਹੀਂ ਸੀ ਕਰ ਸਕਦਾ। ਫੇਰ ਮੈਂ ਆਪਣੇ ਸਰੀਰ ਨੂੰ, ਆਪਣੇ ਮੱਠ ਨੂੰ, ਆਪਣੇ ਜੰਗਲ ਨੂੰ, ਆਪਣੇ ਰਾਜ ਨੂੰ, ਆਪਣੇ ਰਾਜ ਦੀਆਂ ਹੱਦਾਂ ਨੂੰ, ਆਪਣੇ ਪੰਜਾਬ ਭਰ ਨੂੰ ਬਹੁਤ ਉਚੀ ਉਚਾਈ ਤੋਂ ਦੇਖ ਰਹੀ ਸੀ। ਮੇਰਾ ਸਰੀਰ ਮੁਰਦਾ ਹੋ ਕੇ ਲੰਮਾ ਨਹੀਂ ਸੀ ਪਿਆ, ਉਹ ਸਮਾਧੀ ਵਿਚ ਸੀ। ਮੇਰੇ ਵਿਚੋਂ ਇਕ ਬਹੁਤ ਹੀ ਚਮਕੀਲੀ ਤਾਰ ਉਸ ਸਰੀਰ ਨਾਲ ਜੁੜੀ ਹੋਈ ਸੀ, ਮੈਂ ਸਰੀਰ ਦਾ ਧਿਆਨ ਕੀਤਾ ਅਤੇ ਇਕ ਦਮ ਇਸ ਵਿਚ ਪ੍ਰਵੇਸ਼ ਕਰ ਗਈ। ਮਾਤਾ! ਮੈਨੂੰ ਇਸ ਗੱਲ ਦਾ ਕੁਝ ਭੇਤ ਨਹੀਂ ਲਗਿਆ ਕਿ ਇਹ ਕੀ ਸੀ।"

ਉਸ ਵੇਲੇ ਮਾਤਾ ਨੇ ਕਿਹਾ ਕਿ ਬੀਬਾ! ਆਪਣੇ ਰਾਜ ਪੰਡਤ ਜੀ ਬਹੁਤ ਹੀ ਵਿਦਵਾਨ ਹਨ, ਚਾਰੇ ਵੇਦਾਂ, ਸਾਰੇ ਸਾਸ਼ਤਰਾਂ, ਧਰਮ ਗ੍ਰੰਥਾਂ ਦੇ ਇਹ ਕੇਵਲ ਜਾਣੂੰ ਹੀ ਨਹੀਂ ਹਨ ਇਹ ਵੀ ਤੇਰੇ ਵਾਂਗੂੰ ਅੰਮ੍ਰਿਤ ਵੇਲੇ ਉਠ ਕੇ ਸੁਰਤ ਇਕਾਗਰ ਕਰਦੇ ਹਨ ਅਤੇ ਬਹੁਤ-ਬਹੁਤ ਚਿਰ ਸਮਾਧੀ ਵਿਚ ਬੈਠੇ ਰਹਿੰਦੇ ਹਨ। ਹੋ ਸਕਦਾ ਹੈ ਇਨ੍ਹਾਂ ਗੱਲਾਂ ਦਾ ਉਤਰ ਸ਼ਾਇਦ ਇਨ੍ਹਾਂ ਕੋਲ ਹੋਵੇ, ਇਹ ਤੈਨੂੰ ਦਸ ਦੇਣਗੇ। ਇਸ ਤਰ੍ਹਾਂ ਬਚਨ ਬਿਲਾਸ ਹੁੰਦੇ ਰਹਿੰਦੇ ਸਨ। ਪਿਤਾ ਨਾਲ ਵੀ ਅਜਿਹੇ ਬਚਨ ਕਰਦੀ ਸੀ ਅਤੇ ਪਿਤਾ ਹੈਰਾਨ ਹੋ ਜਾਂਦਾ ਸੀ ਕਿ ਮੇਰੀ ਬੱਚੀ ਤਾਂ ਬਹੁਤ ਸੂਝ ਵਾਲੀ ਹੋ ਗਈ ਹੈ ਪਰ ਪਿਤਾ ਨੂੰ ਅੰਦਰਲੀਆਂ ਖੇਡਾਂ ਦਾ ਪਤਾ ਨਾ ਹੋਣ ਕਰਕੇ ਉਹ ਹੱਸ ਛਡਦਾ ਸੀ ਜਾਂ ਉਠ ਕੇ ਪਿਆਰ ਕਰ ਲੈਂਦਾ ਸੀ ਪਰ ਉਸ ਦੇ ਕੰਮਾਂ ਵਿਚ ਕੋਈ ਦਖਲ ਅੰਦਾਜ਼ੀ ਨਹੀਂ ਸੀ ਕਰਦਾ। ਉਹ ਬਾਗ ਵਿਚ ਨਿਵੇਕਲੇ ਥਾਂ ਜਾਂ ਬਾਗ ਵਿਚ ਹੀ ਬੈਠ ਜਾਇਆ ਕਰਦੀ ਸੀ। ਪਿਤਾ ਨੇ ਉਸ ਦੇ ਬੈਠਣ ਵਾਸਤੇ ਕਈ ਥੜ੍ਹੇ ਬਣਵਾ ਦਿਤੇ ਸਨ ਅਤੇ ਉਪਰ ਛਤਰੀਆਂ ਲਾਈਆਂ ਹੋਈਆਂ ਸਨ ਜਿਸ ਨਾਲ ਰਾਜਕੁਮਾਰੀ ਦੀ ਧੁੱਪ ਅਤੇ ਮੀਂਹ ਤੋਂ ਰਖਿਆ ਹੋ ਜਾਂਦੀ ਸੀ। ਕੋਈ ਪੰਛੀ ਵਿੱਠ ਵਗੈਰਾ ਭੀ ਨਹੀਂ ਕਰ ਸਕਦਾ ਸੀ।

ਅੱਜ ਸਵੇਰੇ-ਸਵੇਰੇ ਮਾਤਾ ਨੇ ਕਿਹਾ ਕਿ ਬੇਟੀ! ਅੱਜ ਪੰਡਤ ਜੀ ਨੇ ਸੁਨੇਹਾ ਭੇਜਿਆ ਹੈ ਕਿ ਮੈਂ ਰਾਜਕੁਮਾਰੀ ਨਾਲ ਕੁਝ ਬਚਨ ਕਰਨੇ ਚਾਹੁੰਦਾ ਹਾਂ। ਬੇਟਾ! ਮੈਂ ਤੇਰੀਆਂ ਗੱਲਾਂ ਉਨ੍ਹਾਂ ਨੂੰ ਦਸੀਆਂ ਸਨ ਉਹ ਬਹੁਤ ਹੀ ਹੈਰਾਨ ਹੋ ਰਹੇ ਸਨ ਕਿ ਇਸ ਬੱਚੀ ਨੂੰ ਤਾਂ ਬਹੁਤ ਉਚੀਆਂ ਯੋਗਿਕ ਅਵਸਥਾਵਾਂ ਪ੍ਰਾਪਤ ਹੋ ਚੁਕੀਆਂ ਹਨ। ਇਹ ਦਸਵੇਂ ਦੁਆਰ ਦੇ ਮੰਡਲ ਵਿਚ ਪਹੁੰਚਣ ਵਾਲੀ ਹੀ ਹੈ, ਤੁਸੀਂ ਕੋਈ ਫਿਕਰ ਨਾ ਕਰੋ। ਇਹ ਬਹੁਤ ਸੋਹਣੇ ਮਾਰਗ ਤੇ ਤੁਰੀ ਜਾ ਰਹੀ ਹੈ। ਜਿਹੜਾ ਉਹ ਮਰਦ ਜ਼ਖਮੀ ਹੋ ਕੇ ਘਰ ਵਿਚ ਆਇਆ ਸੀ ਉਹ ਕੋਈ ਪੂਰਨ ਬੀਤਰਾਗ ਪੁਰਸ਼ ਸੀ, ਬ੍ਰਹਮ ਦੀ ਲਖਤਾ ਵਾਲਾ ਸੀ, ਉਹ ਗੱਲਾਂ ਵਾਲਾ ਕੋਈ ਫੁਕਰਾ ਨਹੀਂ ਸੀ, ਉਸ ਦਾ ਜੋ ਸਤਿਗੁਰੂ ਹੈ ਉਹ ਪੂਰਾ ਹੈ, ਉਹ ਰਾਜਕੁਮਾਰੀ ਨੂੰ ਸਤਿਗੁਰੂ ਦੀ ਸੋਝੀ ਦੇ ਗਿਆ ਅਤੇ ਵਿਸ਼ਵਾਸ਼ ਵਿਚ ਪਾ ਗਿਆ ਹੈ ਕਿ ਉਹ ਆ ਕੇ ਜ਼ਰੂਰ ਦਰਸ਼ਨ ਦੇਣਗੇ। ਮਹਾਰਾਣੀ ਸਾਹਿਬਾ! ਇਹ ਬੱਚੀ

ਉਸ ਸਤਿਗੁਰੂ ਨੂੰ ਖਿਚਾਂ ਪਾ ਰਹੀ ਹੈ, ਉਹ ਸਮਰੱਥ ਹਨ, ਛੇਤੀਂ ਹੀ ਇਥੇ ਇਸ ਦੇ ਪਿਆਰ ਦੇ ਬੱਝੇ ਪਹੁੰਚ ਜਾਣਗੇ। ਆਪਣੇ ਹੀ ਪਰਗਣੇ ਤੋਂ ਥੋੜ੍ਹੀ ਦੂਰ ਦੋ ਸਿੱਖ ਰਹਿੰਦੇ ਹਨ ਜਿਨ੍ਹਾਂ ਵਿਚੋਂ ਇਕ ਦਾ ਨਾਮ ਭਾਈ ਫਿਰਨਾ ਹੈ, ਦੂਜੇ ਦਾ ਨਾਮ ਭਾਈ ਜੋਧ ਹੈ। ਉਨ੍ਹਾਂ ਦੇ ਪਾਸ ਬਹੁਤ ਸਾਰੇ ਗੁਰਸਿੱਖ ਆਉਂਦੇ ਜਾਂਦੇ ਰਹਿੰਦੇ ਹਨ। ਇਕ ਦਿਨ ਉਹ ਮੇਰੇ ਪਾਸ ਆਏ ਸਨ, ਉਨ੍ਹਾਂ ਨੇ ਮੈਨੂੰ ਪੁਛਿਆ ਸੀ ਕਿ ਪੰਡਤ ਜੀ! ਕਈ ਸਾਲ ਹੋਏ ਅਸਾਨੂੰ ਮਿਲਣ ਵਾਸਤੇ ਕੁਝ ਬ੍ਰਹਮ ਅਵਸਥਾ ਦੇ ਮਾਨਣ ਵਾਲੇ ਗੁਰਮੁਖ ਪਿਆਰੇ ਆਏ ਸਨ ਅਤੇ ਉਨ੍ਹਾਂ ਨੇ ਦਸਿਆ ਸੀ ਕਿ ਉਨ੍ਹਾਂ ਦਾ ਲੜਕਾ, ਜਿਸ ਦਾ ਨਾਮ ਭਾਈ ਤਿਲੋਕਾ ਸੀ, ਇਸੇ ਜੰਗਲ ਵਿਚ ਇਕ ਰਾਜਕੁਮਾਰੀ ਦੇ ਹੱਥੋਂ ਮਾਰਿਆ ਗਿਆ ਸੀ, ਕੀ ਤੁਹਾਨੂੰ ਕੋਈ ਪਤਾ ਹੈ? ਤਾਂ ਮੈਂ ਉਨ੍ਹਾਂ ਨੂੰ ਐਨਾ ਹੀ ਦਸਿਆ ਸੀ ਕਿ ਪੰਜ ਸਾਲ ਪਹਿਲਾਂ ਐਸੀ ਘਟਨਾ ਵਿਆਪੀ ਸੀ। ਉਨ੍ਹਾਂ ਨੇ ਦਸਿਆ ਸੀ ਕਿ ਉਹ ਗੁਰੂ ਨਾਨਕ ਮਹਾਰਾਜ ਜੀ ਦੇ ਸਿੱਖ ਹਨ। ਗੁਰੂ ਨਾਨਕ ਸਾਹਿਬ ਸੰਸਾਰ ਦਾ ਉਧਾਰ ਕਰਨ ਲਈ ਕਲਜੁੱਗ ਵਿਚ ਨਾਮ ਯੋਗ, ਸੁਰਤ ਸ਼ਬਦ ਦਾ ਮਾਰਗ ਦਸਣ ਲਈ ਜੀਵਾਂ ਨੂੰ ਸਾਧਨਾ ਵਿਚ ਲਾ ਰਹੇ ਹਨ। ਤੁਸੀਂ ਚਿੰਤਾ ਨਾ ਕਰੋ ਇਹ ਰਾਜਕੁਮਾਰੀ ਬਹੁਤ ਸੋਹਣੇ ਰਸਤੇ ਚਲ ਰਹੀ ਹੈ। ਤੁਸੀਂ ਜੇ ਕਲ੍ਹ ਨੂੰ ਆ ਜਾਵੋਂ ਤਾਂ ਮੈਂ ਵੀ ਰਾਜਕੁਮਾਰੀ ਨਾਲ ਕੁਝ ਬਚਨ ਕਰਨੇ ਚਾਹੁੰਦਾ ਹਾਂ।

ਦੂਸਰੇ ਦਿਨ ਸਤਿਸੰਗ ਵਿਚ ਇਸ ਪੰਡਤ ਜੀ ਕੋਲ ਰਾਜਕੁਮਾਰੀ ਅਤੇ ਉਸ ਦੀ ਮਾਤਾ ਮਹਾਰਾਣੀ ਆ ਕੇ ਹਾਜ਼ਰ ਹੋਏ। ਉਸ ਵੇਲੇ ਉਸ ਵਿਦਵਾਨ ਪੰਡਤ ਨੇ ਰਾਜਕੁਮਾਰੀ ਨਾਲ ਬਚਨ ਕੀਤੇ ਜਿਸ ਤੋਂ ਉਹ ਭਾਂਪ ਗਿਆ ਕਿ ਉਹ ਨੌਜਵਾਨ ਲੜਕਾ ਪੂਰਨ ਰੂਪ ਵਿਚ ਆਤਮਦਰਸੀ ਸੀ, ਉਸ ਵੇਲੇ ਉਸ ਨੇ ਰਾਜਕੁਮਾਰੀ ਨੂੰ ਪੁਛਿਆ ਕਿ ਉਹ ਆਪ ਨੂੰ ਕੀ ਦਸ ਕੇ ਗਏ ਹਨ? ਰਾਜਕੁਮਾਰੀ ਨੇ ਦਸਿਆ ਕਿ ਉਹ ਮੈਨੂੰ ਦਸ ਕੇ ਗਏ ਸਨ ਕਿ ਤੂੰ ਆਤਮਾ ਹੈਂ। ਕਹਿਣ ਲੱਗੀ ਮੈਂ ਪਹਿਲੀ ਵਾਰੀ ਹੀ ਇਸ ਤਰ੍ਹਾਂ ਸੁਣਿਆ ਸੀ। ਉਨ੍ਹਾਂ ਨੇ ਕਿਹਾ ਕਿ ਤੈਨੂੰ ਕਿਸੇ ਤੋਂ ਪ੍ਰੇਮ ਲੈਣ ਦੀ ਲੋੜ ਨਹੀਂ, ਤੂੰ ਆਪ ਹੀ ਪ੍ਰੇਮ ਹੈਂ, ਤੇਰੇ ਕੋਈ ਸਬੰਧੀ ਨਹੀਂ, ਤੂੰ ਸਭ ਦੇ ਅੰਦਰ ਵਸਦੀ ਹੈਂ, ਬਾਹਰ ਵਸਦੀ ਹੈਂ। ਉਸ ਵੇਲੇ ਮੈਂ ਬਹੁਤ ਘਬਰਾ ਗਈ ਅਤੇ ਮੈਂ ਡਰ ਕੇ ਚੀਕ ਮਾਰੀ ਕਿ ਇਹ ਕੀ ਕਹਿ ਰਿਹਾ ਹੈ। ਪਰ ਉਹ ਬਹੁਤ ਹੀ ਉਚਾ ਪੁਰਸ਼ ਸੀ, ਉਹ ਕਦੇ ਝੂਠ ਨਹੀਂ ਸੀ ਬੋਲਦਾ ਪਰ ਮੈਂ ਹੈਰਾਨ ਬਹੁਤ ਹੋ ਰਹੀ ਸੀ ਕਿ ਮੈਂ ਤਾਂ ਮਾਤਾ ਪਿਤਾ ਨੂੰ ਪਿਆਰ ਕਰਦੀ ਹਾਂ, ਇਨ੍ਹਾਂ ਬਿਨਾਂ ਮੈਂ ਜਿਉਂਦੀ ਨਹੀਂ ਰਹਿ ਸਕਦੀ। ਮੈਂ ਖੇਡਾਂ ਵਿਚ ਅਨੰਦ ਲੈਂਦੀ ਹਾਂ। ਉਹ ਕਹਿੰਦਾ ਸੀ ਤੈਨੂੰ ਕਿਸੇ ਚੀਜ਼ 'ਚੋਂ ਅਨੰਦ ਲੈਣ ਦੀ ਲੋੜ ਨਹੀਂ, ਤੂੰ ਆਪ ਹੀ ਅਨੰਦ ਹੈਂ।

ਉਸ ਵੇਲੇ ਪੰਡਤ ਜੀ ਨੇ ਸਾਰੀ ਗੱਲ ਸੁਣ ਕੇ ਕਿਹਾ ਕਿ ਰਾਜਕੁਮਾਰੀ ਜੀ! ਉਹ ਮਹਾਨ ਪੁਰਸ਼ ਸੀ, ਐਡੀ ਛੋਟੀ ਉਮਰ ਵਿਚ ਸਤਿ ਗਿਆਨ ਉਸ ਨੂੰ ਪ੍ਰਾਪਤ ਸੀ, ਇਹ ਉਸ ਦੇ ਗੁਰੂ ਦੀ ਪੂਰਨ ਕ੍ਰਿਪਾਲਤਾ ਹੈ। ਇਹ ਵੱਡੇ-ਵੱਡੇ ਯੋਗੀਆਂ ਨੂੰ, ਵੱਡੇ-ਵੱਡੇ ਜਪੀਆਂ ਨੂੰ, ਜਪ ਕਰਕੇ ਅਤੇ ਬਹੁਤ ਵਿਚਾਰ ਕਰਨ ਵਾਲੇ ਵਿਦਵਾਨਾਂ ਨੂੰ ਜਿਨ੍ਹਾਂ ਨੇ ਵੇਦਾਂ ਸਾਸ਼ਤਰਾਂ ਦਾ ਅਧਿਐਨ ਕੀਤਾ ਹੈ, ਉਨ੍ਹਾਂ ਨੂੰ ਵੀ ਪ੍ਰਾਪਤ ਨਹੀਂ ਹੁੰਦੀ। ਉਹ ਇਕ ਮਹਾਨ ਯੋਗੀ ਸੀ, ਆਤਮ ਦਰਸ਼ੀ ਸੀ, ਬ੍ਰਹਮ ਦੇ ਗਿਆਨ ਨਾਲ ਪੂਰੀ ਤਰ੍ਹਾਂ ਰੁਸ਼ਨਾਇਆ ਹੋਇਆ ਬ੍ਰਹਮਗਿਆਨੀ ਸੀ। ਰਾਜਕੁਮਾਰੀ ਹੈਰਾਨ ਸੀ ਕਿ ਇਹ ਵੀ ਓਹੀ ਗੱਲ ਕਹਿੰਦਾ ਹੈ ਜੋ ਮੇਰੇ ਮਨ ਵਿਚ ਹੈ। ਪੰਡਤ ਜੀ ਨੇ ਕਹਿਣਾ ਸ਼ੁਰੂ ਕੀਤਾ ਕਿ ਰਾਜਕੁਮਾਰੀ ਜੀ! ਇਹ ਜੋ ਤੁਸੀਂ ਸੰਸਾਰ ਦੇਖ ਰਹੇ ਹੋਂ, ਇਸ ਦੇ ਬਾਰੇ ਵੇਦਾਂ ਨੇ, ਸਾਸ਼ਤਰਾਂ ਨੇ ਆਪਣੇ-ਆਪਣੇ ਮਤ ਦਿਤੇ ਹੋਏ ਹਨ। ਵੇਦਾਂ ਦਾ ਜੋ ਮਤ ਹੈ ਉਹ ਸਰਵ ਸ੍ਰੇਸ਼ਟ ਹੈ। ਉਨ੍ਹਾਂ ਅਨੁਸਾਰ ਇਹ ਸੰਸਾਰ ਪਹਿਲਾਂ ਨਹੀਂ ਸੀ, ਸੰਸਾਰ ਤੋਂ ਪਹਿਲਾਂ ਕੇਵਲ ਪਾਰਬ੍ਰਹਮ ਪ੍ਰਮੇਸ਼ਰ ਆਪਣੇ ਸਰੂਪ ਵਿਚ ਆਪ ਹੀ ਸਥਿਤ ਸੀ। ਉਸ ਤੋਂ ਇਸ ਸੰਸਾਰ ਦੀ ਉਤਪਤੀ ਹੋਈ, ਉਸ ਨੂੰ ਓਅੰਕਾਰ ਕਿਹਾ ਜਾਂਦਾ ਹੈ। ਓਅੰਕਾਰ ਹੀ ਬ੍ਰਹਮ ਹੈ, ਸਾਰੀਆਂ ਉਪਨਿਸ਼ਦਾਂ ਨੇ ਸਰਗੁਣ ਸਰੂਪ ਮੰਨਿਆ ਹੈ। ਉਹ ਆਪ ਹੀ ਖੇਲ੍ਹ ਕਰ ਰਿਹਾ ਹੈ। ਸਾਰੀਆਂ ਦਿਸ਼ਾਵਾਂ ਸੱਜੇ, ਖੱਬੇ, ਹੇਠ, ਉਤੇ ਉਸ ਦਾ ਹੀ ਪਸਾਰਾ ਹੈ। ਜੋ ਕੁਝ ਦੇਖ ਰਹੇ ਹੋ, ਜੋ ਕੁਝ ਜਾਣਿਆ ਹੈ ਉਹ ਸਭ ਕੁਝ ਬ੍ਰਹਮ ਹੀ ਹੈ। ਆਪ ਹੀ ਕਾਰਨ ਕਰਨ ਹੈ, ਉਹ ਸਰਬ ਰੂਪ ਹੋ ਕੇ ਆਪ ਹੀ ਆਪਣੇ ਆਪ ਨੂੰ ਦੇਖ ਰਿਹਾ ਹੈ। ਗੁਰਬਾਣੀ ਅਨੁਸਾਰ ਫੁਰਮਾਨ ਹੈ -

***ਏਕ ਮੂਰਤ ਅਨੇਕ ਦਰਸਨ ਕੀਨ ਰੂਪ ਅਨੇਕ॥***
***ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰ ਏਕ॥***

***ਜਾਪੁ ਸਾਹਿਬ***

***ਪਾਰਬ੍ਰਹਮ ਕੇ ਸਗਲੇ ਠਾਉ॥***
***ਜਿਤੁ ਜਿਤੁ ਘਰਿ ਰਾਖੈ ਤੈਸਾ ਤਿਨ ਨਾਉ॥***
***ਆਪੇ ਕਰਨ ਕਰਾਵਨ ਜੋਗੁ॥***
***ਪ੍ਰਭ ਭਾਵੈ ਸੋਈ ਫੁਨਿ ਹੋਗੁ॥***
***ਪਸਰਿਓ ਆਪਿ ਹੋਇ ਅਨਤ ਤਰੰਗ॥***
***ਲਖੇ ਨ ਜਾਹਿ ਪਾਰਬ੍ਰਹਮ ਕੇ ਰੰਗ॥***
***ਜੈਸੀ ਮਤਿ ਦੇਇ ਤੈਸਾ ਪਰਗਾਸ॥***
***ਪਾਰਬ੍ਰਹਮੁ ਕਰਤਾ ਅਬਿਨਾਸ॥***
***ਸਦਾ ਸਦਾ ਸਦਾ ਦਇਆਲ॥***
***ਸਿਮਰਿ ਸਿਮਰਿ ਨਾਨਕ ਭਏ ਨਿਹਾਲ॥ ਪੰਨਾ - 275***

ਆਪ ਹੀ ਸੁਣਨ ਵਾਲਾ ਹੈ, ਆਪ ਹੀ ਸੁਣਾਉਣ ਵਾਲਾ ਹੈ, ਉਸ ਤੋਂ ਬਿਨਾਂ ਇਥੇ ਕੋਈ ਹੋਰ ਨਹੀਂ ਹੈ। ਗੁਰਬਾਣੀ ਦਾ ਮਤ ਹੈ -

***ਜੀਅ ਜੰਤ ਕੇ ਠਾਕੁਰਾ ਆਪੇ ਵਰਤਣਹਾਰ॥***
***ਨਾਨਕ ਏਕੋ ਪਸਰਿਆ ਦੂਜਾ ਕਹ ਦ੍ਰਿਸਟਾਰ॥***

***ਪੰਨਾ - 292***

***ਆਪ ਕਥੈ ਆਪਿ ਸੁਨਨੈਹਾਰੁ॥***
***ਆਪਹਿ ਏਕੁ ਆਪਿ ਬਿਸਥਾਰੁ॥***
***ਜਾ ਤਿਸੁ ਭਾਵੈ ਤਾ ਸ੍ਰਿਸਟਿ ਉਪਾਏ॥***
***ਆਪਨੈ ਭਾਣੈ ਲਏ ਸਮਾਏ॥***
***ਤੁਮ ਤੇ ਭਿੰਨ ਨਹੀ ਕਿਛੁ ਹੋਇ॥***
***ਆਪਨ ਸੂਤਿ ਸਭੁ ਜਗਤੁ ਪਰੋਇ॥***

*ਜਾ ਕਉ ਪ੍ਰਭ ਜੀਉ ਆਪਿ ਬੁਝਾਏ॥*
*ਸਚੁ ਨਾਮੁ ਸੋਈ ਜਨੁ ਪਾਏ॥*
*ਸੋ ਸਮਦਰਸੀ ਤਤ ਕਾ ਬੇਤਾ॥*
*ਨਾਨਕ ਸਗਲ ਸ੍ਰਿਸਟਿ ਕਾ ਜੇਤਾ॥ ਪੰਨਾ - 292*

ਅੰਦਰ ਬਾਹਰ ਵਣਾਂ, ਤ੍ਰਿਣਾਂ, ਪਹਾੜਾਂ, ਦਰਿਆਵਾਂ, ਸੂਰਜ, ਚੰਦਰਮਾ 'ਚ ਜੋ ਵੀ ਦ੍ਰਿਸ਼ਟਮਾਨ ਨਜ਼ਰ ਆ ਰਿਹਾ ਹੈ ਉਹ -

*ਏਕੋ ਏਕੁ ਏਕੁ ਹਰਿ ਆਪਿ॥*
*ਪੂਰਨ ਪੂਰਿ ਰਹਿਓ ਪ੍ਰਭੁ ਬਿਆਪਿ॥*
*ਅਨਿਕ ਬਿਸਥਾਰ ਏਕ ਤੇ ਭਏ॥*
*ਏਕੁ ਅਰਾਧਿ ਪਰਾਛਤ ਗਏ॥*
*ਮਨ ਤਨ ਅੰਤਰਿ ਏਕੁ ਪ੍ਰਭੁ ਰਾਤਾ॥*
*ਗੁਰ ਪ੍ਰਸਾਦਿ ਨਾਨਕ ਇਕੁ ਜਾਤਾ॥ ਪੰਨਾ - 289*

*ਸੋ ਅੰਤਰਿ ਸੋ ਬਾਹਰਿ ਅਨੰਤ॥*
*ਘਟਿ ਘਟਿ ਬਿਆਪਿ ਰਹਿਆ ਭਗਵੰਤ॥*
*ਧਰਨਿ ਮਾਹਿ ਆਕਾਸ ਪਇਆਲ॥*
*ਸਰਬ ਲੋਕ ਪੂਰਨ ਪ੍ਰਤਿਪਾਲ॥*
*ਬਨਿ ਤਿਨਿ ਪਰਬਤਿ ਹੈ ਪਾਰਬ੍ਰਹਮੁ॥*
*ਜੈਸੀ ਆਗਿਆ ਤੈਸਾ ਕਰਮੁ॥*
*ਪਉਣ ਪਾਣੀ ਬੈਸੰਤਰ ਮਾਹਿ॥*
*ਚਾਰਿ ਕੁੰਟ ਦਹ ਦਿਸੇ ਸਮਾਹਿ॥*
*ਤਿਸ ਤੇ ਭਿੰਨ ਨਹੀ ਕੋ ਠਾਉ॥*
*ਗੁਰ ਪ੍ਰਸਾਦਿ ਨਾਨਕ ਸੁਖੁ ਪਾਉ॥ ਪੰਨਾ - 294*

ਸਾਰੀਆਂ ਜੋਤਾਂ ਦੀ ਜੋਤ, ਸਾਰੇ ਗਿਆਨਾਂ ਦਾ ਗਿਆਨ, ਸਾਰੇ ਧਿਆਨਾਂ ਦਾ ਧਿਆਨ, ਸਾਰੀਆਂ ਖੂਬਸੂਰਤੀਆਂ ਦੀ ਖੂਬਸੂਰਤੀ ਇਹ ਬ੍ਰਹਮ ਆਪ ਹੀ ਹੈ।

*ਨਮੋ ਸੂਰਜ ਸੂਰਜੇ ਨਮੋ ਚੰਦ੍ਰ ਚੰਦ੍ਰੇ॥*
*ਨਮੋ ਰਾਜ ਰਾਜੇ ਨਮੋ ਇੰਦ੍ਰ ਇੰਦ੍ਰੇ॥*
*ਨਮੋ ਅੰਧਕਾਰੇ ਨਮੋ ਤੇਜ ਤੇਜੇ॥*
*ਨਮੋ ਬ੍ਰਿੰਦ ਬ੍ਰਿੰਦੇ ਨਮੋ ਬੀਜ ਬੀਜੇ॥ ਜਾਪੁ ਸਾਹਿਬ*

ਉਪਨਿਸ਼ਦਾਂ ਅਨੁਸਾਰ ਬ੍ਰਹਮ ਦਾ ਜੋ ਦੇਖਣ ਵਾਲਾ ਸਰੂਪ ਹੈ ਉਹ ਸਾਰੀਆਂ ਜੋਤੀਆਂ ਦੀ ਜੋਤ ਹੈ। ਅੱਖਾਂ ਉਸ ਜੋਤ ਨੂੰ ਦੇਖ ਨਹੀਂ ਸਕਦੀਆਂ, ਕੇਵਲ ਅਨੁਭਵ ਦੀਆਂ ਅੱਖਾਂ ਨਾਲ ਉਸ ਦਾ ਅਨੁਭਵ ਕੀਤਾ ਜਾਂਦਾ ਹੈ। ਉਹ ਕੋਈ ਜੜ੍ਹ ਤੇ ਮੁਰਦਾ ਚੀਜ਼ ਨਹੀਂ ਹੈ। ਉਹ ਆਪ ਪ੍ਰਕਾਸ਼ ਹੈ, ਗਿਆਨ ਸਰੂਪ ਹੈ, ਉਸ ਦੀ ਜੋਤ ਨਾਲ ਹੀ ਸਾਰੀਆਂ ਚੇਤਨ ਵਸਤੂਆਂ ਜੋ ਸਾਨੂੰ ਦਿਸਦੀਆਂ ਹਨ, ਕ੍ਰਿਆ ਕਰ ਰਹੀਆਂ ਹਨ। ਜੋ ਜੜ੍ਹ ਵਸਤੂਆਂ ਵੀ ਸਾਨੂੰ ਨਜ਼ਰ ਆਉਂਦੀਆਂ ਹਨ ਉਨ੍ਹਾਂ ਦੀ ਸ਼ਕਲ ਸੂਰਤ ਉਸ ਮਰਿਆਦਾ ਦੇ ਵਿਚ ਬੰਨ੍ਹੀ ਹੋਈ ਕਾਇਮ ਰਹਿੰਦੀ ਹੈ। ਕਣ-ਕਣ ਵਿਚ ਉਹ ਸਮਾਇਆ ਹੋਇਆ ਹੈ। ਬ੍ਰਹਮ ਹੀ ਆਤਮ ਸਰੂਪ ਹੈ, ਇਸ ਨੂੰ ਹੀ ਆਤਮਾ ਕਿਹਾ ਜਾਂਦਾ ਹੈ। ਇਹ ਕੇਵਲ ਅੱਖਾਂ ਦਾ ਹੇਰ ਫੇਰ ਹੈ ਪਰ ਬ੍ਰਹਮ ਅਤੇ ਆਤਮਾ ਇਕੋ ਹੀ ਹਨ। ਆਤਮਾ ਦਾ ਸਬੰਧ ਅੱਖਾਂ, ਨੱਕ, ਕੰਨ, ਧਰਮ, ਅਧਰਮ, ਪ੍ਰਿਥਵੀ, ਜਲ ਸਭ ਨਾਲ ਹੈ, ਇਹ ਆਤਮਾ ਹੀ ਬ੍ਰਹਮ ਹੈ। ਜੋ ਵਿਅਕਤੀ ਆਤਮਾ ਤੇ ਬ੍ਰਹਮ ਨੂੰ ਇਕ ਰੂਪ ਜਾਣਦਾ ਹੈ ਉਸ ਦੇ ਅੰਦਰ ਪੂਰਨ ਨਿਸ਼ਚਾ ਹੈ, ਉਹ ਪ੍ਰਾਣ ਛੱਡਣ ਉਪਰੰਤ ਬ੍ਰਹਮ ਵਿਚ ਹੀ ਲੀਨ ਹੋ ਜਾਂਦਾ ਹੈ। ਪਹਾੜਾਂ ਤੋਂ ਚਲਦੀਆਂ ਨਦੀਆਂ ਅਨੇਕ ਰੂਪ, ਰੰਗ ਧਾਰਨ ਕਰਦੀਆਂ ਹਨ। ਕੋਈ ਨਦੀ ਬਰਫ ਵਰਗੀ ਠੰਢੀ ਹੈ, ਕੋਈ ਥੋੜ੍ਹੀ ਗਰਮ ਹੈ, ਕਿਸੇ ਦਾ ਰੰਗ ਅਸਮਾਨ ਵਰਗਾ ਨੀਲਾ ਹੈ, ਕਿਸੇ ਦਾ ਲਾਲ ਹੈ। ਇਹ ਸਾਰੀਆਂ ਵਗਦੀਆਂ ਨਦੀਆਂ ਸਾਗਰ ਵਿਚ ਮਿਲ ਜਾਂਦੀਆਂ ਹਨ ਅਤੇ ਇਹ ਆਪਣਾ ਨਾਮ ਰੂਪ ਛੱਡ ਕੇ ਸਾਗਰ ਹੀ ਬਣ ਜਾਂਦੀਆਂ ਹਨ। ਜਿਵੇਂ ਆਪਣੇ ਕੋਲ ਝਨਾਂਅ ਨਦੀ ਵਗਦੀ ਹੈ, ਇਹ ਜਦੋਂ ਪੰਚ ਨਦ ਵਿਚ ਪਹੁੰਚਦੀ ਹੈ ਤਾਂ ਸਿੰਧ ਦੇ ਇਲਾਕੇ ਵਿਚ ਇਸ ਦਾ ਨਾਮ ਬਦਲ ਜਾਂਦਾ ਹੈ। ਹੋਰ ਛੋਟੀਆਂ-ਛੋਟੀਆਂ ਨਦੀਆਂ ਜੋ ਸਤਲੁਜ, ਰਾਵੀ, ਬਿਆਸ, ਜਿਹਲਮ ਇਹ ਵੀ ਚਲਦੀਆਂ ਚਲਦੀਆਂ ਜਦੋਂ ਪੰਜ ਨਦ ਪਹੁੰਚਦੀਆਂ ਹਨ ਇਨ੍ਹਾਂ ਦਾ ਨਾਮ ਖਤਮ ਹੋ ਜਾਂਦਾ ਹੈ, ਇਨ੍ਹਾਂ ਦਾ ਨਾਮ ਸਿੰਧ ਹੋ ਜਾਂਦਾ ਹੈ। ਜਦੋਂ ਇਹ ਦਰਿਆ ਕਰਾਚੀ ਪਾਸ ਜਾ ਕੇ ਸਮੁੰਦਰ ਵਿਚ ਮਿਲਦਾ ਹੈ ਫਿਰ ਇਸ ਦਾ ਨਾਮ ਸਿੰਧ ਵੀ ਖਤਮ ਹੋ ਜਾਂਦਾ ਹੈ। ਇਵੇਂ ਜੀਵ ਆਤਮਾਵਾਂ ਵਖਰੀਆਂ-ਵੱਖਰੀਆਂ ਨਜ਼ਰ ਆਉਂਦੀਆਂ ਹਨ।

ਇਹ ਜਦੋਂ ਸਾਧਨ ਕਰਕੇ, ਜੀਵ ਭਾਵ ਖਤਮ ਕਰਕੇ ਪ੍ਰਭੂ ਵਿਚ ਲੀਨ ਹੋ ਜਾਂਦੀਆਂ ਹਨ ਉਸ ਵੇਲੇ ਕੇਵਲ ਬ੍ਰਹਮ ਹੀ ਹੋਇਆ ਕਰਦਾ ਹੈ। ਇਹ ਕੇਵਲ ਵੱਖਰੇ-ਵੱਖਰੇ ਨਾਮ ਕਰਕੇ ਵੱਖਰਾ ਲਗਦਾ ਹੈ ਪਰ ਸਾਰਾ ਹੀ ਬ੍ਰਹਮ। ਆਪਣੀ ਆਤਮਾ ਵਿਚ ਬ੍ਰਹਮ ਭਾਵ ਵਾਲਾ ਯੋਗੀ ਬ੍ਰਹਮਗਿਆਨੀ ਕਿਹਾ ਜਾਂਦਾ ਹੈ। ਬ੍ਰਹਮ ਅਤੇ ਓਅੰਕਾਰ ਇਕੋ ਚੀਜ਼ ਹੈ। ਬ੍ਰਹਮ ਨੂੰ ਅੱਖਰ ਕਿਹਾ ਗਿਆ ਹੈ। ਅੱਖਰ ਓਅੰਕਾਰ ਦਾ ਹੀ ਰੂਪ ਹੈ। ਭੂਤ, ਭਵਿਖਤ, ਵਰਤਮਾਨ ਕਾਲ ਵਿਚ ਜੋ ਕੁਝ ਹੋ ਚੁਕਿਆ ਹੈ, ਜੋ ਹੁਣ ਹੋ ਰਿਹਾ ਹੈ, ਅਗੇ ਨੂੰ ਹੋਵੇਗਾ ਉਹ ਤਿੰਨੋ ਕਾਲਾਂ ਵਿਚ ਓਅੰਕਾਰ ਬ੍ਰਹਮ ਹੀ ਹੈ, ਇਹ ਅਕਾਸ਼ ਦੀ ਤਰ੍ਹਾਂ ਵਿਆਪਕ ਹੈ। ਇਸੇ ਓਅੰਕਾਰ ਨੂੰ ਸਤਿ ਆਖਿਆ ਹੈ, ਸਤਿ ਹੀ ਸੱਚ ਹੈ, ਇਹ ਦੇਸ਼ ਕਾਲ, ਵਸਤੂ ਤੋਂ ਪਰ੍ਹੇ ਹੈ। ਬ੍ਰਹਮ ਹੀ ਪੂਰਨ ਸਤਿ ਹੈ, ਹੋਰ ਹੋਂਦਾਂ ਸਭ ਝੂਠੀਆਂ ਹਨ, ਬਿਨਸਨਹਾਰ ਹਨ, ਇਸ ਸਤਿ ਵਿਚੋਂ ਪ੍ਰਗਟ ਹੁੰਦੀਆਂ ਹਨ, ਇਸ ਵਿਚ ਹੀ ਲੀਨ ਹੋ ਜਾਂਦੀਆਂ ਹਨ। ਇਹ ਬ੍ਰਹਮ ਸਾਰੀਆਂ ਹੋਂਦਾਂ ਦਾ ਅਧਾਰ ਹੈ, ਇਹ ਸਤਿ ਜੜ੍ਹ ਚੇਤਨ ਸਤਾ ਦਾ ਸਾਰ ਹੈ। ਗੁਰੂ ਨਾਨਕ ਪਾਤਸ਼ਾਹ ਨੇ ਫੁਰਮਾਨ ਕੀਤਾ ਹੈ -

*ਆਦਿ ਸਚੁ ਜੁਗਾਦਿ ਸਚੁ॥*
*ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥ ਪੰਨਾ - 1*

ਇਸ ਸਤਿ ਦੀ ਸਤਾ ਹੀ ਗਿਆਨ ਹੈ, ਸੈਭੰ ਹੈ, ਸਾਡੀਆਂ ਗਿਆਨ ਇੰਦ੍ਰੀਆਂ ਵਿਚ ਅੱਖ, ਨੱਕ, ਕੰਨ, ਜੀਭ ਵਿਚ ਜੋ ਸ਼ਕਤੀ ਕੰਮ ਕਰ ਰਹੀ ਹੈ ਉਹ ਸਾਰੀ ਹੀ ਬ੍ਰਹਮ ਸ਼ਕਤੀ ਹੈ। ਇਸ ਕਰਕੇ ਕਿਹਾ ਜਾਂਦਾ ਹੈ ਕਿ ਉਹ ਦੇਖਦਾ ਵੀ ਆਪ ਹੈ, ਸੁਣਦਾ ਵੀ ਆਪ ਹੈ ਕਿਉਂਕਿ ਉਸ ਦੀ ਸ਼ਕਤੀ ਤੋਂ ਬਗੈਰ ਇਹ ਇੰਦ੍ਰੀਆਂ ਜੜ੍ਹ ਹਨ, ਇਹ ਸਾਰੇ ਸੰਸਾਰ ਦਾ

ਅਧਾਰ ਬ੍ਰਹਮ ਹੀ ਹੈ। ਬ੍ਰਹਮ ਦੇ ਦੋ ਰੂਪ ਹਨ - ਉਹ ਸਰਗੁਣ ਵੀ ਹੈ, ਨਿਰਗੁਣ ਵੀ ਹੈ, ਜੋ ਕੁਝ ਵੀ ਸੰਸਾਰ ਵਿਚ ਨਜ਼ਰ ਆ ਰਿਹਾ ਹੈ ਇਹ ਸਮੁੱਚਾ ਰੂਪ ਸਰਗੁਣ ਹੈ। ਇਹ ਸਰਗੁਣ ਹੁੰਦਾ ਹੋਇਆ ਵੀ ਨਿਰਗੁਣ ਹੈ। ਸਤਿ, ਚਿਤ, ਅਨੰਦ ਹੈ, ਸੰਸਾਰ ਦਾ ਮੂਲ ਕਾਰਨ ਹੈ। ਇਸ ਦੇ ਮੂਰਤ ਅਤੇ ਅਮੂਰਤ ਦੋ ਰੂਪ ਹਨ, ਪਰ ਹੈ ਇਹ ਇਕ ਹੀ, ਸਾਰੇ ਸੰਸਾਰ ਦਾ ਮੂਲ ਕਾਰਨ ਹੋਣ ਕਰਕੇ ਅਧਾਰ ਭੀ ਹੈ। ਇਹ ਸਰਗੁਣ ਰੂਪ ਵਿਚ ਵੀ ਨਜ਼ਰ ਆਉਂਦਾ ਹੈ, ਨਿਰਗੁਣ ਵਿਚ ਇਹ ਅਗੰਮ ਅਤੇ ਅਗੋਚਰ ਹੈ। ਮਨੁੱਖੀ ਗਿਆਨ ਰਾਹੀਂ ਨਾ ਹੀ ਸਰਗੁਣ ਨੂੰ ਜਾਣਿਆ ਜਾ ਸਕਦਾ ਹੈ ਅਤੇ ਨਾ ਹੀ ਨਿਰਗੁਣ ਸਰੂਪ ਦਾ ਕੋਈ ਗਿਆਨ ਹੋ ਸਕਦਾ ਹੈ। ਇਸ ਨੂੰ ਅਨੁਭਵ ਕਰਨ ਵਾਲਾ ਇੰਦਰਾ ਅਨੁਭਵ ਹੀ ਹੈ, ਇਹ ਅਨੁਭਵ ਪ੍ਰਕਾਸ਼ ਹੈ।

ਸੋ ਜਗਤ ਦੀ ਮੂਲ ਸਤਾ ਸਤਿ ਹੈ, ਸਤਿ ਆਪਣੀ ਸਤਾ ਵਾਸਤੇ ਕਿਸੇ ਹੋਰ ਉਪਰ ਨਿਰਭਰ ਨਹੀਂ ਹੈ, ਇਸ ਸਤਿ ਵਿਚੋਂ ਹੀ ਸਾਰੇ ਤੱਤ ਪ੍ਰਗਟ ਹਨ। ਇਸ ਦੇ ਅਨੇਕ ਸਰੂਪਾਂ ਵਿਚ ਕਿਸੇ ਤਰ੍ਹਾਂ ਦਾ ਵੀ ਕੋਈ ਵਿਰੋਧ ਨਹੀਂ ਹੈ ਕਿਉਂਕਿ ਇਹ ਸਤਿ ਦੇਸ਼, ਕਾਲ, ਵਸਤੂ ਤੋਂ ਪਹਿਲਾਂ ਆਪੇ ਹੀ ਸੀ, ਇਹ ਨਿਰਗੁਣ ਸਰੂਪ ਸੀ, ਨਿਰੰਕਾਰ ਸੀ ਜਦੋਂ ਪਸਾਰਾ ਹੋਇਆ ਤਾਂ ਭਾਈ ਗੁਰਦਾਸ ਜੀ ਦਸਦੇ ਹਨ -

***ਨਿਰੰਕਾਰੁ ਆਕਾਰੁ ਹੋਇ ਏਕੰਕਾਰੁ ਅਪਾਰੁ ਸਦਾਇਆ॥***
***ਏਕੰਕਾਰਹੁ ਸਬਦ ਧੁਨਿ ਓਅੰਕਾਰ ਅਕਾਰੁ ਬਣਾਇਆ॥***
***ਭਾਈ ਗੁਰਦਾਸ ਜੀ, ਵਾਰ 26/2***

ਸੋ ਇਹ ਸਤਿ ਹੁਣ ਵੀ ਹੈ, ਅੱਗੇ ਨੂੰ ਵੀ ਹੋਵੇਗਾ, ਇਕ ਰਸ ਹੈ ਅ-ਬਦਲ ਹੈ, ਸਦੀਵੀ ਹੈ, ਕਦੇ ਵੀ ਇਹ ਘਟਦਾ ਵਧਦਾ ਨਹੀਂ ਹੈ। ਇਸ ਸਤਿ ਨੂੰ ਏਕਮੇਵ ਏਕੰ+ਏਵੰ ਅਤੇ ਅਦ੍ਵਿਤੀਯ ਅਥਵਾ ਹੋਰ ਕੋਈ ਨਹੀਂ ਸੀ, ਆਪੇ ਆਪ ਹੀ ਸੀ। ਸਤਿ ਨੂੰ ਆਤਮਾ ਦਾ ਹੀ ਰੂਪ ਮੰਨਿਆ ਗਿਆ ਹੈ। ਆਤਮ ਸ਼ਬਦ ਸ਼ੁਧ ਚੇਤਨ ਵਾਸਤੇ ਵਰਤਿਆ ਜਾਂਦਾ ਹੈ। ਸਤਿ ਆਪਣੇ ਸਰੂਪ ਦੇ ਆਪਣੇ ਮੂਲ ਤੱਤ ਤੋਂ ਵਖਰਾ ਨਹੀਂ ਹੈ ਅਤੇ ਜਗਤ ਦਾ ਮੂਲ ਕਾਰਨ ਇਕ ਹੀ ਹੈ ਅਤੇ ਇਹ ਕਾਰਨ ਚੇਤਨਾ ਵਾਲਾ ਹੈ, ਵਿਚਾਰ ਸ਼ਕਤੀ ਵਾਲਾ ਹੈ, ਵਿਚਾਰ ਨਾਲ ਹੀ ਜਗਤ ਦੀ ਰਚਨਾ ਕਰਦਾ ਹੈ, ਸਤਿ ਤੱਤ ਆਤਮਾ ਹੈ, ਬ੍ਰਹਮ ਹੀ ਸਤਿ ਹੈ ਮੂਲ ਸੱਤਾ ਹੀ ਬ੍ਰਹਮ ਹੈ। ਜਿਹੜਾ ਬ੍ਰਹਮ ਨੂੰ ਅਸੱਤਿ ਸਮਝਦਾ ਹੈ ਉਹ ਆਪ ਹੀ ਅਸੱਤਿ ਹੋ ਜਾਇਆ ਕਰਦਾ ਹੈ। ਜਿਹੜਾ ਸਤਿ ਸਮਝਦਾ ਹੈ ਉਹ ਸੱਤਿ ਰੂਪ ਹੋ ਜਾਇਆ ਕਰਦਾ ਹੈ। ਬ੍ਰਹਮ ਅਦ੍ਵੈਤ ਸਤਿ ਹੈ, ਇਸ ਵਿਚ ਕਿਸੇ ਦੂਜੇ ਨੂੰ ਦਾਖਲ ਹੋਣ ਦੀ ਕੋਈ ਗੁੰਜਾਇਸ਼ ਨਹੀਂ ਹੈ। ਇਹੀ ਸਤਿ ਜੀਵ ਰੂਪ ਹੋ ਕੇ ਸਾਰੇ ਸਰੀਰਾਂ ਨੂੰ ਆਪੋ ਆਪਣੇ ਥਾਂ ਸਤ੍ਹਾ ਦੇ ਰਿਹਾ ਹੈ। ਜੀਵ ਮਾਇਆ ਦੇ ਅਸਰ ਦੇ ਅਧੀਨ ਹੋਣ ਕਰਕੇ ਆਪਣੇ ਆਪ ਨੂੰ ਆਤਮਾ ਤੋਂ ਵਖਰਾ ਸਮਝ ਕੇ ਜੀਵ+ਆਤਮਾ=ਜੀਵ ਆਤਮਾ ਦੀ ਉਪਾਧੀ ਧਾਰਨ ਕਰ ਲੈਂਦਾ ਹੈ ਅਤੇ ਉਥੋਂ ਪ੍ਰਕ੍ਰਿਤੀ ਨਾਲ ਮਿਲ ਕੇ ਐਨਾ ਨੀਵਾਂ ਚਲਿਆ ਜਾਂਦਾ ਹੈ ਕਿ ਉਹ ਆਪਣੇ ਆਪ ਨੂੰ ਪੰਜਾਂ ਤੱਤਾਂ, 25 ਪ੍ਰਕ੍ਰਿਤੀਆਂ, ਪੰਜ ਪ੍ਰਾਣਾਂ, ਮਨ, ਚਿਤ, ਬੁੱਧ ਨੂੰ ਧਾਰਨ ਕੀਤੀ ਹੋਈ ਦੇਹ ਮੰਨਦਾ ਹੈ ਜਿਵੇਂ ਕਾਰ ਦਾ ਡਰਾਈਵਰ ਆਪਣੇ ਚਾਲਕ ਸਰੂਪ ਨੂੰ ਭੁੱਲ ਕੇ ਕਾਰ ਹੀ ਮੰਨੇ ਜਾਂ ਕਿਸੇ ਮਹੱਲ ਵਿਚ ਰਹਿਣ ਵਾਲਾ ਮਨੁੱਖ ਆਪਣੇ ਪੰਜਾਂ ਤੱਤਾਂ ਦੇ ਬਣੇ ਸਰੀਰ ਨੂੰ ਭੁੱਲ ਕੇ ਇੱਟਾਂ, ਸੀਮਿੰਟ, ਲਕੜੀ, ਸ਼ੀਸ਼ੇ ਆਦਿ ਨਾਲ ਬਣਾਈ ਜੜ੍ਹ ਕੋਠੀ ਹੀ ਸਮਝੇ। ਇਹ ਇਸ ਦਾ ਅਗਿਆਨ ਹੈ। ਇਹ ਆਪਣੇ ਅਸਲ ਸਰੂਪ ਨੂੰ ਪਛਾਣਦਾ ਨਹੀਂ। ਆਤਮਾ ਦੀ ਜਿਹੜੀ ਚੇਤਨਾ, ਇਨ੍ਹਾਂ ਇੰਦ੍ਰਿਆਂ ਵਿਚੋਂ ਵਰਤਦੀ ਹੈ, ਇਸੇ ਚੇਤਨਾ ਨੂੰ ਜੀਵ ਆਖਦੇ ਹਨ ਪਰ ਇਹ ਬ੍ਰਹਮ ਸਤਾ ਤੋਂ ਕਿਸੇ ਹਾਲਤ ਵਿਚ ਵੀ ਵਖਰੀ ਨਹੀਂ ਹੈ। ਮੰਡੂਕ ਉਪਨਿਸ਼ਦ ਅਨੁਸਾਰ ਇਹ ਆਤਮਾ ਮਨੁੱਖ ਦੀ ਖੋਪਰੀ ਰਾਹੀਂ ਜੋ ਦਰਾਰ ਹੈ ਜਿਸ ਨੂੰ ਬ੍ਰਹਮ ਰੁੰਦਰ ਆਖਿਆ ਜਾਂਦਾ ਹੈ, ਉਸ ਰਾਹੀਂ ਸਰੀਰ ਵਿਚ ਪ੍ਰਵੇਸ਼ ਕਰ ਜਾਂਦੀ ਹੈ। ਗੀਤਾ ਵਿਚ ਇਸ ਚੇਤਨ ਸੱਤਾ ਨੂੰ 'ਰਾਮ ਕੀ ਅੰਸ' ਆਖਿਆ ਜਾਂਦਾ ਹੈ।

***ਕਹੁ ਕਬੀਰ ਇਹੁ ਰਾਮ ਕੀ ਅੰਸੁ॥***
***ਜਸ ਕਾਗਦ ਪਰ ਮਿਟੈ ਨ ਮੰਸੁ॥ ਪੰਨਾ - 871***

ਜਿਵੇਂ ਸੂਰਜ ਦਾ ਪ੍ਰਤੀਬਿੰਬ ਸੂਰਜ ਤੋਂ ਵੱਖਰਾ ਨਹੀਂ ਹੈ। ਇਸ ਤਰ੍ਹਾਂ ਘੜੇ ਦਾ ਆਕਾਸ਼, ਮੱਟ ਦਾ ਆਕਾਸ਼, ਮੇਘਾ ਆਕਾਸ਼, ਮਹਾਂ ਆਕਾਸ਼ ਤੋਂ ਕਿਸੇ ਤਰ੍ਹਾਂ ਵੀ ਵੱਖਰੇ ਨਹੀਂ ਹਨ। ਇਵੇਂ ਹੀ ਜੀਵ ਤੱਤ, ਸਤਿ ਤੱਤ ਤੋਂ ਕਿਸੇ ਤਰ੍ਹਾਂ ਵੀ ਵਖਰਾ ਨਹੀਂ ਹੈ। ਸਤਿ ਆਪ ਹੀ ਜੀਵ ਰੂਪ ਹੋ ਕੇ ਭੌਤਿਕ ਤੱਤਾਂ ਵਿਚ ਕ੍ਰਿਆ ਪੈਦਾ ਕਰਦਾ ਹੈ। ਸਤਿ ਦਾ ਇਕ ਸਰੂਪ ਸਮਸ਼ਟੀ ਹੈ, ਉਹ ਸਮਸ਼ਟਤਾ ਕਰਕੇ ਇਕ ਮੁਕੰਮਲ ਹੋਂਦ ਹੈ, ਇਕਾਈ ਹੈ। ਜਗਤ ਪ੍ਰਭੂ, ਆਤਮ ਰੂਪ ਹੋ ਕੇ ਦਿਸਦਾ ਹੈ ਇਕ ਵਿਅਸ਼ਟੀ ਹੋ ਕੇ ਜੀਵ ਰੂਪ ਧਾਰਨ ਕਰਦਾ ਹੈ। ਉਸ ਦੀ ਸੱਤਾ ਕਰਕੇ ਹੀ ਜੀਵ ਰੂਪ ਹੈ, ਨਾਮ ਹੈ ਅਤੇ ਅਨੇਕ ਹੈ -

***ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ॥***
***ਖੇਲ ਖੇਲ ਅਖੇਲ ਖੇਲਨ ਅੰਤ ਕਉ ਫਿਰ ਏਕ॥***
***ਜਾਪੁ ਸਾਹਿਬ***

ਪਾਣੀ ਵਿਚ ਨਮਕ ਦਿਸਦਾ ਨਹੀਂ ਪਰ ਉਸਦਾ ਨਮਕੀਨ-ਪੁਣਾ ਨਮਕ ਕਰਕੇ ਹੈ। ਇਵੇਂ ਹੀ ਸਾਰੇ ਸਰੀਰਾਂ ਵਿਚ ਸਤਿ ਦਿਸਦਾ ਨਹੀਂ ਪਰ ਸਤਿ ਵਿਆਪਕ ਹੈ ਅਤੇ ਸਤਿ ਕਰਕੇ ਹੀ ਸਰੀਰ ਦੀ ਜੜ੍ਹਤਾ ਚੇਤਨ ਪ੍ਰਤੀਤ ਹੋ ਰਹੀ ਹੈ। ਸੰਸਾਰ ਦੀ ਹੋਂਦ ਕੇਵਲ ਇਸੇ ਆਤਮਾ ਕਰਕੇ ਕਾਇਮ ਹੈ ਜਿਵੇਂ ਕਿ ਪਾਣੀ ਦਾ ਨਮਕੀਨਪੁਣਾ ਨਮਕ ਆਸਰੇ ਹੈ। ਸਾਧਨਾ ਨਾਲ ਇਹ ਅਨੁਭਵ ਪ੍ਰਾਪਤ ਹੁੰਦਾ ਹੈ। ਸਤਿ ਸਾਰੇ ਸਜੀਵ ਅਤੇ ਨਿਰਜੀਵ ਪਦਾਰਥਾਂ ਵਿਚ ਇਕ ਰਸ ਵਿਆਪਕ ਹੈ ਜਿਵੇਂ ਬਨਸਪਤੀ ਵਿਚ ਅਗਨ, ਦੁਧ ਵਿਚ ਘੀ ਹੁੰਦਾ ਹੈ। ਇਸ ਤੱਤ ਚੇਤਨ ਕਰਕੇ ਵਿਸ਼ਵ ਦੀ ਹੋਂਦ, ਸਤਿ ਕਰਕੇ ਹੀ ਜਾਣੀ ਜਾਂਦੀ ਹੈ।

***ਸਗਲ ਬਨਸਪਤਿ ਮਹਿ ਬੈਸੰਤਰੁ ਸਗਲ ਦੂਧ ਮਹਿ ਘੀਆ॥***
***ਊਚ ਨੀਚ ਮਹਿ ਜੋਤਿ ਸਮਾਣੀ ਘਟਿ ਘਟਿ ਮਾਧਉ ਜੀਆ॥***
***ਪੰਨਾ - 617***

ਪੰਡਤ ਜੀ ਕਹਿਣ ਲੱਗੇ ਕਿ ਓਦਾਲਕ ਰਿਸ਼ੀ ਸ੍ਵੈਤਕੇਤੂ ਨੂੰ ਪੁਛਦੇ ਹਨ ਕਿ ਤੈਨੂੰ ਉਸ ਆਦੇਸ਼ ਜਾਂ ਉਪਦੇਸ਼ ਦਾ ਪਤਾ

ਹੈ ਜਿਸ ਨਾਲ ਬਗੈਰ ਸੁਣੇ ਸੁਣਿਆ ਜਾਂਦਾ ਹੋਵੇ, ਬਗੈਰ ਵਿਚਾਰ ਕੀਤੇ ਵਿਚਾਰਿਆ ਜਾਂਦਾ ਹੋਵੇ, ਅਤੇ ਬਿਨਾਂ ਜਾਣੇ ਹੀ ਜਾਣਿਆ ਜਾਂਦਾ ਹੋਵੇ?

ਰਿਸ਼ੀ ਨੇ ਕਿਹਾ ਜਿਵੇਂ ਮਿਟੀ ਦੇ ਭਾਂਡੇ ਮਿੱਟੀ ਹੀ ਹੁੰਦੇ ਹਨ, ਮਿੱਟੀ ਦਾ ਗਿਆਨ ਹੋਣ ਨਾਲ ਮਿੱਟੀ ਨਾਲ ਬਣੇ ਪਦਾਰਥਾਂ ਦਾ ਆਪੇ ਹੀ ਗਿਆਨ ਹੋ ਜਾਂਦਾ ਹੈ। ਇਵੇਂ ਹੀ ਸਤਿ ਦਾ ਗਿਆਨ ਹੋਣ ਨਾਲ ਆਪੇ ਹੀ ਗਿਆਨ ਹੋ ਜਾਂਦਾ ਹੈ ਕਿਉਂਕਿ ਸਾਰਾ ਦ੍ਰਿਸ਼ਟਮਾਨ ਸਤਿ ਵਿਚੋਂ ਹੀ ਹੋਂਦ ਵਿਚ ਆਇਆ ਹੈ। ਵਿਸ਼ਵ ਦੇ ਸਾਰੇ ਪਦਾਰਥਾਂ ਪਿਛੇ ਇਕ ਸੱਤ ਤੱਤ ਹੀ ਹੈ। ਸਤਿ ਆਪਣੀ ਸਤਾ ਦੇ ਅਧਾਰ ਤੇ ਸਭ ਦੀ ਸਤਾ ਦਾ ਮੂਲ ਰੂਪ ਹੈ। ਪਰ ਸਤਿ ਆਪਣੇ ਵਿਚ ਸਭ ਪ੍ਰਕਾਰ ਦੇ ਲੌਕਿਕ ਅਤੇ ਅਲੌਕਿਕ ਭੇਦਾਂ ਤੋਂ ਪਰ੍ਹੇ ਹੈ। ਇਸ ਨੇ ਆਪਣੇ ਆਪ ਤੋਂ ਹੀ ਸਥੂਲ ਤੱਤਾਂ ਦੀ ਉਤਪਤੀ ਕੀਤੀ ਹੈ, ਇਹੋ ਤੱਤ ਬ੍ਰਹਮ ਹੈ, ਆਤਮਾ ਹੈ, ਏਕੰਕਾਰ ਹੈ, ਓਅੰਕਾਰ ਹੈ। ਵਾਹਿਗੁਰੂ ਇਸ ਵਿਚ ਗਿਆਨ ਸ਼ਕਤੀ ਅਤੇ ਵਿਚਾਰ ਸ਼ਕਤੀ ਵੀ ਹੈ। ਸਾਰੀਆਂ ਸ਼ਕਤੀਆਂ ਹਨ, ਸਤਿ ਹੀ ਸਭ ਦਾ ਸਾਰ ਹੈ।

ਪੰਡਤ ਜੀ ਕਹਿਣ ਲੱਗੇ, ਵਿਸ਼ਵ ਵਿਚ ਆਤਮ-ਅਨਾਤਮ ਦੋ ਪਦਾਰਥ ਹਨ। ਅਨਾਤਮਾ ਦੀ ਰਚਨਾ ਮਾਇਆ ਤੋਂ ਹੋਈ। ਆਤਮਾ ਸਦੀਵ ਕਾਲ ਤੋਂ ਅਨਾਦੀ ਹੈ। ਸਿਰਫ ਇਹੋ ਆਤਮਾ ਹੀ ਵਿਸ਼ਵ ਦੀ ਇਕੱਲੀ ਸਚਾਈ ਹੈ। ਆਤਮਾ ਸ਼ੁਧ ਚੇਤਨ, ਬ੍ਰਹਮ ਹੈ; ਈਸ਼ਰ, ਪ੍ਰਮਾਤਮਾ, ਜਗਤ ਰਚਨਾ ਤੋਂ ਪਹਿਲਾਂ ਵੀ ਸੀ, ਜਦੋਂ ਜਗਤ ਨਹੀਂ ਰਹਿਣਾ, ਇਹੋ ਆਤਮਾ ਹੀ ਹੋਵੇਗੀ। ਆਤਮਾ ਸਭ ਵਿਚ ਵਿਆਪਕ ਅਤੇ ਵਰਤਮਾਨ ਹੈ, ਇਹ ਅਨਾਮ (ਨਾਮ-ਰਹਿਤ) ਤੱਤ ਨੂੰ ਸਮਝਣ ਲਈ ਗੱਲਬਾਤ ਵਿਚ ਲਿਆਉਣ ਲਈ ਇਸ ਦਾ ਨਾਮ ਆਤਮਾ ਰੱਖਿਆ ਗਿਆ ਹੈ।

ਆਤਮਾ ਸ਼ੁਧ ਚੇਤਨ ਤੱਤ ਹੈ। ਚੇਤਨਾ ਆਤਮਾ ਦਾ ਵਖਰਾ ਗੁਣ ਨਹੀਂ ਹੈ, ਗਿਆਨ ਆਤਮਾ ਦਾ ਵਖਰਾ ਗੁਣ ਨਹੀਂ ਹੈ, ਆਤਮਾ ਆਪ ਹੀ ਗਿਆਨ ਸਰੂਪ ਤੇ ਚੇਤਨ ਸਰੂਪ ਹੈ, ਨਿਰਗੁਣ ਤੱਤ ਹੋਣ ਕਰਕੇ ਪ੍ਰਕ੍ਰਿਤਕ ਅਤੇ ਅਪ੍ਰਕ੍ਰਿਤਕ ਗੁਣਾਂ ਤੋਂ ਪਰ੍ਹੇ ਹੈ, ਫੇਰ ਵੀ ਸਾਰੀ ਪ੍ਰਕ੍ਰਿਤੀ ਦਾ ਅਧਾਰ ਹੈ। ਸਾਰੇ ਜੀਵਾਂ ਦਾ ਚੇਤਨ ਅਧਾਰ ਹੈ, ਸਾਰੇ ਜੀਵਾਂ ਵਿਚ ਜੋ ਚੇਤਨਤਾ ਹੈ, ਆਤਮਾ ਕਰਕੇ ਹੈ। ਚੇਤਨ ਹੋਣ ਕਰਕੇ ਆਤਮਾ ਗਿਆਨ ਸਰੂਪ ਹੈ, ਆਤਮਾ ਗਿਆਨ ਦਾ ਵਿਸ਼ਾ ਨਹੀਂ ਕਿਉਂਕਿ ਆਪ ਹੀ ਗਿਆਨ ਹੈ, ਗਿਆਨ ਸਰੂਪ ਹੁੰਦੀ ਹੋਈ ਵੀ ਇਹ ਜੋਤ ਸਰੂਪ ਹੈ। ਸੂਰਜ, ਚੰਦ, ਤਾਰਿਆਂ ਦੀ ਜੋਤੀ ਆਤਮਾ ਕਰਕੇ ਹੈ, ਆਤਮਾ ਸਭ ਦਾ ਅਧਾਰ ਹੈ, ਸਾਰੇ ਤੱਤਾਂ ਨੂੰ ਕੇਵਲ ਇਕ ਆਤਮਾ ਦਾ ਅਧਾਰ ਹੈ।

ਆਤਮਦਰਸ਼ੀ ਪੁਰਸ਼ ਕਿਸੇ ਨੂੰ ਘਿਰਣਾ ਨਹੀਂ ਕਰਦਾ, ਸਭ ਨੂੰ ਆਤਮ ਜੋਤ ਹੀ ਤਕਦਾ ਹੈ, ਉਹ ਆਪਣੇ ਆਪ ਨੂੰ ਆਤਮਾ ਤੋਂ ਵਖਰਾ ਨਹੀਂ ਜਾਣਦਾ, ਆਪਣੇ ਆਪ ਨੂੰ ਸਰਬ ਆਤਮਾ ਹੀ ਸਮਝਦਾ ਹੈ। ਸਾਰੇ ਪ੍ਰਕ੍ਰਿਤਕ ਤੇ ਅੰਦਰਲੇ ਤੱਤਾਂ ਦਾ ਅਧਾਰ ਆਤਮਾ ਹੈ। ਆਤਮਾ ਦੇ ਅਧਾਰ ਕਰਕੇ ਹੀ ਸੰਸਾਰ ਹੈ, ਸਾਰਿਆਂ ਦੀ ਹੋਂਦ ਦਾ ਅਧਾਰ ਆਤਮਾ ਹੀ ਹੈ।

ਪੰਡਤ ਜੀ ਕਹਿਣ ਲੱਗੇ, "ਰਾਜਕੁਮਾਰੀ ਜੀ! ਵੇਦਾਂ ਦੀ ਵਿਦਿਆ ਦੀ ਭਾਰਤ ਵਰਸ਼ ਦੇ ਮਹਾਨ ਰਿਸ਼ੀਆਂ ਨੇ ਸਾਰਾ ਜੀਵਨ ਇਕਾਂਤ ਅਵਸਥਾ ਵਿਚ ਲਾ ਕੇ ਅੰਦਰਲੀ ਖੋਜ ਕੀਤੀ। ਬ੍ਰਿਹਦਾਰਣਿਅਕ ਉਪਨਿਸ਼ਦ ਅਨੁਸਾਰ ਫੁਰਮਾਨ ਹੈ ਕਿ ਜੋ ਪ੍ਰਿਥਵੀ ਵਿਚ ਰਹਿ ਕੇ ਉਸ ਨੂੰ ਨਿਅੰਤਰਣ ਵਿਚ ਰਖਦਾ ਹੈ, ਉਹ ਤੇਰਾ ਆਤਮਾ ਹੈ। ਇਸ ਤਰ੍ਹਾਂ ਨਾਲ ਜਲ, ਵਾਯੂ, ਅਗਨੀ, ਸੂਰਜ, ਚੰਦ, ਤਾਰੇ, ਆਕਾਸ਼, ਤੇਜ ਵਿਚ ਰਹਿਣ ਵਾਲਾ ਅਤੇ ਇਨ੍ਹਾਂ ਦੀ ਹੋਂਦ ਰੱਖ ਕੇ ਕਾਰਬਾ ਲੈਣ ਵਾਲਾ ਤੂੰ ਆਪ ਹੈਂ, ਆਤਮਾ ਹੀ ਹੈਂ। ਤੂੰ ਆਪਣੇ ਇਸ ਉਚੇ ਪਦ ਤੋਂ ਗਿਰ ਕੇ ਅਗਿਆਨ ਵਸ ਪਹਿਲਾਂ ਪੰਜ ਤੱਤਾਂ ਦੀ ਨਾਮ, ਰੂਪ, ਸਬੰਧਾਂ ਵਾਲੀ, ਕਰਮ ਚੱਕਰ ਵਿਚ ਗ੍ਰਹਿਸਤ ਦੇਹ ਮੰਨਦਾ ਹੈਂ, ਫੇਰ ਹੋਰ ਉਚਾ ਉਠ ਕੇ ਆਪਣਾ ਵਖਰਾਪੁਣ ਕਾਇਮ ਰਖਦਾ ਹੋਇਆ ਜੀਵ ਆਤਮਾ ਮੰਨਦਾ ਹੈਂ। ਤੇਰੇ ਸਰੂਪ ਬਾਰੇ ਚਾਰੇ ਵੇਦ, ਉਪਨਿਸ਼ਦ, ਧਾਰਮਕ ਗ੍ਰੰਥ ਅਤੇ ਤੱਤ ਵੇਤੇ ਮਹਾਂਪੁਰਸ਼ ਦਸਦੇ ਹਨ ਪਰ ਤੂੰ ਆਪਣੇ ਤੱਤ ਆਤਮ ਸਰੂਪ ਨੂੰ ਨਾ ਮੰਨ ਕੇ ਦੇਹ ਮੰਦਾ ਹੈਂ ਪਰ ਅਸਲ ਸਰੂਪ ਤੇਰਾ ਆਤਮਾ ਹੀ ਹੈ। ਇਸੇ ਤਰ੍ਹਾਂ ਆਤਮਾ ਤੇਰੇ ਸਰੀਰ ਦੇ ਅੰਗਾਂ ਅੱਖਾਂ, ਨੱਕ, ਕੰਨ, ਜੀਭ ਵਿਚ ਰਹਿਣ ਵਾਲਾ ਹੈ ਜੋ ਸਾਰੇ ਸਰੀਰ ਨੂੰ ਨਿਅੰਤਰਣ ਵਿਚ ਰਖਦਾ ਹੈ। ਮਿਹਦਾ ਆਪਣੇ ਥਾਂ ਆਪਣਾ ਕੰਮ ਕਰਦਾ ਹੈ, ਦਿਲ ਆਪਣੇ ਥਾਂ ਸਾਰੇ ਸਰੀਰ ਵਿਚ ਖੂਨ ਨੂੰ ਘੁਮਾਉਂਦਾ ਹੈ, ਦਿਮਾਗ ਆਪਣੇ ਥਾਂ ਸਰੀਰ ਨੂੰ ਕਾਬੂ ਕਰਦਾ ਹੈ। ਇਨ੍ਹਾਂ ਸਾਰਿਆਂ ਨੂੰ ਸਤਾ ਦੇਣ ਵਾਲੀ ਸ਼ਕਤੀ ਆਤਮਾ ਹੈ। ਹੱਥ ਪੈਰ ਆਪਣਾ ਕੰਮ ਕਰ ਰਹੇ ਹਨ। ਇਸ ਆਤਮਾ ਨੂੰ ਵੇਖਿਆ ਨਹੀਂ ਜਾ ਸਕਦਾ ਪਰ ਇਹ ਸਭ ਨੂੰ ਵੇਖਦਾ ਹੈ। ਇਸ ਨੂੰ ਸੁਣਿਆ ਨਹੀਂ ਜਾ ਸਕਦਾ, ਇਹ ਸਭ ਨੂੰ ਸੁਣਦਾ ਹੈ। ਇਸ ਦਾ ਮੰਨਣ ਕਿਸੇ ਸਰੂਪ ਦੀ ਉਪਾਧੀ ਦੇ ਕੇ ਨਹੀਂ ਕੀਤਾ ਜਾ ਸਕਦਾ ਪਰ ਇਹ ਸਭ ਦਾ ਮੰਨਣ ਕਰਦਾ ਹੈ। ਇਹ ਜਾਣਿਆ ਨਹੀਂ ਜਾ ਸਕਦਾ -

***ਨਹੀ ਜਾਨ ਜਾਈ ਕਛੂ ਰੂਪ ਰੇਖੰ॥***
***ਕਹਾ ਬਾਸ ਤਾਂਕੋ ਫਿਰੈ ਕਉਨ ਭੇਖੰ॥***
***ਕਹਾ ਨਾਮ ਤਾਕੋ ਕਹਾ ਕੈ ਕਹਾਵੈ॥***
***ਕਹਾ ਮੈ ਬਖਾਨੋ ਕਹੇ ਮੋ ਨ ਆਵੈ॥ ਅਕਾਲ ਉਸਤਤਿ***

ਪਰ ਆਪ ਸਭ ਨੂੰ ਜਾਣਦਾ ਹੈ। ਇਸ ਆਤਮਾ ਤੋਂ ਇਲਾਵਾ ਕੋਈ ਹੋਰ ਦੇਖਣ ਵਾਲਾ, ਸੁਣਨ ਵਾਲਾ, ਬੋਲਣ ਵਾਲਾ, ਜਾਨਣ ਵਾਲਾ ਨਹੀਂ ਹੈ। ਇਹ ਸਾਰੀ ਕ੍ਰਿਆ ਆਤਮਾ ਹੀ ਕਰਦੀ ਹੈ। ਇਹ ਅੰਤਰਜਾਮੀ ਹੈ, ਕਾਲ ਰਹਿਤ ਅਕਾਲ ਹੈ। ਇਸ ਤੋਂ ਬਿਨਾਂ ਸਭ ਦੁਖ ਰੂਪ ਜੜ੍ਹ ਹੈ, ਵਿਸ਼ਵ ਦੇ ਸਾਰੇ ਭੌਤਿਕ ਤੱਤਾਂ ਅਤੇ ਸਾਰੇ ਅਧਿਆਤਮਕ ਤੱਤਾਂ ਉਪਰ ਇਹ ਤੇਰੀ ਆਤਮਾ ਹੀ (ਯਾਨੀ ਕਿ ਤੂੰ ਹੀ) ਕਾਬੂ ਰਖਦੀ ਹੈ। ਭੌਤਿਕ ਤੱਤਾਂ ਵਿਚ ਪ੍ਰਮਾਣੂਆਂ ਦਾ ਸਮੂਹ ਕਿਵੇਂ ਇਕੱਠਾ ਹੋ ਕੇ ਰੂਪ ਧਾਰਨ ਕਰਦਾ ਹੈ ਅਤੇ ਇਸ ਰੂਪ ਨੂੰ ਕਾਇਮ ਕਰਨ ਵਾਸਤੇ ਸਾਰੇ ਪ੍ਰਮਾਣੂਆਂ ਨੂੰ ਰੂਪਮਾਨ ਕਰਨ ਵਾਲਾ, ਅਨੇਕਾਂ ਰੰਗਾਂ, ਰੂਪਾਂ, ਜਿਨਸਾਂ ਵਿਚ ਰੂਪਮਾਨ ਕਰਕੇ ਅਨੇਕਤਾ ਪੈਦਾ ਕਰਨ

ਵਾਲਾ ਤੂੰ ਆਤਮਾ ਹੀ ਹੈਂ ਜਾਂ ਤੇਰਾ ਆਤਮਾ ਹੀ ਹੈ। ਇਸ ਅੰਤਰਜਾਮੀ ਆਤਮਾ ਦੇ ਸਰੂਪ ਨੂੰ ਕੋਈ ਨਹੀਂ ਸਮਝ ਸਕਦਾ। ਇਹ ਅਗੰਮ ਹੈ, ਅਗੋਚਰ ਹੈ ਪਰ ਇਹ ਸਭ ਨੂੰ ਸਮਝ ਰਹੀ ਹੈ। ਇਹ ਆਤਮਾ ਸਦੀਵ ਆਪਣੇ ਆਪ ਨੂੰ ਜਾਣਦਾ ਹੈ, ਜੀਵ ਵਾਂਗੂੰ ਭੁੱਲਦਾ ਨਹੀਂ। ਮਾਇਆ ਇਸ ਦੀ ਆਪਣੀ ਰਚਨਾ ਹੋਣ ਕਰਕੇ ਇਸ ਉਪਰ ਭੁੱਲ ਦਾ ਅਸਰ ਨਹੀਂ ਕਰਦੀ। ਸਾਰੇ ਜੜ੍ਹ ਚੇਤਨ, ਦੇਵ, ਅਦੇਵ ਪਦਾਰਥਾਂ ਤੇ ਕਾਬੂ ਰਖਦੀ ਹੈ। ਆਤਮਾ ਜਨਮ ਮਰਨ ਵਿਚ ਨਹੀਂ ਆਉਂਦੀ ਪਰ ਜੋ ਕੁਛ ਪੈਦਾ ਹੁੰਦਾ ਹੈ ਉਹ ਮਰਦਾ ਹੈ, ਆਤਮਾ ਅਜਨਮਾ ਹੈ। ਇਹ ਆਤਮਾ ਜਨਮ ਮਰਨ ਰਹਿਤ ਨਿਤ ਨਵਾਂ ਹੈ –

***ਸਾਹਿਬੁ ਮੇਰਾ ਨੀਤ ਨਵਾ ਸਦਾ ਸਦਾ ਦਾਤਾਰੁ॥***

***ਪੰਨਾ – 660***

ਜਿਵੇਂ ਧਰਤੀ ਵਿਚੋਂ ਸਾਰੇ ਰੁਖ, ਬ੍ਰਿਖ, ਘਾਹ, ਫੂਸ, ਫਸਲਾਂ ਪੈਦਾ ਹੁੰਦੀਆਂ ਹਨ, ਇਸ ਵਿਚ ਹੀ ਸਮਾਅ ਜਾਂਦੀਆਂ ਹਨ। ਇਹ ਆਤਮਾ ਜਨਮ ਮਰਨ ਤੋਂ ਰਹਿਤ, ਨਿਤ ਨਵਾਂ, ਅਬਿਨਾਸੀ ਹੈ, ਕਿਤੋਂ ਆਉਂਦਾ ਜਾਂਦਾ ਨਹੀਂ –

***ਓਹੁ ਅਬਿਨਾਸੀ ਬਿਨਸਤ ਨਾਹੀ॥***
***ਨਾ ਕੋ ਆਵੈ ਨ ਕੋ ਜਾਹੀ॥***
***ਗੁਰਿ ਪੂਰੈ ਹਉਮੈ ਮਲੁ ਧੋਈ॥***
***ਕਹੁ ਨਾਨਕ ਮੇਰੀ ਪਰਮ ਗਤਿ ਹੋਈ॥ ਪੰਨਾ – 736***

ਆਤਮਾ ਨੂੰ ਕੋਈ ਮਾਰ ਨਹੀਂ ਸਕਦਾ। ਆਤਮਾ ਜਨਮ ਮਰਨ ਤੋਂ ਰਹਿਤ ਹੈ। ਇਸ ਉਪਰ ਪ੍ਰਕ੍ਰਿਤੀ ਦੀ ਕਿਸੇ ਘਟਨਾ ਦਾ ਕੋਈ ਅਸਰ ਨਹੀਂ ਹੁੰਦਾ। ਇਹ ਅਜਰ, ਅਮਰ ਹੈ, ਅਮ੍ਰਿਤ ਹੈ।

ਆਤਮਾ ਨੂੰ ਹੀ ਵਿਸ਼ਵ ਪੁਰਸ਼ ਕਿਹਾ ਗਿਆ ਹੈ, ਸਾਰਾ ਵਿਸ਼ਵ ਇਸ ਆਤਮਾ ਦਾ ਹੀ ਸਰੀਰ ਹੈ। ਸੋ ਆਤਮਾ ਵਿਆਪਕ ਤੱਤ ਮੰਨਿਆ ਗਿਆ ਹੈ। ਆਤਮਾ ਤੋਂ ਹੀ ਅਕਾਸ਼ ਦੀ ਉਤਪਤੀ ਹੋਈ। ਅਕਾਸ਼ ਵਿਆਪਕ ਹੈ, ਸੋ ਆਤਮਾ ਭੀ ਵਿਆਪਕ ਹੈ। ਆਤਮਾ ਵਿਵਹਾਰ ਤੋਂ ਪਰ੍ਹੇ ਹੈ, ਆਤਮਾ ਸਰਬ ਰੂਪ ਜੋ ਸਰਬ ਵਿਆਪਕ ਸਭ ਕੁਝ ਹੁੰਦਾ ਹੋਏ ਵੀ ਨਿਰਗੁਣ ਅਤੇ ਨਿਰੰਜਨ ਹੁੰਦੇ ਹੋਏ ਅਤੀਂਦਰੀ ਤੱਤ ਮੰਨਿਆ ਗਿਆ ਹੈ। ਸਾਰੇ ਵੇਦਾਂ, ਧਰਮ ਸਾਸ਼ਤਰਾਂ ਅਤੇ ਮਹਾਂਪੁਰਸ਼ਾਂ ਦਾ ਮਤ ਹੈ ਕਿ ਸੰਸਾਰ ਦਾ ਪਸਾਰਾ ਆਤਮਾ ਤੋਂ ਹੀ ਹੋਇਆ ਹੈ ਜਿਵੇਂ ਕਿ ਮਹਾਰਾਜ ਜੀ ਦਸਦੇ ਹਨ –

***ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥***
***ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥***

***ਪੰਨਾ – 846***

ਆਤਮਾ ਤੋਂ ਸੂਖਮ ਭੂਤ ਹੋਂਦ ਵਿਚ ਆਏ, ਉਸ ਤੋਂ ਸਥੂਲ ਸ਼ਬਦ, ਸਪਰਸ਼, ਰੂਪ, ਰਸ, ਗੰਧ; ਇਨ੍ਹਾਂ ਤੋਂ ਅਕਾਸ਼ ਹਵਾ, ਤੇਜ, ਪਾਣੀ ਤੇ ਮਿੱਟੀ ਹੋਏ। ਇਸੇ ਆਤਮਾ ਨੂੰ ਬ੍ਰਹਮ ਜਾਂ ਸਤ ਕਿਹਾ ਜਾਂਦਾ ਹੈ, ਇਹ ਸਾਰੇ ਪਸਾਰੇ ਦਾ ਮੂਲ ਕਾਰਨ ਹੈ। ਆਤਮਾ ਤੋਂ ਹੀ ਜੜ੍ਹ ਚੇਤਨ ਦੀ ਅਵਿਅਕਤੀ ਹੈ। ਯੋਗੀਆਂ ਦਾ ਮਤ ਹੈ ਕਿ ਸਾਰੇ ਪਸਾਰੇ ਵਿਚ ਪਰੀਪੂਰਨ ਹੁੰਦਾ ਹੋਇਆ ਇਹ ਆਤਮਾ ਮਨੁੱਖ ਦੇ ਹਿਰਦੇ ਵਿਚ ਨਿਵਾਸ ਕਰਦਾ ਹੈ। ਯੋਗੀ ਸਾਧਨ ਕਰ ਕਰ ਕੇ, ਸਰੀਰ ਦੇ ਚੱਕਰ ਵੇਧ ਕੇ ਇਸ ਆਤਮਾ ਦਾ ਦਰਸ਼ਨ ਹਿਰਦੇ ਵਿਚ ਕਰਦੇ ਹਨ ਜੋ ਗਿਆਨ ਸਰੂਪ ਹੁੰਦਾ ਹੋਇਆ ਵੀ ਜੋਤੀ ਸਰੂਪ ਨਜ਼ਰੀਂ ਆਉਂਦਾ ਹੈ। ਇਹ ਨਿਰਗੁਣ ਆਤਮਾ ਹੁੰਦਾ ਹੋਇਆ ਜੋਤ ਰੂਪ ਧਾਰਨ ਕਰਕੇ ਮਨੁੱਖਾਂ ਦੇ ਹਿਰਦੇ ਵਿਚ ਪ੍ਰਗਟ ਹੁੰਦਾ ਹੈ ਜਿਵੇਂ ਮਹਾਨ ਸੂਰਜ ਦਾ ਪ੍ਰਤੀਬਿੰਬ ਇਕ ਚੂੰਘੜੇ ਪਾਣੀ ਵਿਚ ਪਰ ਇਹ ਆਤਮਾ ਹੁੰਦੇ ਹੋਏ ਹਰ ਵਿਅਕਤੀ ਦੇ ਹਿਰਦੇ ਵਿਚ ਪ੍ਰਗਟ ਨਹੀਂ ਹੁੰਦਾ। ਪ੍ਰਭੂ ਨੇ ਮਨੁੱਖ ਸਰੀਰ ਦੀ ਰਚਨਾ ਕਰਦੇ ਹੋਏ ਮਨੁੱਖ ਸਰੀਰ ਦੇ ਦਰਵਾਜ਼ੇ ਬਾਹਰ ਨੂੰ ਖੋਲ੍ਹ ਦਿਤੇ। ਇਹ ਜੀਵ ਬਾਹਰ ਨੂੰ ਦੇਖਦਾ ਹੈ, ਸੁਣਦਾ ਹੈ, ਬੋਲਦਾ ਹੈ, ਬਾਹਰ ਨੂੰ ਹੀ ਸਪਰਸ਼ ਮਹਿਸੂਸ ਕਰਦਾ ਹੈ ਪਰ ਇਹ ਸਭ ਚੀਜ਼ਾਂ ਆਤਮਾ ਕਰਕੇ ਹੀ ਹਨ ਪਰ ਆਪਣੇ ਅੰਦਰ ਆਤਮਾ ਨੂੰ ਨਹੀਂ ਦੇਖਦਾ ਕਿਉਂਕਿ ਆਤਮ ਪ੍ਰਾਪਤੀ ਲਈ ਜੋ ਰਹਿਤਾਂ ਹਨ, ਜੋ ਸਾਧਨ ਹਨ ਉਹ ਇਸ ਮਨੁੱਖ ਨੇ ਨਹੀਂ ਕੀਤੇ। ਜੇ ਇਸ ਮਨੁੱਖ ਦੇ ਅੰਦਰ ਦਰਸ਼ਨ ਦੀ ਦ੍ਰਿੜ੍ਹ ਇੱਛਾ ਹੋਵੇ ਤਾਂ ਇੰਦ੍ਰੀਆਂ ਨੂੰ ਬਾਹਰੋਂ ਹਟਾਵੇ, ਸਮਰੱਥ ਗੁਰੂ ਦੇ ਦੱਸੇ ਮਾਰਗ ਅਨੁਸਾਰ ਦ੍ਰਿੜ੍ਹਤਾ ਸਹਿਤ ਸਾਧਨ ਕਰੇ। ਇੱਛਾ ਸ਼ਕਤੀ ਸੁਰਤ ਨਾਲ ਸਬੰਧ ਰਖਦੀ ਹੈ, ਇੰਦ੍ਰਿਆਂ ਤੇ ਕਾਬੂ ਪਾਉਣਾ ਕ੍ਰਿਆਤਮਕ ਹੈ, ਬਿਨਾਂ ਵਿਵੇਕ ਬੈਰਾਗ ਦੇ, ਬਿਨਾਂ ਯੋਗ ਸਾਧਨਾ ਦੇ, ਅਤੇ ਪੂਰਨ ਤੱਤ ਬੇਤੇ ਮਹਾਂਪੁਰਸ਼ਾਂ ਦੀ ਦਇਆ ਤੋਂ ਬਿਨਾਂ, ਦਰਸ਼ਨ ਨਹੀਂ ਹੋਇਆ ਕਰਦਾ।

ਸੋ ਰਾਜਕੁਮਾਰੀ ਜੀ! ਜੋ ਆਪਾਂ ਨੇ ਵਿਚਾਰ ਕੀਤੀ ਹੈ ਉਹ ਇਹ ਹੈ ਕਿ ਜਗਤ ਦਾ ਮੂਲ ਤੱਤ ਇਕੋ ਸਤਿ ਹੈ, ਇਸ ਨੂੰ ਭਾਵੇਂ ਆਤਮਾ ਕਹੋ, ਭਾਵੇਂ ਬ੍ਰਹਮ ਕਹੋ ਜਾਂ ਕੋਈ ਹੋਰ ਨਾਮ ਦੇਵੋ ਕਿਉਂਕਿ ਇਹ ਅਨਾਮ ਹੈ। ਆਪਣੀ ਸੁਵਿਧਾ ਲਈ ਨਾਮ ਰਖਦੇ ਹਾਂ ਪਰ ਉਹ ਹੈ ਆਤਮਾ ਹੀ। ਆਤਮਾ ਚੇਤਨ ਤੱਤ ਹੈ, ਇਹ ਬ੍ਰਹਮ ਹੈ, ਆਤਮ ਤੱਤ ਹੀ ਬ੍ਰਹਮ ਹੈ, ਸਿਰਫ ਸ਼ਬਦਾਂ ਦਾ ਫਰਕ ਹੈ। ਤੇਰਾ ਸ਼ੁਧ ਚੇਤਨ ਸਰੂਪ ਆਤਮਾਂ ਹੀ ਹੈ, ਤੂੰ ਆਪ ਹੀ ਆਤਮਾ ਪ੍ਰਮਾਤਮਾਂ ਹੈਂ, ਤੇਰੇ ਬਿਨਾਂ ਹੋਰ ਕੋਈ ਨਹੀਂ ਹੈ।

ਜੀਵ+ਆਤਮਾ=ਜੀਵ ਆਤਮਾ ਇਹ ਜੀਵਾਂ ਵਿਚ, ਪ੍ਰਾਨਧਾਰੀਆਂ ਵਿਚ ਆਤਮਾ ਤੱਤ ਦੀ ਪ੍ਰਤੀਨਿਧਤਾ ਕਰਦਾ ਹੈ। ਅਸਲ ਵਿਚ ਪ੍ਰਾਨਧਾਰੀ ਆਤਮਾ ਨੂੰ ਜੀਵ ਆਤਮਾ ਕਿਹਾ ਜਾਂਦਾ ਹੈ। ਤੱਤ ਦ੍ਰਿਸ਼ਟੀ ਕਰਕੇ ਆਤਮਾ ਅਤੇ ਜੀਵ ਆਤਮਾ ਵਿਚ ਕੋਈ ਭੇਦ ਨਹੀਂ, ਵਿਵਹਾਰ ਵਿਚ ਭੇਦ ਹੈ ਕਿਉਂਕਿ ਜੀਵ ਆਪਣੇ ਕਰਮਾਂ ਦੇ ਫਲ ਭੋਗਦਾ ਹੈ। ਆਤਮਾ ਸ਼ੁਧ ਚੇਤਨ ਤੱਤ ਦੀ ਪ੍ਰਤੀਨਿਧਤਾ ਕਰਦਾ ਹੈ; ਜੀਵ ਆਪਣੇ ਕਰਮਾਂ ਅਨੁਸਾਰ ਜੰਮਦਾ ਮਰਦਾ ਹੈ, ਕਦੇ ਨਰਕਾਂ ਵਿਚ, ਕਦੇ ਸੁਰਗਾਂ ਵਿਚ ਜਾਂਦਾ ਹੈ ਅਤੇ ਅਨੇਕ ਜੂਨਾਂ ਵਿਚ ਚਲਿਆ ਜਾਂਦਾ ਹੈ।

***ਪੰਖੀ ਬਿਰਖ ਸੁਹਾਵੜੇ ਊਡਹਿ ਚਹੁ ਦਿਸਿ ਜਾਹਿ॥***
***ਜੇਤਾ ਊਡਹਿ ਦੁਖ ਘਣੇ ਨਿਤ ਦਾਝਹਿ ਤੈ ਬਿਲਲਾਹਿ॥***

***ਪੰਨਾ – 66***

ਆਤਮਾ ਨੂੰ ਹੀ ਮਨ ਅਤੇ ਪ੍ਰਾਣ ਤੇ ਸਰੀਰ ਦਾ ਨੇਤਾ ਕਿਹਾ ਜਾਂਦਾ ਹੈ। ਆਤਮਾ ਹੀ ਸਰੀਰ ਵਿਚ ਜੀਵ ਰੂਪ ਨਾਲ ਵਰਤਦਾ ਹੈ ਜੀਵ ਪ੍ਰਾਣਧਾਰੀ ਆਤਮਾ ਦਾ ਹੀ ਨਾਮ ਹੈ। ਅਨੇਕ ਸਰੀਰ ਹੋਣ ਕਰਕੇ ਜੀਵਾਂ ਦੀ ਅਨੇਕਤਾ ਪ੍ਰਤੀਤ ਦਿੰਦੀ ਹੈ ਪਰ ਸਰਬ ਭੂਤਾਂ ਦਾ ਆਤਮਾ ਇਕੋ ਹੀ ਹੈ। ਵਿਵਹਾਰਕ ਦ੍ਰਿਸ਼ਟੀ ਨਾਲ ਜੀਵ ਅਲੱਗ-ਅਲੱਗ ਪ੍ਰਤੀਤ ਦਿੰਦੇ ਹਨ, ਆਤਮਕ ਦ੍ਰਿਸ਼ਟੀ ਨਾਲ ਆਤਮਾ ਅਤੇ ਜੀਵ ਆਤਮਾ ਵਿਚ ਕੋਈ ਭੇਦ ਨਹੀਂ।

ਸਾਰੇ ਭੂਤਾਂ ਅਤੇ ਅਭੂਤਾਂ ਵਿਚ ਇਕੋ ਆਤਮਾ ਸਰਬ ਵਿਆਪਕ ਹੁੰਦੀ ਹੋਈ ਈਸ਼ਵਰ ਹੈ। ਆਤਮਾ ਤੇ ਈਸ਼ਵਰ ਲਈ ਵੱਖਰੇ-ਵੱਖਰੇ ਸ਼ਬਦ ਵਰਤੇ ਜਾਂਦੇ ਹਨ ਪਰ ਇਹ ਇਕੋ ਚੇਤਨ ਤੱਤ ਹੀ ਹੈ। ਆਤਮਾ ਸਰਬੱਗ ਹੈ, ਸਭ ਕੁਛ ਜਾਣਦਾ ਹੈ, ਆਤਮਾ ਹੀ ਪ੍ਰਮਾਤਮਾ ਹੈ, ਇਸ ਆਤਮਾ ਤੋਂ ਅੱਗੇ ਹੋਰ ਕੁਝ ਵੀ ਨਹੀਂ। ਇਸ ਜੀਵ ਆਤਮਾ ਦੇ ਮੰਡਲ ਵਿਚ ਰਹਿੰਦਿਆਂ, ਜੀਵ-ਆਤਮਾ ਹੁੰਦਾ ਹੋਇਆ ਇਹ ਜੀਵ ਤੱਤ ਵੇਤੇ ਮਹਾਂਪੁਰਸ਼ਾਂ ਦੇ ਦੱਸੇ ਮਾਰਗ ਅਨੁਸਾਰ ਆਤਮ ਚਿੰਤਨ ਕਰਕੇ ਆਪਣੇ ਆਪ ਨੂੰ ਆਤਮ ਨਿਸ਼ਚੇ ਕਰਦਾ ਹੈ। ਆਤਮਾ ਅਨੰਦ ਸਰੂਪ ਹੈ, ਰਸ ਰੂਪ ਹੈ, ਇਸ ਰਸ ਰੂਪ ਆਤਮਾ ਨੂੰ ਪ੍ਰਾਪਤ ਕਰਕੇ ਜੀਵ ਵੀ ਅਨੰਦ ਰੂਪ ਹੋ ਜਾਂਦਾ ਹੈ। ਪੰਜਾਂ ਕੋਸ਼ਾਂ ਵਿਚੋਂ ਅਨੰਦ ਕੋਸ਼ ਵਾਲੀ ਅਵਸਥਾ ਨੂੰ ਸਭ ਤੋਂ ਉਚੀ ਕਹਿੰਦੇ ਹਨ। ਬ੍ਰਹਮ ਅਤੇ ਆਤਮਾ ਇਕ ਹਨ, ਉਹ ਸਤਿ, ਚਿਤ, ਅਨੰਦ ਹੈ। ਸਹਜ ਹੀ ਹਿਰਦੇ ਵਿਚ ਅਨੰਦ ਦਾ ਅਨੁਭਵ ਆਤਮਾ ਦੀ ਅਨਭੂਤੀ ਦਾ ਚਿੰਨ ਹੈ। ਜੀਵਨ ਦੇ ਸਾਰੇ ਅਨੰਦ ਇਕ ਆਤਮਾ ਕਰਕੇ ਹਨ।

ਆਤਮਾ ਸਰਬ ਵਿਆਪੀ ਚੇਤਨ ਤੱਤ ਹੈ, ਆਤਮਾ ਆਪ ਹੀ ਆਪਣੇ ਵਿਚੋਂ ਸਾਰੇ ਭੌਤਕ ਤੱਤਾਂ ਨੂੰ ਪ੍ਰਗਟ ਕਰਦਾ ਹੈ। ਇਹੀ ਬ੍ਰਹਮ ਹੈ, ਇਹੀ ਪ੍ਰਮਾਤਮਾ ਹੈ, ਇਹ ਹੀ ਜੀਵ ਰੂਪ ਧਾਰਦਾ ਹੈ ਸਭ ਦੇ ਹਿਰਦਿਆਂ ਵਿਚ ਵਾਸ ਕਰਦਾ ਹੈ। ਇਸ ਆਤਮਾ ਦੀ ਸਤਾ ਸਤਿ, ਚਿਤ, ਅਨੰਦ ਅਤੇ ਰਸ ਰੂਪ ਹੈ। ਸਭ ਦੇ ਅੰਦਰ ਬਾਹਰ ਵਿਆਪਕ ਹੈ। ਇਹੋ ਸਾਰੇ ਭੌਤਕ ਅਭੌਤਕ ਤੱਤਾਂ ਤੇ ਪੂਰਨ ਨਿਅੰਤਰਣ ਰਖਦਾ ਹੈ। ਸਭ ਇਸ ਦੇ ਹੁਕਮ ਵਿਚ ਹਨ, ਆਤਮਾ ਦੀ ਮਹਿਮਾ ਦੇ ਹੀ ਦਰਸ਼ਨ ਹੁੰਦੇ ਹਨ। ਯੋਗੀ ਆਤਮ ਜੋਤ ਦੇ ਦਰਸ਼ਨ ਕਰਦੇ ਹਨ। ਸ੍ਵੈ ਪ੍ਰਕਾਸ਼ਕ ਜੋਤਾਂ ਦੀ ਜੋਤ ਆਤਮਾ ਹੈ। ਗੁਰੂ ਮਹਾਰਾਜ ਦਾ ਫੁਰਮਾਨ ਹੈ-

***ਜੈਸੇ ਏਕ ਆਗ ਤੇ ਕਨੂਕਾ ਕੋਟ ਆਗ ਉਠੇ***
***ਨਿਆਰੇ ਨਿਆਰੇ ਹੋਇ ਕੈ ਫੇਰਿ ਆਗ ਮੈ ਮਿਲਾਹਿੰਗੇ॥***
***ਜੈਸੇ ਏਕ ਧੂਰ ਤੇ ਅਨੇਕ ਧੂਰ ਪੂਰਤ ਹੈ***
***ਧੂਰਿ ਕੇ ਕਨੂਕਾ ਫੇਰ ਧੂਰਿ ਹੀ ਸਮਾਹਿੰਗੇ॥***
***ਜੈਸੇ ਏਕ ਨਦ ਤੇ ਤਰੰਗ ਕੋਟ ਉਪਜਤ ਹੈ***
***ਪਾਨ ਕੇ ਤਰੰਗ ਸਬੈ ਪਾਨ ਹੀ ਕਹਾਹਿੰਗੇ॥***
***ਤੈਸੇ ਬਿਸ੍ਵ ਰੂਪ ਤੇ ਅਭੂਤ ਭੂਤ ਪ੍ਰਗਟ ਹੋਇ***
***ਤਾਹੀ ਤੇ ਉਪਜ ਸਬੈ ਤਾਹੀ ਮੈ ਸਮਾਹਿੰਗੇ॥***

***ਅਕਾਲ ਉਸਤਤਿ***

ਗੀਤਾ ਅਨੁਸਾਰ ਸਰੀਰ ਆਤਮਾ ਨਹੀਂ, ਜਨਮ ਮਰਨ, ਦੁਖ, ਸੁਖ, ਖੁਸ਼ੀ, ਗਮੀ ਦਾ ਸਬੰਧ ਸਰੀਰ ਨਾਲ ਹੈ। ਆਤਮਾ ਅਮਰ ਹੈ, ਸਨਾਤਨ ਤੱਤ ਹੈ। ਜਲ, ਵਾਯੂ, ਅਗਨ, ਸ਼ਸ਼ਤਰ, ਅਸਤਰ, ਆਤਮਾ ਤੇ ਕੋਈ ਅਸਰ ਨਹੀਂ ਪਾਉਂਦੇ। ਇਹ ਅਕਾਸ਼ ਦੀ ਤਰ੍ਹਾਂ ਸ਼ੁਧ ਵਿਆਪਕ ਅਤੇ ਨਿਰਵਿਕਾਰ ਹੈ। ਆਤਮਾ ਨਾ ਕਿਸੇ ਨੂੰ ਮਾਰਦਾ ਹੈ, ਨਾ ਮਰਦਾ ਹੈ। ਅਗਿਆਨੀ ਇਸ ਭਾਵ ਤੋਂ ਅਣਜਾਣ ਹਨ।

ਕੋਈ ਵੀ ਜੀਵ ਇਕ ਪਲ ਲਈ ਵੀ ਕਰਮ ਤੋਂ ਬਿਨਾਂ ਨਹੀਂ ਰਹਿ ਸਕਦਾ। ਉਸ ਦਾ ਬੋਲਣਾ, ਚਲਣਾ, ਸੁੰਘਣਾ, ਸਪਰਸ਼ ਕਰਨਾ, ਸੋਚਣਾ ਸਾਰੇ ਹੀ ਕਰਮ ਹਨ ਜੋ ਇੰਦ੍ਰੀਆਂ ਦੇ ਪ੍ਰਭਾਵ ਕਰਕੇ ਹੁੰਦੇ ਹੀ ਰਹਿੰਦੇ ਹਨ। ਇੰਦ੍ਰੀਆਂ ਤੇ ਕਾਬੂ ਪਾ ਕੇ ਨਿਸ਼ਕਾਮ ਕਰਮ ਕਰਨ ਵਾਲਾ ਯੋਗੀ ਹੋਇਆ ਕਰਦਾ ਹੈ। ਦਿਖਾਵੇ ਵਾਸਤੇ ਕਰਮ ਕਰਨ ਵਾਲੇ ਪਾਖੰਡੀ ਹਨ। ਸਾਰੇ ਕੀਤੇ ਹੋਏ ਕਰਮ, ਬੰਧਨਾਂ ਵਿਚ ਬੰਨ੍ਹਦੇ ਹਨ। ਆਤਮ ਗਿਆਨੀ ਵਾਸਤੇ ਕਰਮ, ਸੁਕਰਮ ਦਾ ਕੋਈ ਵਿਧਾਨ ਨਹੀਂ। ਜਗਤ ਵਿਚ ਅਕਰਮ ਵਿਕਰਮ ਵਰਤਦੇ ਹਨ, ਵਿਕਰਮ ਅਸ਼ੁਭ ਕਰਮ, ਸੁਕਰਮ ਸ਼ੁਭ ਕਰਮ, ਅਕਰਮ ਕਰਮਾਂ ਦੇ ਅਭਾਵ ਨੂੰ ਆਖਦੇ ਹਨ। ਜਿਹੜੇ ਪ੍ਰਾਣੀ ਕਰਮ ਵਿਚ ਅਕਰਮ ਅਤੇ ਅਕਰਮ ਵਿਚ ਕਰਮ ਦੇ ਭਾਵ ਨੂੰ ਸਮਝਦੇ ਹਨ, ਓਹੀ ਬੁੱਧੀਮਾਨ ਹੈ, ਉਹ ਕਰਮ ਦੇ ਬੰਧਨ ਤੋਂ ਮੁਕਤ ਹੈ। ਗਿਆਨ ਦੀ ਅਗਨ ਜਦੋਂ ਅੰਦਰ ਪ੍ਰਚੰਡ ਹੋ ਜਾਂਦੀ ਹੈ, ਉਸ ਸਮੇਂ ਸਾਰੇ ਕਰਮਾਂ ਦੇ ਵਿਕਾਰਾਂ ਨੂੰ ਭਸਮ ਕਰ ਦਿੰਦੀ ਹੈ ਅਤੇ ਗਿਆਨ ਵਰਗੀ ਪਵਿੱਤਰ ਚੀਜ਼ ਉਸ ਨੂੰ ਪ੍ਰਾਪਤ ਹੋ ਜਾਂਦੀ ਹੈ।

ਦੇਖਦੇ, ਸੁਣਦੇ, ਸੁੰਘਦੇ, ਵਿਚਾਰਦੇ ਹੋਏ ਭੀ ਆਤਮਾ ਨੂੰ ਨਿਰਲੇਪ ਸਮਝਣ ਵਾਲਾ ਪ੍ਰਾਣੀ ਸੰਸਾਰ ਵਿਚ ਇਸ ਤਰ੍ਹਾਂ ਨਿਰਲੇਪ ਰਹਿੰਦਾ ਹੈ ਜਿਵੇਂ ਪਾਣੀ ਵਿਚ ਕਮਲ ਰਿਹਾ ਕਰਦਾ ਹੈ। ਇਹ ਆਤਮ ਗਿਆਨੀ ਹੀ ਸੱਚਾ ਸੰਨਿਆਸੀ ਹੈ। ਕਰਮਾਂ ਦੇ ਤਿਆਗ ਕਰਨ ਵਾਲੇ ਸੰਨਿਆਸੀ ਨਹੀਂ ਹੋਇਆ ਕਰਦਾ ਕਰਮਾਂ ਦੇ ਫਲ ਦਾ ਤਿਆਗ ਮਾਨਸਕ ਤਿਆਗ ਕਰਨ ਦਾ ਸੱਚਾ ਰੂਪ ਹੈ। ਸੰਨਿਆਸੀ ਨਿਸ਼ਕਾਮ ਕਰਮ ਕਰਨ ਵਾਲਾ ਯੋਗੀ ਹੈ।

L L L L L L L

**'ਚਲਦਾ'**


**For more information**

**please visit us on internet at :-**

**http://www.atammarg.org**

**&**

**http://www.atammarg.com**

# ਭਗਵਤ ਗੀਤਾ ਦੀ ਚਿਰ ਸਥਾਈ ਆਤਮ ਵਿਦਿਆ

## PERENNIAL PSYCHOLOGY OF THE BHAGVAD GITA

*ਮੂਲ ਲੇਖਕ - ਡਾ. ਸਵਾਮੀ ਰਾਮ ਜੀ*
*ਅਨੁ ਵਾਦਕ - ਡਾ. ਬੀਬੀ ਤੇਜਿੰਦਰ ਮਲਹੋਤਰਾ*

*(ਲੜੀ ਜੋੜਨ ਲਈ ਦੇਖੋ, ਦਸੰਬਰ ਅੰਕ ਪੰਨਾ - 20 )*

8. ਹੇ ਕੌਂਤੇਯ! ਪਾਣੀ ਵਿਚ ਮੈਂ ਰਸ ਹਾਂ, ਚੰਦਰਮਾ ਤੇ ਸੂਰਜ ਵਿਚ ਮੈਂ ਪ੍ਰਕਾਸ਼ ਹਾਂ, ਸਾਰੇ ਵੇਦਾਂ ਵਿਚ ਮੈਂ ਪੁਰਾਣ ਹਾਂ, (ਓਮ) ਹਾਂ, ਅਕਾਸ਼ ਵਿਚ ਸ਼ਬਦ ਹਾਂ, ਪੁਰਖਾਂ ਵਿਚ ਪੁਰਖਤ੍ਵ ਹਾਂ।

9. ਪ੍ਰਿਥਵੀ ਦੀ ਸੁਗੰਧੀ ਮੈਂ ਹਾਂ, ਅਗਨੀ ਵਿਚ ਤੇਜ਼ ਮੈਂ ਹਾਂ, ਭੂਤਾਂ ਵਿਚ ਜੀਵ ਮੈਂ ਹਾਂ, ਤਪੱਸਵੀਆਂ ਵਿਚ ਤਪ ਮੈਂ ਹਾਂ।

10. ਹੇ ਪਾਰਥ! ਸਭ ਜੀਵਾਂ ਦਾ ਸਨਾਤਨ ਬੀਜ ਮੈਂ ਹਾਂ, ਬੁੱਧੀ ਰੱਖਣ ਵਾਲਿਆਂ ਦੀ ਬੁੱਧੀ ਮੈਂ ਹਾਂ ਅਤੇ ਤੇਜਸਵੀਆਂ ਵਿਚ ਤੇਜ ਮੈਂ ਹਾਂ।

11. ਬਲਵਾਨਾਂ ਦਾ ਰਾਗ ਅਤੇ ਕਾਮ ਰਹਿਤ ਬਲ ਮੈਂ ਹਾਂ, ਹੇ ਭਰਤਰਸ਼ਭ! ਜੀਵਾਂ ਵਿਚ ਧਰਮ ਅਨੁਸਾਰ ਕਾਮਨਾ ਮੈਂ ਹਾਂ।

12. ਸਤੋ, ਰਜੋ, ਤਮੋ ਮੇਰੇ ਵਿਚੋਂ ਉਤਪੰਨ ਹੋਏ ਹਨ, ਮੈਂ ਉਨ੍ਹਾਂ ਦੇ ਵਸ ਵਿਚ ਨਹੀਂ ਹਾਂ, ਉਹ ਮੇਰੇ ਅਧੀਨ ਹਨ।

ਕ੍ਰਿਸ਼ਨ ਜੀ ਧਰਤੀ ਦੇ ਤੱਤਾਂ ਦੀ ਵਿਆਖਿਆ ਕਰਦੇ ਹਨ - ਧਰਤੀ, ਪਾਣੀ, ਅੱਗ, ਹਵਾ ਤੇ ਆਕਾਸ਼। ਉਹ ਅਰਜਨ ਨੂੰ ਦਸਦੇ ਹਨ ਕਿ ਬ੍ਰਹਿਮੰਡ ਦੀਆਂ ਜਿੰਨੀਆਂ ਸ਼ਕਤੀਆਂ ਹਨ, ਧਰਤੀ ਦੀ ਸੁਗੰਧ, ਪਾਣੀ ਦਾ ਰਸ, ਅਗਨੀ ਦਾ ਤੇਜ, ਹਵਾ ਦਾ ਸਪਰਸ਼, ਅਕਾਸ਼ ਦਾ ਸ਼ਬਦ, ਸੂਰਜ ਦਾ ਤੇਜ, ਚੰਦਰਮਾ ਦੀ ਚਮਕ, ਓਮ ਦੀ ਆਵਾਜ਼, ਜੀਵ ਦੇ ਪ੍ਰਾਣ, ਜੀਵਾਂ ਦਾ ਸਨਾਤਨ ਬੀਜ, ਕਰਤੱਵ ਕਰਨ ਦੀ ਇੱਛਾ, ਬਲਵਾਨਾਂ ਦਾ ਬਲ, ਇਹ ਸਭ ਕੁਝ ਇਕ ਤੋਂ ਹੀ ਉਤਪੰਨ ਹੋਇਆ ਹੈ, ਉਹ ਇਕ ਮੈਂ ਹੀ ਹਾਂ। ਇਸ ਸ਼ਲੋਕ ਵਿਚ ਉਤਪਤੀ ਦਾ ਸਾਧਨ ਨਹੀਂ ਦੱਸਿਆ ਗਿਆ, ਉਸਦਾ ਪ੍ਰਗਟਾਵਾ ਦੱਸਿਆ ਗਿਆ ਹੈ। ਇਨ੍ਹਾਂ ਦੋਨਾਂ ਵਿਚ ਅੰਤਰ ਹੈ। ਉਤਪਤੀ ਸ਼ਬਦ ਦ੍ਵੈਦ ਦੀ ਫਿਲੌਸਫੀ ਵਿਚ ਵਰਤਿਆ ਜਾਂਦਾ ਹੈ ਕਿਉਂਕਿ ਉਹ ਵਿਸ਼ਵਾਸ਼ ਰਖਦੇ ਹਨ ਕਿ ਪ੍ਰਮਾਤਮਾ ਤੋਂ ਬਿਨਾਂ ਉਸ ਦੀ ਸਾਜੀ ਹੋਈ ਉਸ ਤੋਂ ਵੱਖ ਹੈ, ਸੁਤੰਤਰ ਹੈ, ਇਸ ਦਾ ਮਾਇਆ ਦੀ ਸਹਾਇਤਾ ਨਾਲ ਪ੍ਰਮਾਤਮਾ ਨੇ ਸੰਸਾਰ ਦੀ ਰਚਨਾ ਕੀਤੀ। ਇਸ ਬਾਰੇ ਇਕ ਵਿਚਾਰ ਹੋਰ ਵੀ ਹੈ ਕਿ ਪ੍ਰਮਾਤਮਾ ਬ੍ਰਹਿਮੰਡ ਦਾ ਮਾਲਕ ਹੈ, ਸ੍ਰਿਸ਼ਟੀ ਅਤੇ ਜੀਵ ਸਾਰੇ ਆਪਣੀ ਆਪਣੀ ਥਾਂ ਸੁਤੰਤਰ ਹਨ ਪਰ ਅਦ੍ਵੈਤ ਦੀ ਫਿਲੌਸਫੀ ਇਨ੍ਹਾਂ ਨਾਲ ਸਹਿਮਤ ਨਹੀਂ ਹੈ; ਉਹ ਇਹ ਹੈ ਕਿ ਕੇਵਲ ਇਕ ਹੀ ਹੈ, ਇਕ ਤੋਂ ਬਗੈਰ ਹੋਰ ਕੋਈ ਹੈ ਹੀ ਨਹੀਂ, ਜੋ ਵੀ ਅਸੀਂ ਦੇਖਦੇ ਹਾਂ ਉਹ ਕੇਵਲ ਉਸ ਇਕ ਦਾ ਹੀ ਪਸਾਰਾ ਹੈ।

ਅਰਜਨ ਦੀ ਚੇਤਨਤਾ ਦਾ ਪਸਾਰਾ ਕਰਨ ਲਈ ਹੀ ਕ੍ਰਿਸ਼ਨ ਜੀ ਉਸ ਨੂੰ ਦਸਦੇ ਹਨ ਕਿ ਧਰਤੀ ਦੀ ਸੁਗੰਧ, ਪਾਣੀ ਦਾ ਰਸ, ਅੱਗ ਦਾ ਤੇਜ, ਹਵਾ ਦਾ ਸਪਰਸ਼, ਅਕਾਸ਼ ਦਾ ਸ਼ਬਦ ਉਸ ਇਕ ਦਾ ਹੀ ਪ੍ਰਦਰਸ਼ਨ ਹਨ। ਜਗਿਆਸੂ ਨੂੰ ਇਹ ਜਾਣ ਲੈਣਾ ਚਾਹੀਦਾ ਹੈ ਕਿ ਇਹ ਸਾਰੇ ਤੱਤ ਉਸ ਇਕ ਦੇ ਵੱਖ-ਵੱਖ ਗੁਣ ਹਨ।

ਅਠਵੇਂ ਸ਼ਲੋਕ ਵਿਚ ਓਮ ਜੋ ਆਕਾਸ਼ ਦਾ ਸ਼ਬਦ ਹੈ ਉਸ ਬਾਰੇ ਦੱਸਿਆ ਗਿਆ ਹੈ। ਓਮ ਸ਼ਬਦ ਹੀ ਉਪਨਿਸ਼ਦਾਂ ਦਾ, ਵੇਦਾਂ ਦਾ ਵਿਸ਼ਾ ਹੈ। ਇਹ ਤਿੰਨ ਅੱਖਰਾਂ ਨੂੰ ਜੋੜ ਕੇ ਬਣਿਆ ਹੈ - A,U,M. ਇਹ ਤਿੰਨ ਅੱਖਰ ਤਿੰਨ ਪੱਧਰਾਂ ਦੇ ਪ੍ਰਤੀਕ ਹਨ ਜਾਗ੍ਰਿਤ, ਸੁਪਨ, ਸਖੋਪਤੀ ਪਰ ਇਸ ਵਿਚ ਚੌਥਾ ਪੱਧਰ ਜੋ ਚੁੱਪ ਦਾ ਪੱਧਰ ਹੈ, ਉਹ ਵੀ ਸ਼ਾਮਲ ਹੈ ਜਿਸ ਨੂੰ ਤੁਰੀਆ ਅਵਸਥਾ ਕਹਿੰਦੇ ਹਨ। ਜਿਹੜੇ ਬੁੱਝ ਲੈਂਦੇ ਹਨ, ਉਹ ਤੁਰੀਆ ਅਵਸਥਾ ਤਕ ਪਹੁੰਚ ਜਾਂਦੇ ਹਨ। ਉਹ ਇਹ ਤਿੰਨੋ ਅਵਸਥਾ ਵੱਖ-ਵੱਖ ਵੀ ਦੇਖ ਸਕਦੇ ਹਨ ਤੇ ਇਕੱਠੀਆਂ ਵੀ। ਉਹ ਪ੍ਰਮਾਤਮਾ, ਉਹ ਸਿਰਨਜਹਾਰ, ਜੀਵਨ ਦੇਣ ਵਾਲਾ, ਬ੍ਰਹਿਮੰਡ ਸਾਜਣ ਵਾਲਾ, ਚੇਤਨਤਾ ਦੇ ਪੱਧਰਾਂ ਦੇ ਪਿਛੇ ਲੁਕਿਆ ਰਹਿੰਦਾ ਹੈ ਜਿਵੇਂ ਤੁਰੀਆ ਅਵਸਥਾ; ਤੁਰੀਆ ਅਵਸਥਾ ਜਾਗ੍ਰਿਤ, ਸੁਪਨ, ਸਖੋਪਤੀ ਇਨ੍ਹਾਂ ਤੋਂ ਪਰ੍ਹੇ ਹੈ। 'ਓਮ' ਨੂੰ ਪ੍ਰਾਣ ਕਿਹਾ ਗਿਆ ਹੈ। ਓਮ ਦਾ ਜਾਪ ਕਰਦਿਆਂ, ਇਸ ਦੇ ਅਰਥ ਸਮਝਦਿਆਂ ਜਗਿਆਸੂ ਇਸ ਦੀ ਉਚਾਰਣ ਰਹਿਤ ਚੁੱਪ ਤਕ ਪਹੁੰਚ ਜਾਂਦਾ ਹੈ। ਜਦੋਂ ਜਗਿਆਸੂ ਇਸ ਦੀ ਅਵਾਜ਼ ਨੂੰ ਸਮਾਧੀ ਤੇ ਸਿਮਰਨ ਵਿਚ ਲਿਆਉਂਦਾ ਹੈ ਉਸ ਨੂੰ ਇਸ ਦੇ ਵੱਖ-ਵੱਖ ਭੇਦ ਪ੍ਰਗਟ ਹੁੰਦੇ ਹਨ। ਇਕ ਦਾ ਉਚਾਰਣ ਤੇ ਅਵਾਜ਼ ਦੇ ਵੱਖ ਵੱਖ ਪੱਖ; ਸਮੁੱਚਤਾ ਤੋਂ ਸੂਖਮਤਾ ਤਕ; ਵੱਖ-ਵੱਖ ਉਪਨਿਸ਼ਦਾਂ ਵਿਚ ਤੇ ਹੋਰ ਗ੍ਰੰਥਾਂ ਵਿਚ ਜਿਥੇ ਸਾਧਨਾ ਦੇ ਤਰੀਕੇ ਦੱਸੇ ਗਏ ਹਨ, ਉਥੇ ਇਨ੍ਹਾਂ ਦੀ ਵਿਸਥਾਰਪੂਰਵਕ ਚਰਚਾ ਹੈ।

ਇਸ ਤੋਂ ਪਹਿਲਾਂ ਕਿ ਜਗਿਆਸੂ ਭਗਤੀ ਯੋਗ, ਗਿਆਨ ਯੋਗ, ਕਰਮ ਯੋਗ ਦੇ ਰਸਤੇ ਤੇ ਚਲੇ, ਉਸ ਨੂੰ ਆਪਣੇ ਸਰੀਰ ਦਾ ਪੂਰਾ ਪੂਰਾ ਪਤਾ ਹੋਣਾ ਚਾਹੀਦਾ ਹੈ, ਸਰੀਰ ਦਾ ਗਿਆਨ ਹੋਣਾ ਚਾਹੀਦਾ ਹੈ, ਗਿਆਨ ਇੰਦ੍ਰੀਆਂ ਦਾ ਗਿਆਨ ਹੋਣਾ ਚਾਹੀਦਾ ਹੈ, ਆਪਣੀ ਬੁੱਧੀ ਦਾ ਪਤਾ ਹੋਣਾ ਚਾਹੀਦਾ ਹੈ, ਆਪਣੇ ਸ੍ਵੈ ਦਾ ਪਤਾ ਹੋਣਾ ਚਾਹੀਦਾ ਹੈ, ਇਸ ਵਿਸ਼ਵ ਦੇ ਸਰੋਤ ਦਾ ਪਤਾ ਹੋਣਾ ਚਾਹੀਦਾ ਹੈ ਤਾਂ ਜੋ ਉਹ ਆਪਣੇ ਅਭਿਆਸ ਰਾਹੀਂ ਇਹ ਸਾਰਾ ਗਿਆਨ ਪ੍ਰਾਪਤ ਕਰ ਸਕੇ। ਜਦੋਂ ਜਗਿਆਸੂ ਆਪਣੇ ਆਪ ਨੂੰ ਆਪਣੇ ਵਾਸਤਵਿਕਤਾ ਬਾਰੇ ਜਾਣ ਕੇ ਆਪਣੀ ਚੇਤਨਾ ਦਾ ਵਿਸਥਾਰ ਆਪਣੀ ਹੋਂਦ ਨਾਲ ਕਰਦਾ ਹੈ, ਉਹ ਆਪਣੇ ਆਪ ਨੂੰ ਸੰਸਾਰ ਦੇ ਪਦਾਰਥਾਂ ਨਾਲ ਨਹੀਂ ਜੋੜਦਾ। ਗਿਆਨ ਤੁਹਾਨੂੰ

ਵਿਅਕਤੀਗਤ ਚੇਤਨਤਾ ਤੋਂ ਵਿਸ਼ਵ ਚੇਤਨਤਾ ਤਕ ਪਹੁੰਚਾ ਦਿੰਦਾ ਹੈ, ਸਾਧਨਾ ਨਾਲ ਤੁਸੀਂ ਜਗਿਆਸੂ ਸਮੁੱਚੇ ਸ੍ਵੈ ਤੋਂ ਸੂਖਮ ਹੋਂਦ ਤੇ ਪਹੁੰਚ ਕੇ ਇਹ ਮਹਿਸੂਸ ਕਰਦੇ ਹੋ ਕਿ ਤੁਹਾਡਾ ਸਵੈ, ਵਿਸ਼ਵ ਦਾ ਸਵੈ ਹੀ ਹੈ।

ਵਿਸ਼ਵ ਦੇ ਵੀ ਤਿੰਨ ਗੁਣ ਹਨ ਜਿਵੇਂ ਕਿ ਮਨੁੱਖ ਦੇ। ਸਤੋ ਗੁਣ ਇਕਸੁਰਤਾ ਦਾ ਗੁਣ ਹੈ, ਰਜੋ ਗੁਣ ਕਰਮ, ਤੀਬਰਤਾ ਤੇ ਸੰਵੇਗਸ਼ੀਲਤਾ ਦਾ ਪ੍ਰਤੀਕ ਹੈ, ਤਮੋ ਗੁਣ ਸਥਿਲਤਾ, ਸੁਸਤੀ ਦਾ ਪ੍ਰਤੀਕ ਹੈ। ਸੰਸਾਰ ਦੀਆਂ ਸਾਰੀਆਂ ਸ਼ਕਲਾਂ, ਮੂਰਤਾਂ, ਆਕਾਰ ਇਨ੍ਹਾਂ ਤਿੰਨਾਂ ਗੁਣਾਂ ਵਿਚੋਂ ਹੀ ਪੈਂਦਾ ਹੋਏ ਹਨ, ਇਹ ਸਾਰੇ ਗੁਣ ਇਕੋ ਸਰੋਤ ਤੋਂ ਨਿਕਲਦੇ ਹਨ, ਪੈਦਾ ਹੁੰਦੇ ਹਨ – ਉਹ ਹੈ ਜੀਵਨ ਦਾਤਾ ਤੇ ਵਿਸ਼ਵ। ਸੂਰਜ, ਚੰਦਰਮਾ, ਤਾਰਿਆਂ ਦਾ ਝੁਰਮਟ, ਧਰਤੀ ਦੇ ਤੱਤ, ਸਭ ਜੀਵਨ ਦਾਤਾਂ ਬ੍ਰਹਮ ਤੋਂ ਉਤਪੰਨ ਹੁੰਦੇ ਹਨ, ਇਨ੍ਹਾਂ ਤੱਤਾਂ ਕਰਕੇ ਹੀ ਅਸੀਂ ਸਰੋਤ ਦੇ ਅਸਚਰਜ ਬਾਰੇ, ਸਿਰਜਨਹਾਰ ਬਾਰੇ ਸੁਚੇਤ ਹੁੰਦੇ ਹਾਂ, ਇਨ੍ਹਾਂ ਦੀ ਹੋਂਦ ਉਸ ਇਕ ਦੇ ਨਾਲ ਹੀ ਹੈ, ਉਸ ਕਰਕੇ ਹੀ ਹੈ। ਬਾਕੀ ਸਭ ਕੁਝ ਕਰਕੇ ਉਹ ਨਹੀਂ ਹੈ, ਉਸ ਕਰਕੇ ਹੀ ਬਾਕੀ ਸਭ ਕੁਝ ਹੈ। ਇਸ ਕਰਕੇ ਹੀ ਕਿਹਾ ਜਾਂਦਾ ਹੈ ਕਿ ਇਹ ਸਾਰੇ ਤੱਤ ਮੇਰੇ ਅੰਦਰ ਹਨ, ਪਰ ਮੈਂ ਇਨ੍ਹਾਂ ਦੇ ਅੰਦਰ ਨਹੀਂ ਹਾਂ। ਸਾਰੇ ਤੱਤ, ਸਾਰੀਆਂ ਵਸਤੂਆਂ ਪ੍ਰਮਾਤਮਾਂ ਵਿਚ ਹਨ ਪਰ ਉਹ ਸਾਰੀਆਂ ਵਿਚ ਨਹੀਂ ਹੈ।

13. ਸਾਰਾ ਸੰਸਾਰ ਤਿੰਨਾਂ ਗੁਣਾਂ ਦੇ ਭਾਵ ਵਿਚ ਲਿਪਟਿਆ ਹੋਇਆ ਮੈਨੂੰ ਨਹੀਂ ਜਾਣਦਾ, ਮੈਂ ਇਸ ਤੋਂ ਪਰ੍ਹੇ ਹਾਂ, ਅਬਿਨਾਸ਼ੀ ਹਾਂ।

14. ਇਹ ਤ੍ਰੈ ਗੁਣੀ ਮਾਇਆ ਬੜੀ ਪਾਰਗਾਮੀ ਹੈ ਜਿਹੜੇ ਮੇਰੀ ਸ਼ਰਨ ਲੈਂਦੇ ਹਨ ਉਹ ਇਸ ਮਾਇਆ ਤੋਂ ਪਾਰ ਲੰਘ ਸਕਦੇ ਹਨ।

15. ਮੂੜ੍ਹ, ਪਾਪੀ, ਨੀਚ ਜਿਨ੍ਹਾਂ ਦੀ ਬੁੱਧੀ ਮਾਇਆ ਨੇ ਨਸ਼ਟ ਕਰ ਦਿਤੀ ਹੈ, ਦ੍ਵੈਤ ਸੁਭਾਅ ਵਾਲੇ ਮੇਰੇ ਕੋਲ ਨਹੀਂ ਆਉਂਦੇ।

ਸਾਰਾ ਸੰਸਾਰ ਮਾਇਆ ਦੀ ਸ਼ਕਤੀ ਵਿਚ ਡੁੱਬਿਆ ਪਿਆ ਹੈ। ਮਾਇਆ ਤੋਂ ਭਾਵ ਹੈ ਜੋ ਦਿਸਦਾ ਹੈ ਪਰ ਵਾਸਤਵ ਵਿਚ ਹੈ ਨਹੀਂ। ਤਿੰਨਾਂ ਗੁਣਾਂ ਨੇ ਸਾਰੀ ਮਨੁੱਖਤਾ ਤੇ ਮਾਇਆ ਪਾਈ ਹੋਈ ਹੈ ਉਹ ਮਾਇਆ ਦੇ ਪਿਛੇ ਲੁਕੀ ਸ਼ਕਤੀ ਨੂੰ ਨਹੀਂ ਦੇਖ ਸਕਦੇ, ਮਨੁੱਖ ਦੀ ਕਰਨੀ, ਮਨ ਤੇ ਕਥਨੀ ਸਾਰੇ ਤਿੰਨਾਂ ਗੁਣਾਂ ਦੇ ਹੱਥ ਵਿਚ ਹੈ, ਇਹ ਤਿੰਨ ਗੁਣ ਉਸ ਨੂੰ ਸੰਸਾਰ ਵਿਚ ਮੌਜ ਮੇਲਾ ਕਰਨ ਲਈ ਪ੍ਰੇਰਿਤ ਕਰਦੇ ਹਨ ਪਰ ਇਨ੍ਹਾਂ ਪਿਛੇ ਛੁਪੀ ਸਚਾਈ, ਤੱਤ ਬਾਰੇ ਜਾਣੂੰ ਹੋਣ ਲਈ ਉਸ ਨੂੰ ਚੇਤਨ ਨਹੀਂ ਹੋਣ ਦਿੰਦੇ। 'ਈਸ਼ ਉਪਨਿਸ਼ਦ' ਵਿਚ ਇਕ ਪ੍ਰਾਰਥਨਾ ਇਸ ਤਰ੍ਹਾਂ ਹੈ, "ਹੇ ਪ੍ਰਮਾਤਮਾ ਇਹ ਚਮਕ ਦੂਰ ਕਰ ਜਿਸ ਨੇ ਸਚਾਈ ਦੇ ਤੱਤ ਨੂੰ ਛੁਪਾਇਆ ਹੋਇਆ ਹੈ।" ਜਿਸ ਤੋਂ ਭਾਵ ਹੈ ਮਾਇਆ ਭਰਮਾਉਂਦੀ ਹੈ, ਲਲਚਾਉਂਦੀ ਹੈ ਜਿਸ ਨਾਲ ਗਿਆਨ ਇੰਦ੍ਰੀਆਂ ਵਿਚ ਸੰਸਾਰਕ ਵਸਤੂਆਂ ਲਈ ਇੱਛਾ ਪੈਦਾ ਹੁੰਦੀ ਹੈ। ਅਸੀਂ ਸਾਰੇ ਇਸ ਗੱਲ ਤੋਂ ਭਲੀ ਪ੍ਰਕਾਰ ਜਾਣੂੰ ਹਾਂ ਕਿ ਨਾ ਤਾਂ ਸੰਸਾਰ, ਨਾ ਸੰਸਾਰਕ ਵਸਤੂਆਂ ਹੀ ਸਥਾਈ ਹਨ ਪਰ ਫੇਰ ਵੀ ਸਾਡਾ ਮਨ ਇਨ੍ਹਾਂ ਸੰਸਾਰਕ ਸੁਖਾਂ ਦੀ ਪ੍ਰਾਪਤੀ ਵਿਚ ਹੀ ਲੱਗਾ ਰਹਿੰਦਾ ਹੈ। ਸਾਡੇ ਸਾਰੇ ਦੁਖ ਭੋਗ ਮਾਇਆ ਜਾਲ ਵਿਚ ਫਸੇ ਹੋਣ ਕਰਕੇ ਹੀ ਹਨ। ਮਨੁੱਖੀ ਮਨ ਤੇ ਗਿਆਨ ਇੰਦ੍ਰੀਆਂ ਸੰਸਾਰ ਵਿਚ ਭਰਮਾਈਆਂ ਰਹਿੰਦੀਆਂ ਹਨ।

ਮਾਇਆ ਦੀ ਕੋਈ ਹੋਂਦ ਨਹੀਂ। ਇਹ ਕੋਈ ਉਸ ਤਰ੍ਹਾਂ ਦਾ ਤੱਤ ਨਹੀਂ ਹੈ, ਉਸ ਤਰ੍ਹਾਂ ਦੀ ਹੋਂਦ ਨਹੀਂ ਜਿਸ ਤਰ੍ਹਾਂ ਸੂਰਜ, ਚੰਦਰਮਾ ਦੀ ਹੈ। ਮਾਇਆ ਕੇਵਲ ਇਕ ਭੁਲੇਖਾ ਹੈ, ਛਲੇਡਾ ਹੈ ਜੋ ਇਸ ਬ੍ਰਹਿਮੰਡ ਵਿਚ ਹੈ। ਜਿਹੜੇ ਇਸ ਗੱਲ ਤੋਂ ਜਾਣੂੰ ਹੋ ਜਾਂਦੇ ਹਨ, ਜਿਹੜੇ ਇਸ ਨੂੰ ਬੁੱਝ ਲੈਂਦੇ ਹਨ ਕਿ ਇਸ ਮਾਇਆ ਜਾਲ ਦੇ ਪਿਛੇ ਇਕ ਚਿਰ ਸਥਾਈ ਜੋਤ ਹੈ, ਜੀਵਨ ਜੋਤ ਹੈ ਜੋ ਸ੍ਵੈ ਸਥਾਪਤ ਹੈ, ਉਹ ਇਸ ਸੰਸਾਰ ਰੂਪੀ ਭਵਜਲ ਨੂੰ ਪਾਰ ਕਰ ਲੈਂਦੇ ਹਨ। ਕੇਵਲ ਜਿਹੜੇ ਸੱਚੇ ਸੁੱਚੇ ਹੋ ਕੇ ਇਸ ਰਸਤੇ ਤੇ ਲਗਦੇ ਹਨ, ਵਾਹਿਗੁਰੂ ਉਨ੍ਹਾਂ ਤੇ ਮਿਹਰ ਕਰਦਾ ਹੈ, ਉਹ ਨਿਰੰਤਰ ਚੇਤਨਤਾ ਦੀ ਅਵਸਥਾ ਪ੍ਰਾਪਤ ਕਰਕੇ ਸੰਸਾਰ ਭਵਸਾਗਰ ਪਾਰ ਕਰਕੇ ਵਾਹਿਗੁਰੂ ਨਾਲ ਇਕ ਹੋ ਜਾਂਦੇ ਹਨ। ਜਿਨ੍ਹਾਂ ਨੇ ਆਪਣਾ ਮਨ ਇਕਾਗਰ ਕਰ ਲਿਆ ਹੈ, ਅੰਤਰਮੁਖੀ ਹੋ ਗਏ ਹਨ, ਉਨ੍ਹਾਂ ਨੇ ਤੱਤ ਨੂੰ ਜਾਣ ਲਿਆ ਹੈ। ਖਿੰਡਿਆ ਹੋਇਆ ਮਨ ਸਦਾ ਬਾਹਰ ਦੌੜਦਾ ਹੈ, ਵਿਸ਼ੇ ਵਿਕਾਰਾਂ ਵਲ ਜਾਂਦਾ ਹੈ। ਮ੍ਰਿਗ ਤ੍ਰਿਸ਼ਨਾ ਦੀ ਤਰ੍ਹਾਂ ਮਾਇਆ ਦਾ ਅੰਤ ਪਾਉਣਾ ਔਖਾ ਹੈ, ਨਿਰਣਾ ਕਰਨ ਦੀ ਸ਼ਕਤੀ, ਵਿਵੇਕ ਤੇ ਨਿਪਟਾਰਾ ਕਰਨ ਦੀਆਂ ਸ਼ਕਤੀਆਂ ਤੇ ਮਾਇਆ ਆਪਣਾ ਪੜਦਾ ਪਾਈ ਰਖਦੀ ਹੈ, ਮਨੁੱਖ ਇਨ੍ਹਾਂ ਯੋਗਤਾਵਾਂ ਨੂੰ ਭੁੱਲ ਕੇ ਮਾਇਆ ਵਿਚ ਹੀ ਲਿਪਟੇ ਰਹਿੰਦੇ ਹਨ। ਜਿਨ੍ਹਾਂ ਦੀਆਂ ਇਹ ਯੋਗਤਾਵਾਂ ਮੱਧਮ ਪੈ ਗਈਆਂ ਹਨ ਉਨ੍ਹਾਂ ਨੂੰ ਦ੍ਵੈਤ ਕਿਹਾ ਜਾਂਦਾ ਹੈ, ਉਹ ਆਪ ਵੀ ਦੁਖੀ ਰਹਿੰਦੇ ਹਨ ਤੇ ਦੂਸਰਿਆਂ ਨੂੰ ਵੀ ਦੁਖੀ ਕਰਦੇ ਹਨ। ਦ੍ਵੈਤਾਂ ਵਾਲੀਆਂ ਕਰਨੀਆਂ ਕਰਕੇ ਉਹ ਗਿਆਨ ਗੁਆ ਲੈਂਦੇ ਹਨ ਕਿਉਂਕਿ ਉਹ ਬਹੁਤ ਛੇਤੀਂ ਹੀ ਮੋਹੇ ਜਾਂਦੇ ਹਨ।

ਹਰ ਜਗਿਆਸੂ ਦੇ ਮਨ ਵਿਚ ਇਹ ਪ੍ਰਸ਼ਨ ਉਠਦਾ ਹੈ ਕਿ ਮਾਇਆ ਕੀ ਹੈ? ਮਾਇਆ ਤੋਂ ਕੀ ਭਾਵ ਹੈ? ਮਾਇਆ ਕਲਾ ਹੈ, ਜਾਂ ਸੁਚੱਜਤਾ ਹੈ ਜਾਂ ਕੋਈ ਕਾਰੀਗਰੀ ਹੈ ਜਿਵੇਂ ਘੁਮਿਆਰ ਆਪਣੀ ਕਲਾ ਨਾਲ ਇਕ ਮਿੱਟੀ ਦੇ ਢੇਲੇ ਤੋਂ ਸੋਹਣਾ ਘੜਾ ਬਣਾ ਦਿੰਦਾ ਹੈ, ਇਸ ਤਰ੍ਹਾਂ ਹੀ ਮਾਇਆ ਆਪਣੇ ਤਿੰਨਾਂ ਗੁਣਾਂ ਦਾ ਵਰਤਾਰਾ ਕਰਕੇ ਇਸ ਤਰ੍ਹਾਂ ਦਾ ਜਾਲ ਵਿਛਾ ਦਿੰਦੀ ਹੈ ਜਿਸ ਵਿਚ ਮਨੁੱਖ ਭਰਮਾਇਆ ਰਹਿੰਦਾ ਹੈ। ਮਿੱਟੀ ਦੇ ਢੇਲੇ ਦਾ ਘੜਾ ਬਣਾ ਕੇ ਘੁਮਿਆਰ ਆਪਣੀ ਮਾਇਆ ਵਿਚ ਹੀ ਭਰਮਿਆ ਰਹਿੰਦਾ ਹੈ, ਘੁਮਿਆਰ ਦਾ ਫੇਰ ਘੜੇ ਨਾਲ ਮੋਹ ਪੈ ਜਾਂਦਾ ਹੈ। ਜਦੋਂ ਉਹ ਮਿੱਟੀ ਦਾ ਢੇਲਾ ਸੀ ਉਦੋਂ ਤਕ ਉਸ ਦਾ ਕੋਈ ਉਸ ਨਾਲ ਮੋਹ ਨਹੀਂ ਸੀ ਪਰ ਜਦੋਂ ਉਸ ਨੇ ਮਿੱਟੀ ਨੂੰ ਆਪਣੀ ਕਲਾ ਨਾਲ ਘੜਾ ਬਣਾ ਲਿਆ, ਉਹ ਉਸ ਦੇ ਮੋਹ ਵਿਚ ਫਸ ਗਿਆ। ਮਨੁੱਖ ਕਈ ਪ੍ਰਕਾਰ ਦੇ ਬੁੱਤ ਘੜਦਾ ਹੈ, ਉਸਾਰਦਾ ਹੈ ਤੇ ਢਾਹੁੰਦਾ ਹੈ, ਉਨ੍ਹਾਂ ਦੇ ਮੋਹ ਵਿਚ ਗ੍ਰਸਿਆ ਰਹਿੰਦਾ ਹੈ, ਬੱਝਿਆ ਰਹਿੰਦਾ

ਹੈ, ਭੰਬਲ ਭੂਸਿਆਂ ਵਿਚ ਪਿਆ ਰਹਿੰਦਾ ਹੈ, ਦੁਖੀ ਹੁੰਦਾ ਰਹਿੰਦਾ ਹੈ। ਜਿਹੜਾ ਮਨੁੱਖ ਇਸ ਤਰ੍ਹਾਂ ਭਰਮਿਆ ਰਹੇਗਾ, ਉਹ ਤੱਤ ਨਹੀਂ ਦੇਖ ਸਕੇਗਾ। ਉਹ ਇਹ ਨਹੀਂ ਜਾਣ ਸਕੇਗਾ ਕਿ ਘੜਾ ਵਾਸਤਵ ਵਿਚ ਇਕ ਮਿਟੀ ਦਾ ਢੇਲਾ ਹੈ ਜਿਸ ਨੂੰ ਘੁਮਿਆਰ ਨੇ ਆਪਣੀ ਕਲਾ ਨਾਲ ਇਕ ਮੂਰਤ ਦਿਤੀ ਹੈ, ਸ਼ਕਤੀ ਦਿਤੀ ਹੈ ਤੇ ਉਸ ਵਲ ਮੋਹਿਆ ਗਿਆ ਹੈ। ਜਿਹੜੀਆਂ ਕੀਮਤਾਂ ਕਦਰਾਂ ਉਹ ਘੜੇ ਵਲ ਪ੍ਰਗਟ ਕਰਦਾ ਹੈ ਉਹ ਆਪ ਹੀ ਉਸ ਨਾਲ ਖੁਸ਼ ਹੁੰਦਾ ਹੈ ਪਰ ਫੇਰ ਉਹ ਆਪ ਹੀ ਡਰ ਜਾਂਦਾ ਹੈ ਕਿ ਘੜਾ ਕਿਤੇ ਟੁੱਟ ਨਾ ਜਾਵੇ, ਜੇ ਕਿਤੇ ਘੜਾ ਟੁੱਟ ਗਿਆ ਉਹ ਬਹੁਤ ਨਿਰਾਸ਼ ਹੋ ਜਾਵੇਗਾ ਕਿਉਂਕਿ ਮਨੁੱਖ ਕੋਲ ਇਹ ਕਲਾ ਹੈ ਕਿ ਉਹ ਮਿੱਟੀ ਦੇ ਢੇਲੇ ਨੂੰ ਘੜਾ ਬਣਾ ਸਕਦਾ ਹੈ ਪਰ ਉਸ ਦੇ ਮੋਹ ਵਿਚ ਫਸ ਕੇ ਸਾਰੀਆਂ ਸਮੱਸਿਆ ਸ਼ੁਰੂ ਹੁੰਦੀਆਂ ਹਨ ਜਿਸ ਵਿਚ ਉਸ ਦੀ ਸਾਰੀ ਸ਼ਕਤੀ ਲਗ ਜਾਂਦੀ ਹੈ। ਜਦੋਂ ਅਸੀਂ ਇਹ ਸਾਰੀ ਸਮਸਿਆ ਦੇਖਦੇ ਹਾਂ ਤਾਂ ਮਹਿਸੂਸ ਕਰਦੇ ਹਾਂ ਕਿ ਤ੍ਰੈ ਗੁਣੀ ਮਾਇਆ ਦਾ ਪਸਾਰਾ ਹੀ ਸਾਰੀਆਂ ਸਮੱਸਿਆਵਾਂ ਦੀ ਜੜ੍ਹ ਹੈ।

ਆਓ ਹੁਣ ਅਸੀਂ ਤ੍ਰੈ ਗੁਣੀ ਮਾਇਆ ਦਾ ਨਰੀਖਣ ਕਰੀਏ। ਮਨੁੱਖ ਤਮੋ ਗੁਣਾਂ ਦੇ ਵਧੇਰੇ ਜ਼ੋਰ ਪੈਣ ਕਰਕੇ ਹੀ ਸੌਂਦਾ ਹੈ। ਜਦੋਂ ਹੀ ਉਠ ਕੇ ਉਹ ਤੁਰਨ ਲਗਦਾ ਹੈ, ਰਜੋ ਗੁਣਾਂ ਦਾ ਜ਼ੋਰ ਪੈਂਦਾ ਹੈ, ਉਹ ਕ੍ਰਿਆ ਕਰਮ ਕਰਦਾ ਹੈ, ਫੇਰ ਉਹ ਵਿਸ਼ੇ ਵਿਕਾਰਾਂ ਵਿਚ ਪੈਂਦਾ ਹੈ, ਇੰਦ੍ਰੀਆਂ ਦਾ ਭੋਗ ਭੋਗਦਾ ਹੈ। ਜਦੋਂ ਸਤੋ ਗੁਣਾਂ ਦਾ ਬੋਲ ਬਾਲਾ ਹੁੰਦਾ ਹੈ, ਉਹ ਸ਼ਾਂਤ ਰਹਿੰਦਾ ਹੈ, ਅਨੰਦਮਈ ਹੁੰਦਾ ਹੈ। ਇਸ ਤਰ੍ਹਾਂ ਨਾਲ ਜਗਿਆਸੂ ਹਰ ਮਾਨਸਿਕ, ਸਰੀਰਕ ਕ੍ਰਿਆ ਰਾਹੀਂ ਇਨ੍ਹਾਂ ਤਿੰਨਾਂ ਗੁਣ ਨੂੰ ਪਰਖਦਾ ਹੈ, ਇਸ ਤਰ੍ਹਾਂ ਨਾਲ ਉਹ ਸਾਧਨਾ ਵਿਚ ਕੀਤੀ ਤਰੱਕੀ ਨੂੰ ਵੀ ਜਾਂਚ ਸਕਦਾ ਹੈ ਇਹ ਦੇਖ ਕੇ, ਕਿ ਉਸ ਦੇ ਰੋਜ਼ ਦੇ ਜੀਵਨ ਵਿਚ ਕਿਹੜੇ ਗੁਣ ਵਧੇਰੇ ਪ੍ਰਧਾਨ ਹਨ। ਜਦੋਂ ਉਹ ਉਦਾਸ ਹੁੰਦਾ ਹੈ, ਨਿਰਾਸ ਹੁੰਦਾ ਹੈ, ਦੁਖੀ ਹੁੰਦਾ ਹੈ, ਕਲੇਸ਼ਾਂ ਵਿਚ ਪੈਂਦਾ ਹੈ, ਉਦੋਂ ਤਮੋ ਗੁਣ ਪ੍ਰਧਾਨ ਹੁੰਦਾ ਹੈ, ਜਦੋਂ ਉਹ ਕੁਝ ਕਰਦਾ ਹੈ, ਕਰਨਾ ਚਾਹੁੰਦਾ ਹੈ ਉਦੋਂ ਰਜੋ ਗੁਣਾਂ ਦਾ ਜ਼ੋਰ ਹੁੰਦਾ ਹੈ, ਜਦੋਂ ਉਹ ਸ਼ਾਂਤ ਹੁੰਦਾ ਹੈ, ਅੰਦਰੋਂ ਅਨੰਦ ਮਹਿਸੂਸ ਕਰਦਾ ਹੈ ਉਦੋਂ ਸਤੋ ਗੁਣਾਂ ਦਾ ਪ੍ਰਵਾਹ ਚਲ ਰਿਹਾ ਹੁੰਦਾ ਹੈ। ਯੋਗੀ ਆਪਣੇ ਯੋਗਿਕ ਬਲ ਨਾਲ ਸਦਾ ਸਤੋ ਗੁਣ ਵਿਚ ਵਿਚਰਦੇ ਹਨ, ਉਹ ਸੁਆਸਾਂ ਤੇ ਧਿਆਨ ਇਕਾਗਰ ਕਰਕੇ ਸਦਾ ਸੁਖਮਨਾ ਨਾੜੀ ਵਿਚ ਹੀ ਉਨ੍ਹਾਂ ਨੂੰ ਰਖਦੇ ਹਨ, ਉਸ ਵਿਚ ਰਹਿੰਦਿਆਂ ਸੁਤੇ ਹੀ ਉਹ ਆਪਣੀ ਚੇਤਨਤਾ ਨੂੰ ਉਪਰ ਲੈ ਜਾਂਦੇ ਹਨ, ਉਪਰ ਦੇ ਪੱਧਰ ਤੇ ਪਹੁੰਚਾ ਲੈਂਦੇ ਹਨ। ਸ਼ਾਂਤੀ ਤੇ ਚੁੱਪ ਸਮਾ-ਚਿਤਤਾ ਦਾ ਪ੍ਰਤੀਕ ਹਨ ਅਤੇ ਸਤੋ ਗੁਣਾਂ ਦਾ ਪ੍ਰਗਟਾਵਾ ਹਨ।

ਤ੍ਰੈ ਗੁਣੀ ਮਾਇਆ ਦਾ ਸਰੋਤ ਜੀਵਨ ਵਿਚੋਂ ਹੀ ਹੈ, ਜੀਵਨ ਹੀ ਹੈ, ਪਰ ਸਰਵੋਤਮ ਇਕ ਇਨ੍ਹਾਂ ਗੁਣਾਂ ਦੇ ਪਿਛੇ ਹੀ ਛੁਪਿਆ ਰਹਿੰਦਾ ਹੈ। ਮਾਇਆ ਨੂੰ ਰੂਹਾਨੀ ਵੀ ਮੰਨਿਆ ਜਾਂਦਾ ਹੈ, ਇਹ ਪ੍ਰਮਾਤਮਾ ਦੀ ਹੀ ਸ਼ਕਤੀ ਹੈ, ਇਹ ਆਮ ਸਾਧਨਾ, ਸੰਜਮ ਨਾਲ ਛੇਤੀਂ ਹਟਾਈ ਨਹੀਂ ਜਾ ਸਕਦੀ। ਇਸ ਤੋਂ ਛੁਟਕਾਰਾ ਪਾਉਣ ਲਈ ਕਰੜੀ ਤਪੱਸਿਆ ਦੀ ਲੋੜ ਹੈ, ਖਾਸ ਸਾਧਨਾ ਦੀ ਲੋੜ ਹੈ, ਉਸ ਤੋਂ ਬਿਨਾਂ ਇਸ ਦੇ ਬੰਧਨ ਨਹੀਂ ਤੋੜੇ ਜਾ ਸਕਦੇ। ਜਦੋਂ ਕੋਈ ਵੀ ਸਾਧਨ ਮਾਇਆ ਤੋਂ ਛੁਟਕਾਰਾ ਪਾਉਣ ਲਈ ਕੰਮ ਨਹੀਂ ਕਰਦਾ ਤਾਂ ਅੰਤ ਵਿਚ ਜਗਿਆਸੂ ਇਸ ਤਰ੍ਹਾਂ ਰੋਂਦਾ ਹੈ, ਵਿਰਲਾਪ ਕਰਦਾ ਹੈ ਜਿਵੇਂ ਛੋਟਾ ਬੱਚਾ ਮਾਂ ਦੀ ਗੋਦੀ ਵਿਚ ਜਾਣ ਲਈ ਕਰਦਾ ਹੈ। ਕੇਵਲ ਉਹ ਇਕ ਹੀ ਸਾਧਨ ਹੈ ਜਿਸ ਨਾਲ ਵਾਹਿਗੁਰੂ ਅਪਾਰ ਕ੍ਰਿਪਾ ਕਰਦੇ ਹਨ, ਜਗਿਆਸੂ ਤੇ ਦਿਆਲ ਹੁੰਦੇ ਹਨ। ਜਦੋਂ ਯੋਗੀ ਆਪਣੀ ਸੱਚੀ ਯੋਗ ਸਾਧਨਾ ਕਰਦਾ ਹੈ ਤੇ ਸਤੋ ਗੁਣ ਪ੍ਰਾਪਤ ਕਰਦਾ ਹੈ ਫੇਰ ਉਸ ਭਾਵ ਨਾਲ ਪ੍ਰਮਾਤਮਾ ਨੂੰ ਚਿਤਵਦਾ ਹੈ, ਫੇਰ ਉਹ ਮਾਇਆ ਜਾਲ ਤੋਂ ਛੁਟਕਾਰਾ ਪਾ ਲੈਂਦਾ ਹੈ। ਤਮੋ ਗੁਣਾਂ ਦੇ ਅਧੀਨ ਹੋ ਕੇ ਜਿਹੜੇ ਮਾਇਆ ਵਿਚ ਗ੍ਰਸੇ ਰਹਿੰਦੇ ਹਨ, ਹਰ ਵੇਲੇ ਵਿਸ਼ੇ ਵਿਕਾਰ ਭੋਗਦੇ ਹਨ, ਭੋਗਣ ਦੀ ਇੱਛਾ ਰਖਦੇ ਹਨ, ਉਹ ਸਦਾ ਦੁਖੀ ਹੀ ਰਹਿੰਦੇ ਹਨ, ਆਪਣੀ ਲਾਲਸਾ ਕਰਕੇ ਉਹ ਆਪਣੇ ਆਪ ਲਈ ਹਨ੍ਹੇਰੇ ਬੰਨ੍ਹ ਲੈਂਦੇ ਹਨ। ਇਹੋ ਜਿਹੇ ਮੂਰਖ ਲੋਕ ਮਨੁੱਖਤਾ ਦੀ ਸਭ ਤੋਂ ਵੱਡੀ, ਪ੍ਰਮਾਤਮਾ ਦੀ ਬਖਸ਼ਿਸ਼ ਗੁਆ ਲੈਂਦੈ ਹਨ।

L L L L L L L

---

(ਪੰਨਾ 3 ਦੀ ਬਾਕੀ)

'ਆਤਮ ਮਾਰਗ' ਵਲੋਂ ਸੰਦੇਸ਼ ਹੈ, ਇਹੋ ਸੰਤ ਮਹਾਂਪੁਰਸ਼ਾਂ ਦੀ ਅਸੀਸ ਹੈ, ਐਸਾ ਹੀ ਉਨ੍ਹਾਂ ਦਾ ਸੰਦੇਸ਼ ਉਨ੍ਹਾਂ ਦੇ ਅਨਮੋਲ ਬਚਨਾਂ ਰਾਹੀਂ ਤੁਸੀਂ ਪੜ੍ਹਦੇ ਆ ਰਹੇ ਹੋ।

ਸਾਰੀਆਂ ਧਾਰਮਿਕ ਸੰਸਥਾਵਾਂ ਨੂੰ ਆਪਸੀ ਵਖੇਵੇਂ ਛੱਡ ਕੇ 'ਸ਼ਬਦ' ਦੇ ਪ੍ਰਚਾਰ ਅਤੇ ਪਾਸਾਰ ਲਈ ਜੁੱਟ ਜਾਣਾ ਚਾਹੀਦਾ ਹੈ। ਪਿਛਲੇ ਕੁਝ ਸਮੇਂ ਤੋਂ ਮਹਾਂਪੁਰਸ਼ਾਂ ਨੇ ਆਪ ਜੀ ਨੂੰ ਲਾਈਫ-ਮੈਂਬਰਸ਼ਿਪ ਲਈ ਆਦੇਸ਼ ਭੇਜੇ ਹਨ; ਤੁਸੀਂ ਚੰਗਾ ਹੁੰਗਾਰਾ ਭਰਿਆ ਹੈ; ਕਈ ਤਰ੍ਹਾਂ ਦੀ ਜਾਇਦਾਦ ਅਤੇ ਬੈਂਕ ਬੈਲੰਸ ਅਸੀਂ ਪੁੱਤ ਪੋਤਰਿਆਂ ਨੂੰ ਦੇ ਕੇ ਇਸ ਸਦੀ ਵਿਚੋਂ ਸਦਾ ਲਈ ਵਿਦਾਇਗੀ ਲੈਣੀ ਹੈ, ਆਤਮ ਮਾਰਗ ਦੀ ਦਾਤ ਦੇਣੀ ਨਾ ਭੁਲਣਾ, ਦੇਰ ਵੀ ਨਹੀਂ ਕਰਨੀ – ਬਲੰ ਪਾਪੰ, ਨਾ ਬਲੰ ਧਰਮੰ। ਪਾਪ ਕਰਨ ਲੱਗਿਆਂ ਸੋਚਣਾ, ਰੁਕ ਜਾਣਾ, ਦੇਰ ਕਰ ਲੈਣੀ ਚਾਹੀਦੀ ਹੈ ਪਰ ਧਰਮ ਕਰਨ ਲੱਗਿਆਂ, ਚੰਗਾ ਕੰਮ ਕਰਨ ਲੱਗਿਆਂ ਦੇਰ ਨਹੀਂ ਕਰਨੀ ਚਾਹੀਦੀ। ਨਵੇਂ ਸਾਲ, ਨਵੀਂ ਸਦੀ ਵਿਚ, ਸਿਮਰਨ ਅਤੇ ਸੇਵਾ ਸਦਕਾ ਤੁਹਾਡੀਆਂ ਝੋਲੀਆਂ ਖੁਸ਼ੀਆਂ ਨਾਲ ਭਰਪੂਰ ਹੋਣ; ਰਤਵਾੜਾ ਸਾਹਿਬ ਦੇ ਮਹਾਂਪੁਰਸ਼ਾਂ ਵਲੋਂ ਅਤੇ ਅਦਾਰਾ ਆਤਮ ਮਾਰਗ ਵਲੋਂ ਆਪ ਲਈ ਇਹੋ ਅਰਦਾਸ ਹੈ।

***ਡਾ. ਜਗਜੀਤ ਸਿੰਘ***
***ਮੁਖ ਸੰਪਾਦਕ – 'ਆਤਮ ਮਾਰਗ'***

L L L L L L L

# ਹੱਠ ਯੋਗ ਦਰਸ਼ਨ

## Philosophy of Hatha Yoga

*ਡਾ. ਸਵਾਮੀ ਵੇਦ ਭਾਰਤੀ ਜੀ*
*ਅਨੁਵਾਦਕ - ਡਾ. ਬੀਬੀ ਤੇਜਿੰਦਰ ਮਲਹੋਤਰਾ*

### ਮਨ ਤੇ ਸਰੀਰ ਦੀ ਸਾਵਧਾਨੀ

ਬਹੁਤ ਸਾਰੇ ਲੋਕ ਹੱਠ ਯੋਗ ਦਾ ਅਭਿਆਸ ਉਸ ਦੀ ਫਿਲੌਸਫੀ ਲਈ ਨਹੀਂ ਕਰਦੇ, ਕੇਵਲ ਉਸ ਦੇ ਸਰੀਰਕ ਲਾਭ ਲਈ ਹੀ ਕਰਦੇ ਹਨ, ਬਹੁਤ ਸਾਰਿਆਂ ਦਾ ਧਿਆਨ ਕੇਵਲ ਸਰੀਰ ਵਲ ਹੀ ਜਾਂਦਾ ਹੈ, ਅੰਦਰ ਦੇ ਵਿਅਕਤੀਤ੍ਵ ਵਲ ਨਹੀਂ ਜਾਂਦਾ। ਪੁਰਾਤਨ ਇਤਿਹਾਸ ਵਿਚ ਦੱਸਿਆ ਗਿਆ ਹੈ ਕਿ ਹੱਠ ਯੋਗ, ਅਸ਼ਟਾਂਗ ਯੋਗ ਦੀ ਇਕ ਸ਼ਾਖਾ ਦੇ ਰੂਪ ਵਿਚ ਪ੍ਰਸਿੱਧ ਹੋਇਆ, ਭਾਵ ਅੱਠ ਅੰਗਾਂ ਦਾ ਅਭਿਆਸ ਜਿਸ ਤੋਂ ਅੱਗੇ 'ਆਤਮ ਮਾਰਗ' ਦੇ ਅਨੁਸ਼ਾਸ਼ਨ ਦਾ ਵਿਸਤਾਰ ਕਰਨਾ ਸੀ।

ਮਨੁੱਖੀ ਵਿਅਕਤੀਤ੍ਵ ਦੀ ਹੋਂਦ ਤੇ ਕਾਰਜ ਬਹੁ ਪੱਖੀ ਹੈ ਇਸ ਕਰਕੇ ਹੀ ਸੰਸਕ੍ਰਿਤ ਦੇ ਹੱਠ ਸ਼ਬਦ ਦੇ ਅਰਥ ਵੀ ਬਹੁਪੱਖੀ ਹੀ ਹਨ। ਸੰਸਕ੍ਰਿਤ ਵਿਚ ਕਿਸੇ ਵੀ ਫਿਲੌਸਫੀ ਦਾ ਵਿਖਿਆਨ ਕਰਦਿਆਂ ਅਸੀਂ ਉਥੇ ਉਹ ਹੀ ਅਰਥ ਲੈਂਦੇ ਹਾਂ ਜਿਹੜੇ ਉਥੇ ਢੁਕਵੇਂ ਹੋਣ, ਬਾਕੀ ਛੱਡ ਦਿਤੇ ਜਾਂਦੇ ਹਨ। ਅੱਗੇ ਚੱਲ ਕੇ ਜੇ ਉਸ ਸ਼ਬਦ ਦੇ ਕੋਈ ਹੋਰ ਅਰਥ ਹਨ ਤਾਂ ਅਸੀਂ ਉਹ ਹੀ ਲਵਾਂਗੇ, ਬਾਕੀ ਛੱਡ ਦਿਆਂਗੇ। ਇਹ ਜਾਣ ਲੈਣਾ ਬੜਾ ਹੀ ਜ਼ਰੂਰੀ ਹੈ ਕਿ ਸੰਸਕ੍ਰਿਤ ਸ਼ਬਦ ਦੇ ਅਰਥ ਹਰ ਥਾਂ ਤੇ ਭਾਸ਼ਾ ਵਿਚ ਵੱਖ ਹੁੰਦੇ ਜਾਂਦੇ ਹਨ।

ਹੱਠ ਸ਼ਬਦ ਦਾ ਸੰਪੂਰਨ ਪੱਖੋਂ ਅਰਥ ਹੈ ਸ਼ਕਤੀ, ਕੁਝ ਵੀ ਕਰਨਾ, ਸ਼ਕਤੀ ਲਗਾ ਕੇ ਜ਼ੋਰ ਲਗਾ ਕੇ ਕਰਨਾ ਕਿਉਂਕਿ ਸ਼ੁਰੂ ਵਿਚ ਅਸੀਂ ਜ਼ੋਰ ਲਗਾ ਕੇ ਹੀ ਸਰੀਰ ਦੀਆਂ ਆਦਤਾਂ ਬਦਲਦੇ ਹਾਂ। ਮਿਸਾਲ ਵਜੋਂ ਜੇ ਸਰੀਰ ਦੀ ਆਦਤ ਹੈ - ਕੁੱਬ ਕੱਢ ਕੇ ਤੁਰਨਾ, ਝੁਕ ਕੇ ਤੁਰਨਾ, ਝੁਕ ਕੇ ਬੈਠਣਾ, ਇਸ ਆਦਤ ਨੂੰ ਛੱਡ ਕੇ ਦੂਸਰੀ ਆਦਤ ਪਾਉਣਾ ਹੱਠ ਹੈ ਪਰ ਇਹ ਹੌਲੀ ਹੌਲੀ ਕਰਨਾ ਹੈ। ਇਹ ਕੋਈ ਪਹਿਲਵਾਨਾਂ ਦੀ ਤਰ੍ਹਾਂ ਜਾਂ ਭਾਰ ਚੁੱਕਣ ਵਾਲਿਆਂ ਦੀ ਤਰ੍ਹਾਂ ਜ਼ੋਰ ਲਗਾਉਣਾ ਨਹੀਂ ਹੈ ਇਹ ਤਾਂ ਹੌਲੀ ਹੌਲੀ ਕਰਨਾ ਹੈ। ਜਦੋਂ ਤੁਸੀਂ ਸਮਝਣ ਲਗ ਪੈਂਦੇ ਹੋ ਕਿ ਸੂਖਮ ਸ਼ਕਤੀ ਕਿਥੋਂ ਆਉਂਦੀ ਹੈ, ਤੁਸੀਂ ਕਿਵੇਂ ਹੌਲੀ ਹੌਲੀ ਕਰ ਸਕਦੇ ਹੋ, ਉਦੋਂ ਹੱਠ ਸ਼ਬਦ ਦੇ ਅਰਥ ਅਸਲੀ ਰੂਪ ਵਿਚ ਸਮਝ ਆ ਜਾਂਦੇ ਹਨ ਤੇ ਤੁਸੀਂ ਫੇਰ ਸਰੀਰ ਬਾਰੇ ਨਹੀਂ ਸੋਚਦੇ, ਤੁਸੀਂ ਸੂਖਮ ਤੱਤ ਬਾਰੇ ਸੋਚਦੇ ਹੋ, ਚੰਦ ਸੂਰਜ ਬਾਰੇ ਸੋਚਦੇ ਹੋ। 'ਹ' ਅੱਖਰ ਦੇ ਅਰਥ ਹਨ - ਸੂਰਜ, 'ਠ' ਅੱਖਰ ਦੇ ਅਰਥ ਹਨ ਚੰਦਰਮਾ। ਜਿਵੇਂ ਜਿਵੇਂ ਮਨੁੱਖ ਨੂੰ ਆਪਣਾ ਸਬੰਧ ਬ੍ਰਹਿਮੰਡ ਨਾਲ ਸਮਝ ਆਉਣ ਲਗ ਜਾਂਦਾ ਹੈ, ਮਨੁੱਖ ਮਹਿਸੂਸ ਕਰਦਾ ਹੈ ਕਿ ਹੱਠ ਯੋਗ ਦਾ ਅਭਿਆਸ ਵੱਖ-ਵੱਖ ਪੱਧਰ ਤੇ ਕੰਮ ਕਰ ਰਿਹਾ ਹੈ। ਇਥੇ ਸੂਰਜ ਦਾ ਸਵੇਰੇ ਨਿਕਲ ਕੇ ਸ਼ਾਮ ਨੂੰ ਛੁਪਣ ਵਾਲਾ ਨਹੀਂ, ਚੰਦਰਮਾ ਉਹ ਚੰਦਰਮਾ ਨਹੀਂ ਹੈ ਜਿਹੜਾ ਰਾਤ ਨੂੰ ਚਮਕਦਾ ਹੈ। ਸੂਰਜ ਤੋਂ ਭਾਵ ਇਥੇ ਸੱਜੀ ਨਾਸਿਕਾ ਤੋਂ ਚੱਲਣ ਵਾਲਾ ਨਰ ਸੁਭਾਅ ਵਾਲਾ ਸ੍ਵਾਸ ਹੈ। ਚੰਦਰਮਾ ਤੋਂ ਭਾਵ ਹੈ ਮਾਦਾ ਸੁਭਾਅ ਵਾਲਾ ਗਿਆਨ ਰੂਪੀ ਸ੍ਵਾਸ ਜਿਹੜਾ ਖੱਬੀ ਨਾਸਿਕਾ ਤੋਂ ਚਲਦਾ ਹੈ, ਇਸ ਤੋਂ ਇਹ ਪਤਾ ਲਗਦਾ ਹੈ ਕਿ ਹੱਠ ਯੋਗ ਦਾ ਅਭਿਆਸ ਇਕ ਸਮੇਂ ਵੱਖ-ਵੱਖ ਪੱਧਰਾਂ ਤੇ ਚਲਦਾ ਹੈ।

ਹਜ਼ਾਰਾਂ ਸਾਲ ਪਹਿਲਾਂ ਲੋਕਾਂ ਨੇ ਖੋਜ ਕਰਕੇ ਹੱਠ ਯੋਗ ਦੀ ਫਿਲੌਸਫੀ, ਅਭਿਆਸ, ਵਿਗਿਆਨ ਨੂੰ ਪ੍ਰਗਟ ਕੀਤਾ। ਬੁੱਧ ਫਿਲੌਸਫੀ ਵਿਚ ਉਨ੍ਹਾਂ ਸਿਆਣਿਆਂ ਨੂੰ ਪਰਮੀਤਸ ਕਹਿੰਦੇ ਹਨ, ਉਹ ਗਿਆਨੀ ਜਿਨ੍ਹਾਂ ਨੇ ਬੁੱਧ ਮਜ਼ਹਬ ਦੇ ਦਸ ਨਿਯਮ ਕੱਢੇ, ਜਾ ਕਹਿ ਲਓ 'ਆਤਮ ਮਾਰਗ' ਦੇ ਦਸ ਨਿਯਮ ਦਿਤੇ। ਉਨ੍ਹਾਂ ਵਿਚੋਂ ਇਕ ਹੈ ਕੌਸ਼ਲਤਾ, ਨਿਪੁੰਨਤਾ ਉਹ ਨਿਪੁੰਨਤਾ ਜਿਹੜੀ ਦੂਸਰਿਆਂ ਨੂੰ ਮੁਕਤ ਕਰਾ ਦੇਵੇ। ਇਕ ਸਭ ਤੋਂ ਵੱਡਾ ਨਿਯਮ ਸਦਾ ਉਨ੍ਹਾਂ ਦੇ ਮਨ ਵਿਚ ਰਹਿੰਦਾ ਸੀ, ਉਹ ਨਿਯਮ ਇਹ ਸੀ ਕਿ ਜਦੋਂ ਮੇਰਾ ਪਿਤਾ ਮੈਨੂੰ ਸਿਖਿਆ ਦੇ ਰਿਹਾ ਸੀ, ਉਹ ਸਦਾ ਇਹ ਹੀ ਕਹਿੰਦੇ, 'ਜੇ ਤੁਸੀਂ ਚਿੱਕੜ ਵਿਚ ਡਿਗ ਪਏ ਹੋ, ਤੁਹਾਨੂੰ ਆਪਣੇ ਹੱਥ ਚਿੱਕੜ ਵਿਚ ਲਬੇੜਨੇ ਹੀ ਪੈਣਗੇ, ਤਾਂ ਹੀ ਤੁਸੀਂ ਉਠ ਸਕੋਗੇ। ਤੁਸੀਂ ਓਥੇ ਲੇਟੇ ਇਹ ਨਹੀਂ ਕਹਿ ਸਕਦੇ ਕਿ ਕਾਸ਼! ਮੈਂ ਸੰਗਮਰਮਰ ਤੇ ਪਿਆ ਹੁੰਦਾ, ਮੈਂ ਤਾਜ ਮਹਿਲ ਦੇ ਬਾਹਰ ਡਿੱਗਿਆ ਹੁੰਦਾ। ਤੁਸੀਂ ਚਿੱਕੜ ਵਿਚ ਡਿੱਗੇ ਹੋ ਤੇ ਚਿੱਕੜ ਵਿਚ ਹੀ ਹੋ, ਉਸ ਨਾਲ ਹੱਥ ਲਬੇੜੇ ਬਿਨਾਂ ਤੁਸੀਂ ਨਹੀਂ ਉਠ ਸਕਦੇ, ਚਿੱਕੜ ਵਿਚ ਡਿੱਗ ਕੇ ਤੁਸੀਂ ਸੰਗਮਰਮਰ ਦੇ ਫਰਸ਼ ਤੋਂ ਨਹੀਂ ਉਠ ਸਕਦੇ।

ਅੱਜ ਦੇ ਸਮੇਂ ਲੋਕਾਂ ਦੀ ਚੇਤਨਤਾ ਵੱਖ-ਵੱਖ ਪੱਧਰ ਤੇ ਟਿਕੀ ਹੋਈ ਹੈ, ਵੱਖ ਵੱਖ ਯਥਾਰਥ ਤੇ ਟਿਕੀ ਹੋਈ ਹੈ। ਜਿਸ ਚੀਜ਼ ਨਾਲ ਵੀ ਜੀਵਨ ਵਿਚ ਉਹ ਆਪਣੇ ਆਪ ਨੂੰ ਅਭੇਦ ਕਰ ਸਕਦੇ ਹਨ, ਜੋ ਵੀ ਉਨ੍ਹਾਂ ਦੀ ਆਤਮਾ ਸਬੰਧੀ ਧਾਰਨਾ ਹੈ, ਜੋ ਕੁਝ ਵੀ ਉਹ ਆਪਣੇ ਬਾਰੇ ਸੋਚਦੇ ਹਨ, ਉਥੋਂ ਹੀ ਉਨ੍ਹਾਂ ਨੂੰ ਆਪਣਾ 'ਆਤਮ ਮਾਰਗ ਸ਼ੁਰੂ ਕਰ ਲੈਣਾ ਚਾਹੀਦਾ ਹੈ। ਆਪਣੀਆਂ ਸਾਰੀਆਂ ਸਮੱਸਿਆਵਾਂ ਦਾ ਹੱਲ ਲੱਭਣ ਲਈ ਉਨ੍ਹਾਂ ਨੂੰ ਇਥੋਂ ਹੀ ਸ਼ੁਰੂ ਕਰਨਾ ਚਾਹੀਦਾ ਹੈ, ਉਹ ਹੀ ਉਨ੍ਹਾਂ ਲਈ ਵਾਸਤਵਿਕਤਾ ਹੋਵੇਗੀ, ਉਹ ਹੀ ਯਥਾਰਥ ਹੋਵੇਗਾ। ਬਹੁਤ ਸਾਰੇ ਲੋਕ ਇਹੋ ਜਿਹੇ ਹਨ ਜਿਨ੍ਹਾਂ ਨੂੰ ਗਿਆਨ, ਸੰਪੂਰਨਤਾ ਇਹ ਗੱਲਾਂ ਬੜੀਆਂ ਹੀ ਧੁੰਦਲੀਆਂ ਰਹੱਸਮਈ ਲਗਦੀਆਂ ਹਨ ਤੇ ਲਗਦਾ ਹੈ ਜਿਵੇਂ ਇਹ ਸਭ ਪੂਰਬ ਦੇ ਅਗੰਮੀ ਉਲਝਣ ਵਾਲੀਆਂ ਗੱਲਾਂ ਹੀ ਹਨ। ਸੋ ਯੋਗ ਦਾ ਗੁਰੂ ਉਥੋਂ ਹੀ ਸ਼ੁਰੂ ਕਰਦਾ ਹੈ ਜੋ ਕੁਝ ਵੀ ਉਹ ਜਾਣਦੇ ਹਨ ਜਿਸ ਨਾਲ ਵੀ ਉਹ ਆਪਣੇ ਆਪ ਨੂੰ ਜੋੜ ਸਕਦੇ ਹਨ। ਜੇ ਕੋਈ ਮਸ਼ੀਨ ਬਾਰੇ ਜਾਣਦਾ ਹੈ ਤਾਂ ਉਹ biofeed back yoga ਸ਼ੁਰੂ ਕਰ ਦਿੰਦਾ ਹੈ। ਜੇ ਕੋਈ ਕਿਸੇ ਪਦਾਰਥ ਦੀ ਸਮੱਸਿਆ ਨਾਲ ਆਉਂਦਾ ਹੈ ਤਾਂ ਗੁਰੂ ਇੱਛਾ ਸ਼ਕਤੀ ਤੋਂ ਸ਼ੁਰੂ ਕਰ ਦਿੰਦਾ ਹੈ। ਜੇ ਕੋਈ ਸਦਾ ਜਵਾਨ ਹੀ ਬਣਿਆ ਰਹਿਣਾ ਚਾਹੁੰਦਾ ਹੈ ਤਾਂ ਉਹ ਹੱਠ ਯੋਗ ਨਾਲ ਸ਼ੁਰੂ ਕਰ ਦਿੰਦਾ ਹੈ - ਸੰਤੁਲਨ ਖਾਣਾ ਪੀਣਾ, ਆਸਨ ਕਰਨੇ ਆਦਿ।

ਯੋਗ ਫਿਲੌਸਫੀ, ਅਧਿਆਤਮਵਾਦ ਵਿਚ ਮਨੁੱਖ ਨੂੰ ਪੰਜ

ਤੈਹਾਂ ਵਿਚ ਲਪੇਟਿਆ ਦੱਸਿਆ ਜਾਂਦਾ ਹੈ। ਪਹਿਲਾ ਹੈ ਅੰਨਮਈ ਕੋਸ਼। ਜੋ ਇਹ ਦਿਸਦਾ ਸਰੀਰ ਹੈ ਤੇ ਇਹ, ਜੋ ਕੁਝ ਵੀ ਅਸੀਂ ਖਾਂਦੇ ਪੀਂਦੇ ਹਾਂ ਉਸ ਦਾ ਬਣਦਾ ਹੈ। ਦੂਸਰਾ ਹੈ – ਪ੍ਰਾਣਮਈ ਕੋਸ਼, ਇਹ ਖਾਣ ਪੀਣ ਦੇ ਸੂਖਮ ਤੱਤ ਤੋਂ ਬਣਦਾ ਹੈ। ਇਸ ਨੂੰ vital force ਵੀ ਕਹਿੰਦੇ ਹਨ। ਤੀਸਰੀ ਪਰਤ ਹੈ – ਮਨੋਮਈ ਕੋਸ਼, ਇਹ ਪ੍ਰਾਣਾਂ ਹੀ ਅੱਗੇ ਇਕ ਤੱਤ ਹੈ, ਇਸ ਨੂੰ ਮਾਨਸਿਕ ਤੱਤ ਕਹਿ ਸਕਦੇ ਹੋ। ਚੌਥਾ ਹੈ – ਵਿਗਿਆਨਮਈ ਕੋਸ਼ ਇਹ ਇਕ ਸੀਮਤ ਚੇਤਨਤਾ ਨੂੰ ਕਹਿੰਦੇ ਹਨ। ਪੰਜਵਾਂ ਹੈ – ਅਨੰਦਮਈ ਕੋਸ਼, ਇਹ ਸੀਮਤ ਸੰਤੁਸ਼ਟਤਾ, ਸੀਮਤ ਪ੍ਰਸੰਨਤਾ ਦਾ ਬਣਿਆ ਹੋਇਆ ਹੈ।

ਇਕ ਸਾਧਾਰਣ ਮਨੁੱਖ ਤਾਂ ਕੇਵਲ ਬਾਹਰ ਦੇ ਸਰੀਰ ਬਾਰੇ ਹੀ ਜਾਣਦਾ ਹੈ ਜਿਸ ਨੂੰ ਅਸੀਂ ਅੰਨਮਈ ਕੋਸ਼ ਕਹਿੰਦੇ ਹਾਂ, ਜੋ ਅੰਨ ਦਾ ਬਣਿਆ ਹੋਇਆ ਹੈ, ਜੋ ਸਾਡਾ ਭੌਤਿਕ ਸਰੀਰ ਹੈ। ਜਦੋਂ ਅਸੀਂ ਆਪਣੇ ਬਾਰੇ ਗੱਲ ਕਰਦੇ ਹਾਂ ਅਸੀਂ ਛਾਤੀ ਉਤੇ ਹੱਥ ਰੱਖ ਕੇ, ਛਾਤੀ ਠੋਕ ਕੇ ਇਹ ਕਹਿੰਦੇ ਹਾਂ ਕਿ ਮੈਂ ਇਹ ਹਾਂ, ਮੈਨੂੰ ਭੁੱਖ ਲੱਗੀ ਹੈ ਅਸੀਂ ਮਨ ਦੀ ਭੁੱਖ ਦੀ ਗੱਲ ਨਹੀਂ ਕਰ ਰਹੇ ਹੁੰਦੇ, ਅਸੀਂ ਤਾਂ ਸਰੀਰ ਨੂੰ ਜਿਹੜੀ ਭੁੱਖ ਲੱਗੀ ਹੈ, ਉਸ ਬਾਰੇ ਕਹਿ ਰਹੇ ਹੁੰਦੇ ਹਾਂ, ਇਹ ਇਕ ਸਰੀਰਕ ਸੀਮਾ ਹੈ। ਯੋਗ ਦੀ ਸਾਰੀ ਫਿਲੌਸਫੀ ਵਿਚ ਸਰੀਰ ਦੇ ਕੰਟਰੋਲ ਦੀ ਗੱਲ ਕਿਥੋਂ ਹੈ? ਯੋਗ ਦਾ ਕੰਮ ਹੈ ਸਾਡਾ ਧਿਆਨ ਪੂਰੇ ਸਰੀਰ ਤੋਂ ਹੌਲੀ ਹੌਲੀ ਸਰੀਰ ਦੇ ਛੋਟੇ ਭਾਗਾਂ ਤੇ ਲੈ ਜਾਣਾ ਅਤੇ ਉਨ੍ਹਾਂ ਬਾਰੇ ਸੁਚੇਤ ਕਰਾਉਣਾ। ਆਮ ਤੌਰ ਤੇ ਅਸੀਂ ਸਰੀਰ ਤੋਂ ਕੰਮ ਲੈਂਦੇ ਹਾਂ, ਸਰੀਰ ਨੂੰ ਵਰਤਦੇ ਹਾਂ ਪਰ ਅਸੀਂ ਇਸ ਲਈ ਸੁਚੇਤ ਵੀ ਨਹੀਂ ਹੁੰਦੇ, ਅਸੀਂ ਜਾਣਦੇ ਵੀ ਨਹੀਂ। ਇਕ ਕਮਰੇ ਵਿਚ ਕਿੰਨੇ ਹੀ ਲੋਕ ਬੈਠੇ ਹੁੰਦੇ ਹਨ, ਹਰੇਕ ਵੱਖ-ਵੱਖ ਢੰਗ ਨਾਲ ਬੈਠਾ ਹੁੰਦਾ ਹੈ ਪਰ ਹਰ ਕੋਈ ਆਪਣੇ ਬੈਠਣ ਦੇ ਤਰੀਕੇ ਤੋਂ ਸੁਚੇਤ ਨਹੀਂ ਹੁੰਦਾ, ਕੋਈ ਵਿਰਲਾ ਹੀ ਭਾਵੇਂ ਇਸ ਬਾਰੇ ਸੁਚੇਤ ਹੋਵੇ ਕਿ ਉਹ ਕਿਵੇਂ ਬੈਠਾ ਹੈ। ਜਦੋਂ ਤਕ ਇਹ ਦੱਸਿਆ ਨਾ ਜਾਵੇ ਜਾਂ ਸੁਚੇਤ ਨਾ ਕੀਤਾ ਜਾਵੇ, ਇਸ ਗੱਲ ਤੇ ਸੋਚ ਹੀ ਨਹੀਂ ਆਉਂਦੀ। ਉਹ ਕਿਵੇਂ ਬੈਠੇ ਹਨ। ਸਭ ਤੋਂ ਪਹਿਲੀ ਗੱਲ ਜੋ ਹੱਠ ਯੋਗ ਵਿਚ ਜ਼ਰੂਰੀ ਹੈ – ਉਹ ਹੈ ਸੁਚੇਤ ਹੋਣ ਦਾ ਅਭਿਆਸ; ਆਪਣੇ ਆਪ ਨੂੰ ਦੇਖਣਾ ਕਿ ਅਸੀਂ ਆਪਣੇ ਸਰੀਰ ਨਾਲ ਕੀ ਕਰ ਰਹੇ ਹਾਂ, ਸਰੀਰ ਤੋਂ ਕੀ ਕੰਮ ਲੈ ਰਹੇ ਹਾਂ। ਭਾਵੇਂ ਅਸੀਂ ਬਾਹਰੀ ਸਰੀਰ ਤੋਂ ਕੋਈ ਕੰਮ ਲੈ ਰਹੇ ਹੋਈਏ, ਭਾਵੇਂ ਅੰਦਰ ਕੋਈ ਖਿੱਚ ਹੋਵੇ, ਕੋਈ ਘਬਰਾਹਟ ਹੋਵੇ, ਖੂਨ ਦਾ ਦੌਰਾ ਹੋਵੇ, ਸੁਆਸ ਲੈਣ ਦੀ ਗਤੀ ਹੋਵੇ, ਕੁਝ ਵੀ ਕਿਉਂ ਨਾ ਹੋਵੇ, ਸਾਨੂੰ ਉਸ ਪ੍ਰਤੀ ਸੁਚੇਤ ਹੋਣਾ ਚਾਹੀਦਾ ਹੈ। ਬਹੁਤ ਸਾਰੇ ਲੋਕੀ ਆਪਣੀ ਸ਼ਕਲ ਸੂਰਤ ਨੂੰ ਹੀ ਆਪਣਾ ਆਪ ਸਮਝਦੇ ਹਨ, ਅਨੇਕ ਤਰ੍ਹਾਂ ਦੀਆਂ ਕਰੀਮਾਂ ਜਾਂ ਹੋਰ ਚੀਜ਼ਾਂ ਸੋਹਣੇ ਹੋਣ ਲਈ ਚਿਹਰੇ ਤੇ ਲਗਾਉਂਦੇ ਹਨ। ਉਹ ਬਾਹਰੀ ਸਰੀਰ ਬਾਰੇ ਵਧੇਰੇ ਸੁਚੇਤ ਹਨ। ਬਹੁਤ ਘੱਟ ਲੋਕੀ ਹੀ ਆਪਣੇ ਆਪ ਨੂੰ ਕਹਿੰਦੇ ਹਨ, ਕਿ ਮੈਂ ਲੇਟਣ ਲੱਗਾ ਹਾਂ, ਮੈਂ ਬੈਠਣ ਲੱਗਾ ਹਾਂ, ਹੁਣ ਮੈਂ ਆਪਣਾ ਪੈਰ ਇਕ ਥਾਂ ਤੋਂ ਚੁੱਕ ਕੇ ਦੂਸਰੀ ਥਾਂ ਲਿਜਾ ਰਿਹਾ ਹਾਂ, ਹੁਣ ਮੈਂ ਬੱਸ ਸਟੈਂਡ ਤੇ ਜਾ ਰਿਹਾ ਹਾਂ। ਆਪਣੇ ਰੋਜ਼ ਦੇ ਜੀਵਨ ਵਿਚ ਸੁਚੇਤ ਹੋਣਾ ਇਹ ਸਾਕਸ਼ੀ ਯੋਗ ਦੀ ਫਿਲੌਸਫੀ ਹੈ – ਆਪਣੇ ਬਾਰੇ ਸੋਝੀ ਰੱਖਣੀ। ਜੋ ਵੀ ਕਰੋ, ਸੁਚੇਤ ਹੋ ਕੇ ਕਰੋ, ਸਿਰ ਤੋਂ ਪੈਰਾਂ ਤਕ ਆਪਣੇ ਬਾਰੇ ਸੁਚੇਤ ਰਹੋ। ਹੁਣ ਐਸ ਸਮੇਂ ਕੀ ਤੁਸੀਂ ਆਪਣੇ ਲਈ ਸੁਚੇਤ ਹੋ? ਤੁਹਾਡੀ ਚਮੜੀ ਕਿਵੇਂ ਹੈ? ਤੁਸੀਂ ਆਪਣੀ ਚਮੜੀ ਤੇ ਕੀ ਮਹਿਸੂਸ ਕਰ ਰਹੇ ਹੋ? ਤੁਹਾਡੇ ਮੱਥੇ ਦੇ ਪੱਠਿਆਂ ਦੀ ਏਸ ਸਮੇਂ ਕੀ ਹਾਲਤ ਹੈ? ਜੇ ਤੁਸੀਂ ਸੱਚਮੁੱਚ ਹੀ ਆਪਣੇ ਸਰੀਰ ਦੇ ਸਾਕਸ਼ੀ ਹੋ ਤਾਂ ਤੁਸੀਂ ਹੱਠ ਯੋਗੀ ਦਾ ਡੂੰਘਾ ਅਭਿਆਸ ਕਰ ਰਹੇ ਹੋ।

ਸਰੀਰ ਕੇਵਲ ਇਕ ਬਾਹਰੀ ਦਿਖਾਵਾ ਹੈ। ਜਿਵੇਂ ਜਿਵੇਂ ਯੋਗੀ ਆਪਣੀ ਮਾਨਸਿਕ ਸਥਿਤੀ ਵਿਚ ਅੱਗੇ ਵਧਦਾ ਹੈ, ਉਹ ਹੋਰ ਵਧੇਰੇ ਸਾਖਸ਼ੀ ਬਣਦਾ ਚਲਾ ਜਾਂਦਾ ਹੈ। ਇਥੋਂ ਤਕ ਕਿ ਉਹ ਆਪਣੇ ਅਚੇਤ ਬਾਰੇ ਵੀ ਵਧੇਰੇ ਜਾਨਣ ਲਗ ਪੈਂਦਾ ਹੈ। ਲੋਕੀ ਅੱਜ ਆਪਣੇ ਸਵੈ ਚਲਿਤ ਕਾਰਜਾਂ ਬਾਰੇ ਵਧੇਰੇ ਸੁਚੇਤ ਹੋ ਗਏ ਹਨ। ਯੋਗੀ ਲਈ ਕੋਈ ਵੀ ਕਾਰਜ ਸ੍ਵੈ ਚਲਿਤ ਨਹੀਂ ਹੈ, ਉਹ ਤਾਂ ਇਹ ਕਹੇਗਾ ਮੈਂ ‘ਹਿਰਦੇ ਦੀ ਗਤੀ ਤੇਜ਼ ਕਰ ਸਕਦਾ ਹਾਂ, ਹੌਲੀ ਕਰ ਸਕਦਾ ਹਾਂ’ ਉਹ ਕੇਵਲ ਸਰੀਰ ਦੇ ਬਾਹਰ ਦੇ ਢਾਂਚੇ ਬਾਰੇ ਹੀ ਸੁਚੇਤ ਨਹੀਂ ਹੁੰਦਾ ਪਰ ਉਹ ਤਾਂ ਅੰਦਰ ਦੇ ਸਰੀਰ ਦੇ ਸਾਰੇ ਕਾਰਜ ਲਈ ਵੀ ਉਨਾਂ ਹੀ ਸੁਚੇਤ ਹੁੰਦਾ ਹੈ। ਜਿਵੇਂ ਜਿਵੇਂ ਯੋਗੀ ਹੱਠ ਯੋਗ ਦਾ ਅਭਿਆਸ ਕਰਦਾ ਹੈ, ਉਹ ਅੰਦਰ ਦੇ ਅੰਗਾਂ ਬਾਰੇ ਵੀ ਉਨਾਂ ਹੀ ਸੁਚੇਤ ਹੁੰਦਾ ਚਲਾ ਜਾਂਦਾ ਹੈ। ਯੋਗੀ ਦੇ ਆਪਣੇ ਫੇਫੜਿਆਂ ਦੀ ਕੀ ਹਾਲਤ ਹੈ; ਉਹ ਇਸ ਤਰ੍ਹਾਂ ਹੈ ਕਿ ਜੇ ਕੋਈ ਬਿਮਾਰੀ ਹੈ, ਉਸ ਨੂੰ ਪਤਾ ਲਗ ਜਾਂਦਾ ਹੈ।

ਬਹੁਤ ਵਾਰੀ ਸੂਖਮ ਸੂਚਨਾਵਾਂ ਸਾਨੂੰ ਪ੍ਰਤੀਕਾਤਮਕ ਤਰੀਕੇ ਨਾਲ ਮਿਲ ਜਾਂਦੀਆਂ ਹਨ, ਸਾਨੂੰ ਇਹ ਸੂਚਨਾਵਾਂ ਸੁਤੇ ਹੀ ਰੱਬ ਸਬੱਬੀ ਮਿਲ ਜਾਂਦੀਆਂ ਹਨ ਜਾਂ ਸੁਪਨਿਆਂ ਰਾਹੀਂ ਮਿਲ ਜਾਂਦੀਆਂ ਹਨ। ਬਹੁਤ ਵਾਰੀ ਅਸੀਂ ਸਮਝ ਨਹੀਂ ਸਕਦੇ, ਸੁਪਨਿਆਂ ਵਿਚ ਅਸੀਂ ਸਰੀਰ ਤੇ ਮਨ ਦੇ ਸਬੰਧ ਨੂੰ ਇਕ ਪਖੋਂ ਬਿਲਕੁਲ ਭੁੱਲ ਜਾਂਦੇ ਹਾਂ ਪਰ ਦੂਸਰੇ ਪੱਖੋਂ ਉਹ ਬਹੁਤ ਹੀ ਪਰਪੱਕ ਹੁੰਦਾ ਹੈ। ਇਹ ਇਸ ਕਰਕੇ ਹੈ ਕਿਉਂਕਿ ਸੁਪਨੇ ਵਿਚ ਵੀ ਮਨ ਪੂਰੀ ਤਰ੍ਹਾਂ ਸ਼ਾਂਤ ਨਹੀਂ ਹੁੰਦਾ। ਮਨ ਤਾਂ ਵਿਅਕਤਿਤ੍ਵ ਵਿਚ ਹੀ ਉਲਝਿਆ ਰਹਿੰਦਾ ਹੈ, ਨੀਂਦ ਵਿਚ ਬਾਹਰੋਂ ਤਾਂ ਕਿਤੋਂ ਉਸ ਨੂੰ ਕਿਸੇ ਪ੍ਰਕਾਰ ਦੀ ਉਤੇਜਨਾ ਨਹੀਂ ਹੁੰਦੀ ਕਿਉਂਕਿ ਗਿਆਨ ਇੰਦ੍ਰੀਆਂ ਤਾਂ ਪੂਰੀ ਤਰ੍ਹਾਂ ਸ਼ਾਂਤ ਹੁੰਦੀਆਂ ਹਨ। ਮਨ ਕੇਵਲ ਐਨਾ ਹੀ ਕਰ ਸਕਦਾ ਹੈ ਕਿ ਮਨ ਦੇ ਉਸ ਭਾਗ ਦਾ ਨਰੀਖਣ ਕਰੇ, ਜਿਹੜਾ ਮਨ ਸਰੀਰ ਵਿਚ ਹੈ। ਸੁਪਨੇ ਵਿਚ ਬਹੁਤ ਵਾਰੀ ਇਸ ਤਰ੍ਹਾਂ ਹੁੰਦਾ ਹੈ ਕਿ ਮਨ ਦਾ ਉਤਮ ਭਾਗ, ਮਨ ਦੇ ਘਟ ਮਹੱਤਵਪੂਰਨ ਭਾਗ ਦਾ ਨਰੀਖਣ ਕਰਦਾ ਹੈ, ਉਹ ਭਾਗ ਜਿਹੜਾ ਸਰੀਰ ਦੇ ਅੰਦਰ ਹੈ। ਬਹੁਤ ਵਾਰੀ ਸੁਪਨੇ ਵਿਚ ਅਸੀਂ ਨਦੀ ਪਾਰ ਕਰਦੇ ਹਾਂ ਜਾਂ ਨਦੀ ਵਿਚ ਤੈਰਦੇ ਮਹਿਸੂਸ ਕਰਦੇ ਹਾਂ। ਹੋ ਕੀ ਰਿਹਾ ਹੈ ਕਿ ਮਨ ਕਿਸੇ ਨਾੜੀ ਰੂਪੀ ਨਦੀ ਦਾ ਨਰੀਖਣ ਕਰ ਰਿਹਾ ਹੈ ਤੇ ਉਹ ਇਕ ਇਹੋ ਜਿਹੀ ਜਗ੍ਹਾ ਪਹੁੰਚਦਾ ਹੈ ਜਿਥੇ ਹੋਰ ਵੀ ਨਾੜੀਆਂ ਆ ਕੇ ਮਿਲਦੀਆਂ ਹਨ। ਸੁਪਨਾ ਦੇਖਣ ਵਾਲਾ ਇਹ ਵੀ ਮਹਿਸੂਸ ਕਰਦਾ ਹੈ ਕਿ ਉਹ ਕਿਸੇ ਝਰਨੇ ਵਿਚ ਆ ਡਿਗਿਆ ਹੈ, ਜਾਂ ਉਹ ਕਿਤੇ ਆ ਕੇ ਡਿੱਗ ਪਿਆ ਹੈ। ਉਸ ਦੇ ਮੂੰਹ ਵਿਚ ਖੂਨ ਦਾ ਲੂਣਾ ਸਵਾਦ ਆਵੇਗਾ, ਉਹ ਮਹਿਸੂਸ ਕਰੇਗਾ ਜਾਂ ਉਹ ਅੱਗੇ ਰੁਕਾਵਟ ਦੇਖਦਾ ਹੈ ਜਿਵੇਂ ਕਿ ਅੱਗੇ ਬ੍ਰਿਖ ਡਿਗਿਆ ਪਿਆ ਹੈ, ਵਾਸਤਵ ਵਿਚ ਉਹ ਬਿਰਖ ਨਹੀਂ ਹੁੰਦਾ

ਜਿਸ ਤੋਂ ਤੁਸੀਂ ਡਰਦੇ ਹੋ, ਖ਼ੂਨ ਦਾ ਇਕ ਗਤਲਾ (clot) ਬੱਝ ਗਿਆ ਹੈ।

ਕੋਈ ਵੀ ਸਥੂਲ ਵਸਤੂ ਜਾਂ ਉਸ ਦਾ ਅਨੁਭਵ ਇਸ ਸੰਸਾਰ ਵਿਚ ਕਿਸੇ ਸੂਖਮਤਾ ਤੇ ਕੋਮਲਤਾ ਦਾ ਪ੍ਰਤੀਕ ਹੁੰਦਾ ਹੈ। ਹਰੇਕ ਆਕਾਰ, ਹਰੇਕ ਸ਼ਕਲ, ਹਰੇਕ ਤਿਕੋਨ, ਹਰ ਇਕ ਵਸਤੂ ਜਿਸ ਨੂੰ ਅਸੀਂ ਸਰੀਰ ਨਾਲ ਅਨੁਭਵ ਕਰ ਸਕਦੇ ਹਾਂ ਉਹ ਕਿਸੇ ਕੋਮਲਤਾ ਦਾ ਪ੍ਰਤੀਕ ਹੈ। ਸਾਡੀ ਭਾਸ਼ਾ ਵਿਚ ਸੂਖਮ ਦਰਸਾਉਣ ਲਈ ਕੋਈ ਢੁਕਵੇਂ ਸ਼ਬਦ ਨਹੀਂ। ਅਦ੍ਰਿਸ਼ ਨੂੰ ਦਰਸਾਉਣ ਲਈ ਕੋਈ ਸ਼ਬਦ ਨਹੀਂ, ਸਾਡੀ ਭਾਸ਼ਾ ਤਾਂ ਕੇਵਲ ਦਿਸਦੇ ਤਕ ਹੀ ਸੀਮਤ ਹੈ ਸਥੂਲ ਤਕ ਹੀ ਸੀਮਤ ਹੈ। ਵਸਤੂਆਂ ਜੋ ਸਾਡੇ ਮਨ ਨੂੰ ਪ੍ਰਭਾਵਿਤ ਕਰਦੀਆਂ ਹਨ, ਸਥੂਲ ਚੀਜ਼ਾਂ ਜੋ ਅਸੀਂ ਦੇਖਦੇ ਹਾਂ ਉਹ ਸੂਖਮ ਦਾ ਹੀ ਪ੍ਰਤੀਕ ਹਨ ਜੋ ਅਸੀਂ ਦੇਖ ਨਹੀਂ ਸਕਦੇ। ਇਕ ਬ੍ਰਿਖ ਸਾਡੇ ਲਈ ਵਾਸਤਵਿਕ ਵਸਤੂ ਹੈ ਇਕ blood clot ਜਿਹੜਾ ਸਾਡੀ ਨਾੜੀ ਵਿਚ ਹੈ, ਜੋ ਅਸੀਂ ਸੁਪਨੇ ਵਿਚ ਦੇਖਦੇ ਹਾਂ, ਉਹ ਇਕ ਪ੍ਰਤੀਕ ਹੈ; ਯਥਾਰਥ ਕੁਝ ਹੋਰ ਹੈ, ਦਿਸਦਾ ਕੁਝ ਹੋਰ ਹੈ। ਦਿਸਦਾ ਉਹ ਹੈ ਜੋ ਮਨ ਦੇਖਣਾ ਚਾਹੁੰਦਾ ਹੈ; ਬ੍ਰਿਖ ਦੇਖਣਾ ਸੌਖਾ ਹੈ, clot ਦੇਖਣਾ ਤੇ ਮੰਨਣਾ ਔਖਾ ਹੈ।

ਜਦੋਂ ਤਕ ਤੁਸੀਂ ਮਨ ਦੇ ਕਾਰਜ ਨੂੰ ਨਹੀਂ ਸਮਝਦੇ, ਤੁਸੀਂ ਸਰੀਰ ਦੇ ਕਾਰਜ ਨੂੰ ਵੀ ਨਹੀਂ ਸਮਝ ਸਕਦੇ। ਸਰੀਰ ਦੀ ਬਣਤਰ ਬਾਰੇ ਪੁਸਤਕ ਪੜ੍ਹ ਲੈਣੀ, ਸਰੀਰ ਵਿਦਿਆ ਪੜ੍ਹ ਲੈਣੀ, ਸਰੀਰ ਸਾਸ਼ਤਰ ਪੜ੍ਹ ਲੈਣ ਨਾਲ ਸਰੀਰ ਦੀ ਸਮਝ ਨਹੀਂ ਆ ਜਾਂਦੀ। ਜੇ ਇਹ ਠੀਕ ਹੁੰਦਾ, ਅਸੀਂ ਪੜ੍ਹ ਕੇ ਸਮਝ ਜਾਂਦੇ ਤਾਂ ਮਾਨਸਿਕ, ਸਰੀਰਕ ਰੋਗ ਹੋਣੇ ਹੀ ਨਹੀਂ ਚਾਹੀਦੇ ਸੀ। ਹੱਠ ਯੋਗ ਦੀ ਫਿਲੌਸਫੀ ਸਮਝਣ ਲਈ ਸਾਨੂੰ ਸਭ ਤੋਂ ਪਹਿਲਾਂ ਮਨ ਦਾ ਨਰੀਖਣ ਕਰਨਾ ਪੈਂਦਾ ਹੈ, ਉਸ ਦੀ ਹਾਲਤ ਦੇਖਣੀ ਪੈਂਦੀ ਹੈ, ਮਨ ਬਿਰਤੀਆਂ ਚਿੱਤ ਸਭ ਕੁਝ ਦੇਖਣਾ ਪੈਂਦਾ ਹੈ।

ਜਿਸ ਤਰ੍ਹਾਂ ਹੀ ਯੋਗੀ ਸਾਧਨਾ ਕਰਕੇ ਨਿਖਰਦਾ ਹੈ, ਉਹ ਆਪਣੇ ਸਰੀਰ ਬਾਰੇ ਸੁਚੇਤ ਹੁੰਦਾ ਹੈ; ਉਹ ਸਮਝਦਾ ਹੈ ਕਿ ਉਸ ਦੇ ਪੇਟ ਵਿਚ ਕੀ ਹੋ ਰਿਹਾ ਹੈ, ਗੁਰਦਿਆਂ ਵਿਚ ਕੀ ਹੋ ਰਿਹਾ ਹੈ। ਮਿਹਦੇ ਵਿਚ ਕੀ ਹੋ ਰਿਹਾ ਹੈ। ਯੋਗੀਆਂ ਨੇ ਆਪਣਾ ਅੰਦਰ ਸਾਫ ਕਰਨਾ ਇਸ ਕਰਕੇ ਸ਼ੁਰੂ ਕੀਤਾ ਜਦੋਂ ਉਹ ਬੈਠ ਕੇ ਧਿਆਨ ਲਗਾਉਂਦੇ ਸੀ, ਇਕ ਛੋਟਾ ਜਿਹਾ ਤੀਲ੍ਹਾ ਵੀ, ਕੋਈ ਵੀ ਛੋਟੀ ਜਿਹੀ ਚੀਜ਼ ਜਿਹੜੀ ਉਨ੍ਹਾਂ ਦੀ ਆਂਤੜੀ ਵਿਚ ਹੋਵੇ ਜਾਂ ਹੋਰ ਕਿਤੇ ਵੀ ਹੋਵੇ, ਉਹ ਉਨ੍ਹਾਂ ਦਾ ਧਿਆਨ ਖਿੱਚ ਲੈਂਦੀ ਹੈ ਤੇ ਮਨ ਓਧਰ ਲਗ ਜਾਂਦਾ ਹੈ। ਇਹ ਵਿਕਾਰ ਦੂਰ ਕਰਨਾ ਹੀ ਠੀਕ ਹੈ, ਹੱਠ ਯੋਗ ਨੂੰ ਰਾਜ ਯੋਗ ਦੀ ਇਕ ਬਹੁਤ ਹੀ ਜ਼ਰੂਰੀ ਸ਼ਾਖ ਇਸ ਕਰਕੇ ਬਣਾਇਆ ਗਿਆ ਤਾਂ ਜੋ ਇਸ ਨਾਲ ਸਰੀਰ ਅਤੇ ਮਨ ਦੀ ਸਫਾਈ ਕਰਕੇ ਸਾਧਨਾ ਕੀਤੀ ਜਾ ਸਕੇ ਧਿਆਨ ਲਗਾਇਆ ਜਾ ਸਕੇ। ਪਸੀਨਾ ਕੱਢ ਕੇ ਸਰੀਰ ਦੀ ਸਫਾਈ ਕਰਨੀ, ਗ੍ਰੰਥੀਆਂ ਦੀ ਸਫਾਈ ਕਰਨੀ, ਸਾਰੀ ਕਾਰਬਨਡਾਈਆਕਸਾਈਡ ਬਾਹਰ ਕੱਢਣੀ ਤੇ ਅੰਦਰ ਸਾਰੇ ਸਰੀਰ ਨੂੰ ਸਾਫ ਕਰਨਾ ਸਾਧਨਾ ਕਰਨ ਲਈ ਜ਼ਰੂਰੀ ਹੈ।

ਜਿਨ੍ਹਾਂ ਯੋਗੀਆਂ ਨੇ ਹੱਠ ਯੋਗ ਦੀ ਫਿਲੌਸਫੀ ਲਿਖੀ ਹੈ, ਉਹ ਦਸਦੇ ਹਨ ਕਿ ਜਿਵੇਂ ਹੀ ਉਨ੍ਹਾਂ ਨੇ ਆਪਣੇ ਸਰੀਰਾਂ ਨੂੰ ਵਧੇਰੇ ਸਾਫ ਕਰਨ ਦੀ ਕੋਸ਼ਿਸ਼ ਕੀਤੀ, ਉਨ੍ਹਾਂ ਨੇ ਆਪਣੀ ਲਾਚਾਰੀ ਵਧੇਰੇ ਮਹਿਸੂਸ ਕੀਤੀ, ਆਪਣੀ ਵਿਅਰਥਤਾ ਮਹਿਸੂਸ ਕੀਤੀ ਕਿਉਂਕਿ ਇਹ ਸਭ ਕੁਝ ਕਰਨ ਨਾਲ ਉਹ ਚੰਗੇ ਨਹੀਂ ਬਣ ਸਕੇ, ਸਾਫ ਸੁਥਰੇ ਨਹੀਂ ਬਣ ਸਕੇ, ਸੋਹਣੇ ਨਹੀਂ ਬਣ ਸਕੇ। ਉਨ੍ਹਾਂ ਨੇ ਦੱਸਿਆ ਕਿ ਅਸੀਂ ਇਸ ਸਰੀਰ ਨੂੰ ਬਾਰ-ਬਾਰ ਦੇਖਿਆ ਹੈ ਜਾਂਚਿਆ ਹੈ, ਸਾਰੇ ਤਰੀਕਿਆਂ ਨਾਲ ਇਸ ਨੂੰ ਸਾਫ ਕਰਨ ਦਾ ਸਾਧਨ ਕੀਤਾ ਹੈ, ਪਵਿੱਤਰ ਕਰਨ ਦੀ ਕੋਸ਼ਿਸ਼ ਕੀਤੀ ਹੈ, ਪਰ ਸਾਨੂੰ ਇਸ ਵਿਚ ਕੁਝ ਵੀ ਸੋਹਣਾ ਨਹੀਂ ਦਿਸਿਆ। ਅਸੀਂ ਜਦੋਂ ਇਸ ਨੂੰ ਸਾਫ ਕੀਤਾ, ਅਸੀਂ ਇਸ ਦੀ ਬਦਸੂਰਤੀ ਤੋਂ ਵਧੇਰੇ ਜਾਣੂੰ ਹੋਏ ਹਾਂ। ਬੋਧੀ ਸਾਧਨਾ ਵਿਚ ਇਕ ਅਖਾਣ ਹੈ – 'ਅਹਾਰ ਪਤੀ ਕੁਲ-ਸਨਾ' ਇਹ ਪਾਲੀ ਭਾਸ਼ਾ ਵਿਚ ਹੈ, ਸੰਸਕ੍ਰਿਤ ਵਿਚ ਹੈ – 'ਅਹਾਰ ਪਤੀ ਕੁਲ-ਸਨਜਨਾ', ਭਾਵ ਮੇਰਾ ਖਾਣ ਦਾ ਸਵਾਦ ਇਸ ਕਰਕੇ ਖਤਮ ਹੋ ਗਿਆ ਕਿਉਂਕਿ ਮੈਂ ਖਾਣਾ ਹਜ਼ਮ ਕਰਨ ਦੀ ਵਿਧੀ ਨੂੰ ਜਾਣ ਲਿਆ ਹੈ, ਸਮਝ ਲਿਆ ਹੈ। ਅੰਦਰ ਨੂੰ ਸਾਫ ਕਰਨ ਦੀ ਵਿਧੀ ਕੇਵਲ ਅੰਦਰ ਦੇ ਸਰੀਰ ਨੂੰ ਹੀ ਸਾਫ ਨਹੀਂ ਕਰਦੀ, ਸਾਨੂੰ ਇਹ ਵੀ ਯਾਦ ਕਰਾਉਂਦੀ ਹੈ ਕਿ ਇਸ ਨੂੰ ਬਾਰ-ਬਾਰ ਅੰਦਰੋਂ ਸਾਫ ਕਰਨਾ ਚਾਹੀਦਾ ਹੈ। ਮਿਸਾਲ ਵਜੋਂ ਜਦੋਂ ਵੀ ਤੁਸੀਂ ਬਹੁਤਾ ਖਾਂਦੇ ਹੋ, ਤੁਸੀਂ ਮਹਿਸੂਸ ਕਰਦੇ ਹੋ, ਕਿੰਨੀ ਬੇਅਰਾਮੀ ਹੁੰਦੀ ਹੈ, ਕਿੰਨੇ ਔਖੇ ਹੁੰਦੇ ਹੋ, ਐਨਾ ਹੀ ਕੰਮ ਅੰਦਰ ਦੇ ਸਰੀਰ ਨੂੰ ਕਰਨਾ ਪੈਂਦਾ ਹੈ।

ਮੈਂ ਆਪ ਵੀ ਦੇਸ਼ ਦੇ ਉਸ ਭਾਗ ਤੋਂ ਹਾਂ ਜਿਥੇ ਪ੍ਰਾਹੁਣਚਾਰੀ ਨੂੰ ਬਹੁਤ ਹੀ ਮਹੱਤਤਾ ਦਿਤੀ ਜਾਂਦੀ ਹੈ, ਜਿਥੇ ਬਹੁਤ ਹੀ ਸੁਆਦੀ ਪਦਾਰਥ ਬਣਾਏ ਜਾਂਦੇ ਹਨ। ਮੈਨੂੰ ਸੁਆਦ ਭੋਜਨ ਬਹੁਤ ਹੀ ਚੰਗਾ ਲਗਦਾ ਰਿਹਾ ਹੈ। ਪਰ ਪਿਛਲੇ ਕੁਝ ਸਾਲਾਂ ਤੋਂ ਮੈਂ ਖਾਣ ਦੇ ਮਾੜੇ ਪ੍ਰਭਾਵ ਤੋਂ ਬਹੁਤ ਚੰਗੀ ਤਰ੍ਹਾਂ ਜਾਣੂ ਹੋ ਗਿਆ ਹਾਂ; ਸਰੀਰ ਤੇ ਹੀ ਨਹੀਂ, ਮਨ ਤੇ ਵੀ ਬਹੁਤਾ ਖਾਣ ਦਾ ਮਾੜਾ ਹੀ ਅਸਰ ਪੈਂਦਾ ਹੈ। ਮੈਂ ਹੁਣ ਇਹੋ ਜਿਹੀ ਹਾਲਤ ਤੇ ਪਹੁੰਚ ਗਿਆ ਹਾਂ ਜਿਥੇ ਮੈਂ ਥੋੜ੍ਹੀ ਥੋੜ੍ਹੀ ਦੇਰ ਬਾਅਦ ਥੋੜ੍ਹਾ ਥੋੜ੍ਹਾ ਖਾਂਦਾ ਹਾਂ। ਜਦੋਂ ਹੀ ਮੈਂ ਖਾਂਦਾ ਹਾਂ, ਮੈਨੂੰ ਆਪਣੇ ਅੰਦਰ ਬਦਲਾਓ ਮਹਿਸੂਸ ਹੁੰਦਾ ਹੈ, ਮੇਰਾ ਸਾਹ ਭਾਰਾ ਹੋ ਜਾਂਦਾ ਹੈ, ਕੁੰਡਲਨੀ ਦਾ ਪ੍ਰਵਾਹ ਭਾਰਾ ਹੋ ਜਾਂਦਾ ਹੈ; ਦੋ ਤਿੰਨ ਘੰਟੇ ਲਗ ਜਾਂਦੇ ਹਨ – ਪੂਰੀ ਤਰ੍ਹਾਂ ਖਾਣਾ ਹਜ਼ਮ ਕਰਨ ਵਿਚ, ਉਸ ਉਪਰੰਤ ਹੀ ਤੁਸੀਂ ਬੈਠ ਕੇ ਧਿਆਨ ਲਗਾ ਸਕਦੇ ਹੋ ਤੇ ਲਗਵਾ ਸਕਦੇ ਹੋ। ਮੈਨੂੰ ਆਪਣਾ ਮਨ ਪਵਿੱਤਰ ਕਰਨਾ ਪੈਂਦਾ ਹੈ; ਪਵਿੱਤਰ ਤੋਂ ਭਾਵ ਹੈ ਮਾਨਸਿਕ ਸ਼ਕਤੀ ਦੇ ਪ੍ਰਵਾਹ ਨੂੰ ਸੂਖਮ ਕਰਨਾ, ਤਾਂ ਜੋ ਉਹ ਸਰੀਰ ਵਿਚ ਚੰਗੀ ਤਰ੍ਹਾਂ ਸੌਖੀ ਤਰ੍ਹਾਂ, ਜਾ ਸਕੇ, ਖਾਣਾ ਖਾਣ ਤੋਂ ਇਕਦਮ ਬਾਅਦ ਉਹ ਤਾਮਸਿਕ ਹੋ ਜਾਂਦਾ ਹੈ। ਇਸ ਸਭ ਤੋਂ ਇਹ ਭਾਵ ਨਹੀਂ ਕਿ ਤੁਸੀਂ ਖਾਓ ਨਾ; ਜਿਵੇਂ ਹੀ ਤੁਸੀਂ ਯੋਗ ਵਿਚ ਤਰੱਕੀ ਕਰੋਗੇ, ਕੁਝ ਗੁਣ ਵਿਸਤ੍ਰਿਤ ਹੁੰਦੇ ਹਨ; ਉਨ੍ਹਾਂ ਵਿਚੋਂ ਇਕ ਹੈ ਕਿ ਤੁਸੀਂ ਖਾਣ ਪੀਣ ਲਈ ਬਹੁਤ ਹੀ ਸੰਵੇਦਨਸ਼ੀਲ ਹੋ ਜਾਂਦੇ ਹੋ, ਹੱਠ ਯੋਗ ਨਾਲ ਇਹ ਸੰਵੇਦਨਸ਼ੀਲਤਾ ਬਾਹਰ ਦੇ ਸਰੀਰ ਅਤੇ ਅੰਦਰ ਦੇ ਸਰੀਰ ਦੋਨਾਂ ਵਿਚ ਹੀ ਪ੍ਰਵਿਰਤ ਹੁੰਦੀ ਹੈ।

L L L L L L L

# ਸਿੱਖੀ ਕਮਾਉਣੀ ਔਖੀ

*ਉਤਾਰਾ ਕਰਤਾ - ਬੀਬੀ ਦੇਵਿੰਦਰ ਕੌਰ*

**ਨੋਟ** - ਮਹਾਂਪੁਰਸ਼ ਸੰਸਾਰ ਤੇ ਆ ਕੇ ਭੁੱਲੇ ਭਟਕੇ ਜੀਵਾਂ ਨੂੰ ਵਾਹਿਗੁਰੂ ਨਾਲ ਜੋੜਦੇ ਹਨ। ਉਹ ਆਪ ਤਾਂ ਸਦਾ ਹੀ ਨਾਮ ਜਪਦੇ ਹਨ, ਸੰਸਾਰੀ ਜੀਵਾਂ ਨੂੰ ਵੀ ਵਾਹਿਗੁਰੂ ਜੀ ਨਾਲ ਜੁੜਨ ਦਾ ਰਸਤਾ ਦਿਖਾਉਂਦੇ ਹਨ। ਇਹ ਪ੍ਰਵਚਨ ਸੰਤ ਵਰਿਆਮ ਸਿੰਘ ਜੀ ਨੇ 22-1-82 ਨੂੰ ਪਿੰਡ ਘੜੂੰਆਂ ਜ਼ਿਲਾ ਰੋਪੜ ਵਿਖੇ ਲੱਗੇ ਦੀਵਾਨ ਵਿਚ ਉਚਾਰਨ ਕੀਤੇ ਸਨ, ਉਸ ਸਮੇਂ ਇਨ੍ਹਾਂ ਪਿੰਡਾਂ ਵਿਚ ਕੋਈ ਵੀ ਪ੍ਰਚਾਰ ਕਰਨ ਵਾਲਾ ਨਹੀਂ ਸੀ ਪਹੁੰਚਿਆ ਕਰਦਾ ਪ੍ਰੰਤੂ ਆਪ ਨੇ ਬਹੁਤ ਮਿਹਨਤ ਕਰਕੇ ਰੋਪੜ ਪਿੰਡ-ਪਿੰਡ ਵਿਚ ਸਿੱਖੀ ਦਾ ਪ੍ਰਚਾਰ ਕੀਤਾ।

***ਸਤਿਨਾਮ ਸ੍ਰੀ ਵਾਹਿਗੁਰੂ***
***ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ।***

***ਕਿਸ ਹੀ ਕੋਈ ਕੋਇ ਮੰਞੁ ਨਿਮਾਣੀ ਇਕੁ ਤੂ॥***
***ਕਿਉ ਨ ਮਰੀਜੈ ਰੋਇ ਜਾ ਲਗੁ ਚਿਤਿ ਨ ਆਵਹੀ॥***
***ਪੰਨਾ - 791***

***ਧਾਰਨਾ - ਤੁਧ ਬਿਨ ਕਵਨ ਹਮਾਰਾ***
***ਤੁਧ ਬਿਨ ਕਵਨ ਹਮਾਰਾ -2, 2***
***ਮੇਰੇ ਪ੍ਰੀਤਮ ਪ੍ਰਾਣ ਅਧਾਰਾ - 2, 2.***

***ਤੁਝ ਬਿਨੁ ਕਵਨੁ ਹਮਾਰਾ॥ ਮੇਰੇ ਪ੍ਰੀਤਮ ਪ੍ਰਾਨ ਅਧਾਰਾ॥***
***ਅੰਤਰ ਕੀ ਬਿਧਿ ਤੁਮ ਹੀ ਜਾਨੀ ਤੁਮ ਹੀ ਸਜਨ ਸੁਹੇਲੇ॥***
***ਸਰਬ ਸੁਖਾ ਮੈ ਤੁਝ ਤੇ ਪਾਏ ਮੇਰੇ ਠਾਕੁਰ ਅਗਹ ਅਤੋਲੇ॥***
***ਬਰਨਿ ਨ ਸਾਕਉ ਤੁਮਰੇ ਰੰਗਾ ਗੁਣ ਨਿਧਾਨ ਸੁਖਦਾਤੇ॥***
***ਅਗਮ ਅਗੋਚਰ ਪ੍ਰਭ ਅਬਿਨਾਸੀ ਪੂਰੇ ਗੁਰ ਤੇ ਜਾਤੇ॥***
***ਭ੍ਰਮੁ ਭਉ ਕਾਟਿ ਕੀਏ ਨਿਹਕੇਵਲ ਜਬ ਤੇ ਹਉਮੈ ਮਾਰੀ॥***
***ਜਨਮ ਮਰਣ ਕੋ ਚੂਕੋ ਸਹਸਾ ਸਾਧਸੰਗਤਿ ਦਰਸਾਰੀ॥***
***ਚਰਣ ਪਖਾਰਿ ਕਰਉ ਗੁਰ ਸੇਵਾ ਬਾਰਿ ਜਾਉ ਲਖ ਬਰੀਆ॥***
***ਜਿਹ ਪ੍ਰਸਾਦਿ ਇਹੁ ਭਉਜਲੁ ਤਰਿਆ॥***
***ਜਨ ਨਾਨਕ ਪ੍ਰਿਅ ਸੰਗਿ ਮਿਰੀਆ॥ ਪੰਨਾ - 206***

ਸਾਧਸੰਗਤ ਜੀ! ਤੁਸੀਂ ਦੂਰ ਦੂਰ ਨਗਰਾਂ ਤੋਂ ਆਏ ਹੋ, ਗੁਰੂ ਤੇਗ ਬਹਾਦਰ ਜੀ ਦੇ ਪਾਵਨ ਅਸਥਾਨ ਤੇ ਪਹੁੰਚੇ ਹੋ। ਜਿਸ ਥਾਂ ਤੇ ਗੁਰੂ ਮਹਾਰਾਜ ਦੇ ਚਰਨ ਪੈ ਗਏ, ਜਿਸ ਥਾਂ ਨੂੰ ਗੁਰੂ ਮਹਾਰਾਜ ਨੇ ਆਪਣੀ ਦ੍ਰਿਸ਼ਟੀ ਨਾਲ ਨਿਹਾਲ ਕਰ ਦਿਤਾ, ਜਦੋਂ ਤਕ ਇਹ ਸੰਸਾਰ ਰਹਿਣਾ ਹੈ, ਇਹ ਧਰਤੀ ਰਹਿਣੀ ਹੈ, ਇਸ ਥਾਂ ਦੀ ਪਵਿੱਤਰਤਾ ਐਵੇਂ ਜਿਵੇਂ ਹੀ ਰਹੇਗੀ। ਇਹ ਥਾਂ ਸਭ ਨੂੰ ਪ੍ਰੇਰਨਾ ਦਿੰਦੀ ਰਹੇਗੀ ਕਿਉਂਕਿ ਜਿਸ ਥਾਂ ਤੇ ਨਿਗੁਰਾ ਪੁਰਸ਼ ਬੈਠ ਜਾਵੇ, ਉਥੇ ਸਵਾ ਗਜ ਧਰਤੀ ਭ੍ਰਿਸ਼ਟ ਜਾਂਦੀ ਹੈ; ਜਿਥੇ ਆਪ ਹੀ ਗੁਰੂ ਆ ਕੇ ਬੈਠ ਜਾਵੇ -

***ਜਿਥੈ ਬੈਸਨਿ ਸਾਧ ਜਨ ਸੋ ਥਾਨੁ ਸੁਹੰਦਾ॥***
***ਪੰਨਾ - 319***
***ਜਿਥੈ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨੁ ਸੁਹਾਵਾ ਰਾਮ ਰਾਜੇ॥***
***ਪੰਨਾ - 450***

ਉਹ ਥਾਨ ਸੁਹਾਵੇ ਹੋ ਜਾਇਆ ਕਰਦੇ ਹਨ, ਉਸ ਦੀ ਧੂੜੀ ਨੂੰ ਦੇਵਤਾ ਲੋਕ ਵੀ ਲੋਚਦੇ ਹਨ, ਬਾਰ-ਬਾਰ ਅਰਦਾਸਾਂ ਕਰਦੇ ਹਨ ਕਿ ਐਸੇ ਪਵਿੱਤਰ ਥਾਂ ਦੀ ਧੂੜੀ ਪ੍ਰਾਪਤ ਹੋ ਜਾਵੇ।

ਇਕ ਵਾਰੀ ਸ਼ਿਵ ਜੀ ਮਹਾਰਾਜ ਪਾਰਬਤੀ ਦੇ ਨਾਲ ਜਾ ਰਹੇ ਹਨ, ਜਾਂਦੇ ਜਾਂਦੇ ਅਚਾਨਕ ਇਕ ਥਾਂ ਤੇ ਰੁਕ ਗਏ ਤੇ ਉਥੇ ਸ਼ਿਵ ਜੀ ਨੇ ਮੱਥਾ ਟੇਕਣਾ ਸ਼ੁਰੂ ਕਰ ਦਿਤਾ, ਪਾਰਬਤੀ ਬੜੇ ਗੌਰ ਨਾਲ ਦੇਖ ਰਹੀ ਹੈ ਕਿ ਉਪਰ ਟਿੱਬਾ ਜਿਹਾ ਹੈ, ਉਤੇ ਦਰਖਤ ਖੜ੍ਹੇ ਹਨ, ਕੋਈ ਮੰਦਰ ਨਹੀਂ ਹੈ, ਕੋਈ ਡੇਰਾ ਨਹੀਂ ਹੈ, ਕੋਈ ਸਾਧੂ ਨਹੀਂ ਬੈਠਾ; ਸ਼ਿਵ ਜੀ ਮਹਾਰਾਜ ਕਿਸਨੂੰ ਮੱਥਾ ਟੇਕਦੇ ਹਨ? ਨਮਸ਼ਕਾਰ ਕਰਨ ਤੋਂ ਬਾਅਦ ਉਹਦੀ ਪ੍ਰਕਰਮਾ ਕਰਨੀ ਸ਼ੁਰੂ ਕਰ ਦਿਤੀ, ਪੰਜ ਪ੍ਰਕਰਮਾ ਕਰਕੇ ਫੇਰ ਮੱਥਾ ਟੇਕਿਆ। ਪਾਰਬਤੀ ਪੁੱਛਣ ਲੱਗੀ, "ਮਹਾਰਾਜ! ਮੈਨੂੰ ਤਾਂ ਕੋਈ ਸਮਝ ਨਹੀਂ ਆਉਂਦੀ, ਇਥੇ ਕੀ ਗੱਲ ਹੈ? ਕੋਈ ਚੀਜ਼ ਨਜ਼ਰ ਨਹੀਂ ਆਉਂਦੀ, ਕੇਵਲ ਝਾੜ ਨਜ਼ਰ ਆਉਂਦੇ ਹਨ, ਕੋਈ ਡੇਰਾ ਨਹੀਂ ਹੈ, ਕੋਈ ਮਹਾਂਪੁਰਸ਼ ਨਹੀਂ ਬੈਠਾ ਤੇ ਆਪ ਬਾਰ-ਬਾਰ ਐਨੇ ਪਿਆਰ ਨਾਲ ਮੱਥਾ ਕਿਉਂ ਟੇਕ ਰਹੇ ਹੋ, ਕਿਉਂ ਸੀਸ ਨਿਵਾ ਰਹੇ ਹੋ? ਆਪ ਸਭ ਤੋਂ ਮੁਖ ਦੇਵਤਾ ਹੋ, ਸਾਰੀ ਸ੍ਰਿਸ਼ਟੀ ਆਪ ਦਾ ਧਿਆਨ ਧਰਦੀ ਹੈ; ਆਪ ਵਾਸਤੇ ਵੀ ਕੋਈ ਐਸਾ ਹੈ ਜਿਸ ਦੇ ਧਿਆਨ ਵਿਚ ਆਪ ਦਾ ਸੀਸ ਵੀ ਨਿਵ ਜਾਂਦਾ ਹੋਵੇ? ਸ਼ਿਵ ਜੀ ਨੇ ਕਿਹਾ, "ਪਾਰਬਤੀ! ਤੂੰ ਨਹੀਂ ਜਾਣਦੀ ਕਿ ਮੈਨੂੰ ਵੀ ਖੋਜ ਹੋਇਆ ਕਰਦੀ ਹੈ, ਉਹ ਇਹ ਹੈ ਕਿ ਪ੍ਰਮੇਸ਼ਰ ਰੂਪ ਰੰਗ ਰੇਖ ਭੇਖ ਤੋਂ ਨਿਆਰਾ ਹੈ, ਕੋਈ ਉਹਦਾ ਚੱਕਰ ਨਹੀਂ, ਚਿਹਨ ਨਹੀਂ, ਜਾਤ ਨਹੀਂ, ਪਾਤ ਨਹੀਂ, ਰੂਪ ਨਹੀਂ ਹੈ, ਰੰਗ ਨਹੀਂ ਹੈ, ਉਹ ਪਰ੍ਹੇ ਤੋਂ ਪਰ੍ਹੇ ਹੈ, ਅਗੰਮ ਅਤੇ ਅਗੋਚਰ ਹੈ, ਧਿਆਨ ਵਿਚ ਉਹ ਆਉਂਦਾ ਨਹੀਂ -

***ਨਾਰਦ ਸੇ ਚਤਰਾਨਨ ਸੇ ਰੁਮਨਾਰਿਖ ਸੇ ਸਭਹੂੰ ਮਿਲ ਗਾਇਓ,***
***ਵੇਦ ਪੁਰਾਨ ਨ ਭੇਦ ਲਖਿਓ ਸਭ ਹਾਰ ਪਰੇ ਪਰ ਹਾਥ ਨਾ ਆਇਓ।***

ਕਹਿਣ ਲੱਗੇ ਜਿਹੜਾ ਐਸਾ ਪਾਰਬ੍ਰਹਮ ਪ੍ਰਮੇਸ਼ਰ ਨਿਰਾਕਾਰ ਸਰੂਪ ਹੈ, ਜਿਸ ਦਾ ਸੂਖਸ਼ਮ ਤੋਂ ਸੂਖਸ਼ਮ ਸਰੂਪ ਹੈ, ਜਿਥੇ ਸੂਖਸ਼ਮ ਦੀ ਵੀ ਹਦ ਖਤਮ ਹੋ ਜਾਂਦੀ ਹੈ, ਓਥੇ ਕੇਵਲ ਸਾਖੀ ਮਾਤਰ ਭਾਸਦਾ ਹੈ, ਐਸਾ ਪ੍ਰਮੇਸ਼ਰ ਨਜ਼ਰ ਤਾਂ ਨਹੀਂ ਆਉਂਦਾ ਪਰ ਉਹ ਕੇਵਲ ਕਿਤੇ ਕਿਤੇ ਮਨੁੱਖ ਦੇ ਸਰੀਰ ਵਿਚ ਨਜ਼ਰ ਆ ਜਾਂਦਾ ਹੈ ਤੇ ਮੈਂ ਉਸਦੀ ਖੋਜ ਵਿਚ ਟੁਰਿਆ ਫਿਰਦਾ ਹਾਂ। ਇਹ ਥਾਂ, ਜਿਥੇ ਮੈਂ ਬਾਰ-ਬਾਰ ਨਮਸਕਾਰ ਕਰ ਰਿਹਾ ਹਾਂ, ਬੜੀ ਦੇਰ ਹੋਈ, ਇਕ ਪ੍ਰਮੇਸ਼ਰ ਦੇ ਪਿਆਰੇ ਨੇ ਇਥੇ ਬੈਠ ਕੇ, ਪਿਆਰ ਵਿਚ ਆ ਕੇ ਆਪਣੇ ਪ੍ਰਭੂ ਨੂੰ ਯਾਦ ਕੀਤਾ ਸੀ ਤੇ ਪ੍ਰਮੇਸ਼ੂਰ ਨੇ ਉਨ੍ਹਾਂ ਦੇ ਹਿਰਦੇ ਵਿਚ ਪ੍ਰਗਟ ਹੋ ਕੇ ਆਪਣਾ ਹੀ ਸਰੂਪ ਬਣਾ ਲਿਆ, ਬ੍ਰਹਮਗਿਆਨੀ ਬਣਾ ਲਿਆ ਸੀ। ਇਸ ਥਾਂ ਤੇ ਕਿਸੇ ਪੂਰਨ ਬ੍ਰਹਮ ਗਿਆਨੀ ਨੇ ਬੈਠ ਕੇ ਬੜੀ ਦੇਰ ਤਕ ਪ੍ਰਮੇਸ਼ਰ ਦੀ ਯਾਦ ਵਿਚ ਆਪਣੀ ਉਮਰ ਬਿਤਾਈ ਤੇ ਇਹ ਥਾਂ ਦੂਰ ਦੂਰ ਤਕ ਖੁਸ਼ਬੂ ਦੇ ਰਿਹਾ ਹੈ, ਦੂਰ ਦੂਰ ਤਕ ਇਥੋਂ ਪਿਆਰ ਦੀਆਂ ਲਪਟਾਂ ਆ ਰਹੀਆਂ ਹਨ, ਸੁਗੰਧੀਆਂ ਆ ਰਹੀਆਂ ਹਨ। ਇਸ ਥਾਂ ਦਾ ਕਣ ਕਣ ਪਵਿੱਤਰ ਹੋਇਆ ਪਿਆ ਹੈ, ਸੋ ਮੈਂ ਤਾਂ ਆਪ ਐਸੇ ਮਹਾਂਪੁਰਸ਼ਾਂ ਨੂੰ ਖੋਜਦਾ ਫਿਰਦਾ ਹਾਂ -

***ਧਾਰਨਾ - ਸ਼ਿਵ ਜੀ ਖੋਜਦੇ ਫਿਰਦੇ ਬ੍ਰਹਮਗਿਆਨੀ ਨੂੰ-2***

***ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ॥***
***ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ॥***

***ਪੰਨਾ - 273***

ਜੇ ਪ੍ਰਮੇਸ਼ਰ ਦਾ ਸਾਕਾਰ ਰੂਪ ਵਿਚ ਦਰਸ਼ਨ ਕਰਨਾ ਹੋਵੇ- ਕਿਸੇ ਰੰਗ ਰੂਪ ਰੇਖ ਭੇਖ ਵਾਲੇ ਸਰੀਰ ਵਿਚ, ਤਾਂ ਉਹ ਬ੍ਰਹਮਗਿਆਨੀਆਂ ਦੇ ਜਿਸਮ ਵਿਚੋਂ ਹੋ ਜਾਇਆ ਕਰਦਾ ਹੈ। ਇਥੇ ਬਹੁਤ ਦੇਰ ਤਕ ਮਹਾਂਪੁਰਸ਼ ਪ੍ਰਭੂ ਦੀ ਯਾਦ ਵਿਚ ਲੀਨ ਹੋ ਕੇ ਆਪਣੀਆਂ ਉਮਰਾਂ ਬਿਤਾਉਂਦੇ ਰਹੇ ਹਨ ਤੇ ਇਸ ਦਾ ਕਣ ਕਣ ਪਵਿੱਤਰ ਹੋ ਗਿਆ।

***ਜਿਥੈ ਬੈਸਨਿ ਸਾਧ ਜਨ ਸੋ ਥਾਨੁ ਸੁਹੰਦਾ॥ ਪੰਨਾ - 319***

ਸੋ ਇਸ ਕਰਕੇ ਮੈਂ ਬਾਰ-ਬਾਰ ਨਮਸਕਾਰ ਕਰ ਰਿਹਾ ਹਾਂ ਕਿਉਂਕਿ 'ਬ੍ਰਹਮਗਿਆਨੀ ਆਪ ਪ੍ਰਮੇਸਰ' ਹੋਇਆ ਕਰਦਾ ਹੈ। ਇਸ ਤਰ੍ਹਾਂ ਆਪ ਸਾਰੇ ਹੀ ਬੜੇ ਭਾਗਾਂ ਵਾਲੇ ਹੋ, ਇਹ ਉਹ ਅਸਥਾਨ ਹੈ ਜਿਥੇ ਗੁਰੂ ਤੇਗ ਬਹਾਦਰ ਜੀ ਦੇ ਚਰਨ ਪਏ ਹਨ, ਚਰਣ ਧੂੜੀ ਵਿਚ ਅਜੇ ਵੀ ਓਨੀ ਹੀ ਪ੍ਰੇਰਨਾ ਹੈ। ਜਦ ਤਕ ਇਹ ਧਰਤੀ ਰਹਿਣੀ ਹੈ, ਇਹ ਸੰਸਾਰ ਰਹਿਣਾ ਹੈ, ਉਸ ਵੇਲੇ ਤਕ ਇਸ ਦੀ ਪਵਿਤਰਤਾ ਵਧਦੀ ਹੀ ਚਲੀ ਜਾਣੀ ਹੈ, ਘਟਣੀ ਨਹੀਂ। ਸਾਧਸੰਗਤ ਜੀ! ਕਿਉਂਕਿ ਨੌਵੇਂ ਪਾਤਸ਼ਾਹ ਆਪ ਅਕਾਲ ਪੁਰਖ ਸਰੂਪ ਏਥੇ ਬਿਰਾਜੇ ਹਨ। ਸਾਡੇ ਬੜੇ ਧੰਨ ਭਾਗ ਹਨ ਕਿ ਅਸੀਂ ਇਥੇ ਆ ਕੇ ਸੀਸ ਨਿਵਾਇਆ ਹੈ।

ਇਕ ਵਾਰੀ ਦੀ ਗੱਲ ਹੈ ਜੋ ਰਾਮਾ ਕ੍ਰਿਸ਼ਨਾ ਮਿਸ਼ਨ ਹੈ, ਇਨ੍ਹਾਂ ਦੇ ਜਿਹੜੇ ਵੱਡੇ ਮੁਖੀਆ ਹਨ, ਉਨ੍ਹਾਂ ਦਾ ਨਾਮ ਸਵਾਮੀ ਮੁਖੀਆ ਅਨੰਦ ਹੈ; ਕੋਈ 20-22 ਸਾਲ ਪੁਰਾਣੀ ਗੱਲ ਹੈ, ਇਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਜੀ ਦਾ ਗੁਰਪੁਰਬ ਮਨਾਇਆ। ਇਥੇ ਚੰਡੀਗੜ੍ਹ ਦੇ 15 ਸੈਕਟਰ ਵਿਚ ਇਨ੍ਹਾਂ ਦੀ ਬਰਾਂਚ ਖੁਲ੍ਹੀ ਹੋਈ ਹੈ, ਕਲਕੱਤੇ ਵਿਚ ਇਨ੍ਹਾਂ ਦਾ ਸਭ ਤੋਂ ਵੱਡਾ ਦਫਤਰ ਹੈ, ਇਸ ਨੂੰ ਰਾਮਾ ਕ੍ਰਿਸ਼ਨਾ ਮਿਸ਼ਨ ਆਖਦੇ ਹਨ। ਉਸ ਨੇ ਯੂਨੀਵਰਸਿਟੀ ਦੇ ਵੱਡੇ ਵੱਡੇ ਪ੍ਰੋਫੈਸਰਾਂ ਨੂੰ, ਵੱਡੇ ਵੱਡੇ ਆਫਸਿਰਜ਼ ਨੂੰ, ਸਭ ਨੂੰ ਸੱਦਾ ਪੱਤਰ ਦਿਤਾ। ਸਾਰਾ ਹਾਲ ਭਰਿਆ ਹੋਇਆ ਸੀ, ਉਥੇ ਇਕ ਮੇਰੇ ਮਿਤਰ ਸਨ - ਹਰਬੰਸ ਸਿੰਘ ਦੁਆਬੀਆ, ਐਡਵੋਕੇਟ ਜਰਨਲ ਸਨ, ਉਨ੍ਹਾਂ ਨੇ ਲੈਕਚਰ ਦੇਣਾ ਸੀ। ਉਹ ਮੈਨੂੰ ਕਹਿਣ ਲੱਗੇ ਕਿ ਤੁਸੀਂ ਵੀ ਨਾਲ ਚੱਲੋ। ਮੈਂ ਵੀ ਨਾਲ ਚਲਿਆ ਗਿਆ। ਜਦੋਂ ਉਸ ਦੀ ਵਾਰੀ ਆਈ, ਦੋ ਮਿੰਟ ਖੜ੍ਹਾ ਹੋ ਕੇ ਕਹਿਣ ਲੱਗਾ ਕਿ ਮੈਂ ਤਾਂ ਅੱਗੇ ਨਹੀਂ ਬੋਲਣਾ, ਮੇਰੀ ਥਾਂ ਤੇ ਇਹ ਵਰਿਆਮ ਸਿੰਘ ਜੀ ਬੋਲਣਗੇ। ਮੈਂ ਬੜਾ ਹੈਰਾਨ ਹੋਇਆ ਕਿਉਂਕਿ ਜਦੋਂ ਆਦਮੀ ਸੁਣਨ ਜਾਵੇ, ਓਦੋਂ ਕੁਝ ਕਹਿਣ ਦੀ ਗੁੰਜਾਇਸ਼ ਨਹੀਂ ਹੁੰਦੀ ਕਿਉਂਕਿ ਕੋਈ ਫੁਰਨਾ ਨਹੀਂ ਹੋਇਆ ਕਰਦਾ। ਜਦੋਂ ਮੈਂ ਖੜ੍ਹਾ ਹੋ ਕੇ ਬੋਲਿਆ, ਕੋਈ ਸਵਾ ਕੁ ਘੰਟਾ ਗੱਲਬਾਤ ਕੀਤੀ। ਮੁਖੀਆ ਆਨੰਦ ਜੀ ਬੜੇ ਪ੍ਰਭਾਵਿਤ ਹੋਏ ਕਿ ਐਸੇ ਗੁਰੂ ਗੋਬਿੰਦ ਸਿੰਘ, ਜਿਨ੍ਹਾਂ ਬਾਰੇ ਤੁਸੀਂ ਜ਼ਿਕਰ ਕੀਤਾ ਹੈ, ਮੈਂ ਅਨੰਦਪੁਰ ਸਾਹਿਬ ਦੇ ਦਰਸ਼ਨ ਕਰਨਾ ਚਾਹੁੰਦਾ ਹਾਂ। ਤੀਸਰੇ ਦਿਨ ਅਸੀਂ ਚਲੇ ਗਏ, ਜਦੋਂ ਦੂਰੋਂ ਅਨੰਦਪੁਰ ਸਾਹਿਬ ਦਾ ਕਿਲਾ ਦਿਸਣ ਲਗ ਪਿਆ, ਮੁਖੀਆਆਨੰਦ ਜੀ ਉਥੇ ਹੀ ਗੱਡੀ ਵਿਚੋਂ ਉਤਰ ਗਏ। ਅਸੀਂ ਸਾਰੇ ਹੀ ਪੈਦਲ ਤੁਰ ਪਏ, ਉਹ ਥੋੜ੍ਹੀ ਜਿਹੀ ਦੂਰ ਤੁਰਿਆ ਕਰਨ, ਕਦੀ ਵੱਟੇ ਚੁਕ ਕੇ ਮਸਤਕ ਨਾਲ ਲਾ ਲਿਆ ਕਰਨ, ਕਦੇ ਲੰਮੇ ਪੈ ਕੇ ਸਾਰਾ ਸਰੀਰ ਜ਼ਮੀਨ ਨਾਲ ਲਾ ਕੇ ਡੰਡਉਤ ਕਰਦੇ ਜਾਣ, ਕਦੀ ਮਿੱਟੀ ਚੁੱਕ ਚੁੱਕ ਕੇ ਮਸਤਕ ਤੇ ਮਲੀ ਜਾਣ ਤੇ ਬਾਰ-ਬਾਰ ਕਹੀ ਜਾਣ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਘੋੜੇ ਦੀਆਂ ਟਾਪਾਂ ਲਗ ਕੇ ਇਹ ਧਰਤੀ ਪਵਿੱਤਰ ਹੋਈ ਪਈ ਹੈ, ਹੁਣ ਵੀ ਮੈਨੂੰ ਪ੍ਰੇਰਨਾ ਦੇ ਰਹੀ ਹੈ, ਹੁਣ ਵੀ ਮੈਨੂੰ ਕਰੰਟ ਦੇ ਰਹੀ ਹੈ। ਉਹ ਮੇਰੇ ਕੋਲੋਂ ਦਸਵੇਂ ਪਾਤਸ਼ਾਹ ਦੀ ਤਸਵੀਰ ਲੈ ਕੇ ਗਿਆ ਸੀ, ਕਹਿਣ ਲੱਗਾ ਕਿ ਮੈਂ ਇਹ ਤਸਵੀਰ ਵਾਪਸ ਨਹੀਂ ਕਰਨੀ ਕਿਉਂਕਿ ਕਦੇ ਮੈਨੂੰ ਕ੍ਰਿਸ਼ਨ ਮਹਾਰਾਜ ਹੋ ਕੇ ਦਿਖਾਈ ਦਿੰਦੇ ਹਨ, ਕਦੇ ਰਾਮਚੰਦਰ ਜੀ ਮਹਾਰਾਜ ਹੋ ਕੇ ਦਰਸ਼ਨ ਦਿੰਦੇ ਹਨ। ਇਹ ਤਸਵੀਰ ਰਾਮਾ ਕ੍ਰਿਸ਼ਨਾ ਮਿਸ਼ਨ ਵਿਚ ਲਗੇਗੀ। ਸੋ ਸਾਧਸੰਗਤ ਜੀ! ਇਸ ਤਰ੍ਹਾਂ ਇਹ ਪਵਿੱਤਰ ਅਸਥਾਨ ਹੁੰਦੇ ਹਨ ਜਿਨ੍ਹਾਂ ਦੇ ਅਸੀਂ ਚੰਗੇ ਭਾਗ ਹੋਣ ਕਰਕੇ ਦਰਸ਼ਨ ਕਰਦੇ ਹਾਂ।

ਅਸੀਂ ਗੁਰੂ ਤੇਗ ਬਹਾਦਰ ਜੀ ਮਹਾਰਾਜ ਦੇ ਅਸਥਾਨ

ਤੇ ਬੈਠੇ ਹਾਂ। ਗੁਰੂ ਕਿਧਰੇ ਜਾਇਆ ਨਹੀਂ ਕਰਦਾ, ਸਦਾ ਹਾਜ਼ਰ ਹੁੰਦਾ ਹੈ –

***ਗੁਰੁ ਮੇਰੈ ਸੰਗਿ ਸਦਾ ਹੈ ਨਾਲੇ॥*** *ਪੰਨਾ – 394*

ਗੁਰੂ, ਭਾਵਨਾ ਤੇ ਪਿਆਰ ਦਾ ਭੁੱਖਾ ਹੁੰਦਾ ਹੈ। ਸੋ ਏਸ ਤਰ੍ਹਾਂ ਦੀਆਂ ਵੀਚਾਰਾਂ ਕਰਦੇ ਸੀ।

ਇਕ ਸਿੱਖ ਜੋ ਦੁਆਬੇ ਦੇ ਰਹਿਣ ਵਾਲਾ ਸੀ, ਨਿਗਾਹੀਏ ਨੂੰ ਮੰਨਦਾ ਸੀ – ਸਰਵਰ ਨੂੰ, ਕਿਸੇ ਗੁਰਸਿੱਖ ਦੇ ਨਾਲ ਉਸ ਦੀ ਸੰਗਤ ਹੋ ਗਈ। ਉਸ ਤੋਂ ਕੁਝ ਪ੍ਰੇਰਿਤ ਹੋਇਆ, ਗੁਰਸਿੱਖਾਂ ਦਾ ਰਹਿਣ ਸਹਿਣ ਭਜਨ ਬੰਦਗੀ ਦਾ ਤਰੀਕਾ ਦੇਖਿਆ, ਇਕ ਦੋ ਦਿਨ ਉਥੇ ਠਹਿਰ ਕੇ, ਸੰਗ ਲੈ ਕੇ ਜਾ ਰਿਹਾ ਹੈ। ਗੁਰਸਿੱਖ ਦੇ ਬਚਨ ਸੁਣ ਕੇ ਉਸ ਦੇ ਮਨ ਵਿਚ ਬਹੁਤ ਪਿਆਰ ਜਾਗ ਰਿਹਾ ਹੈ ਅਤੇ ਆਪਣੇ ਆਪ ਨੂੰ ਕਹਿ ਰਿਹਾ ਹੈ ਕਿ ਮਨਾ! ਜ਼ਿੰਦਗੀ ਬਰਬਾਦ ਕਰ ਦਿਤੀ; ਕੀ ਖੱਟਿਆ ਇਹ ਪੀਰ ਦੀਆਂ ਖੇਲ੍ਹਾਂ ਖੇਲ ਕੇ, ਮਨ ਨੂੰ ਤਾਂ ਸ਼ਾਂਤੀ ਨਹੀਂ ਆਈ, ਓਹੀ ਕ੍ਰੋਧ ਮਨ ਵਿਚ ਭਰਿਆ ਹੋਇਆ ਹੈ, ਓਹੀ ਲੋਭ, ਓਹੀ ਅਭਿਮਾਨ ਭਰਿਆ ਹੋਇਆ ਹੈ, ਓਹੀ ਵਿਸ਼ੇ ਕਾਇਮ ਹਨ, ਹਾਲੀ ਤਕ ਮਨ ਇਕਾਗਰ ਨਹੀਂ ਹੋਇਆ; ਉਸ ਦੀ ਸੇਵਾ ਕੀਤੀ ਦਾ ਕੀ ਫਾਇਦਾ ਜੋ ਮਨ ਨੂੰ ਇਕਾਗਰ ਨਹੀਂ ਕਰ ਸਕਦਾ। ਜਦੋਂ ਇਸ ਨੇ ਗੁਰੂ ਜੀ ਬਾਰੇ ਸੁਣਿਆ ਤਾਂ ਕਹਿਣ ਲੱਗਾ, ਮੈਨੂੰ ਪੰਜਵੇਂ ਪਾਤਸ਼ਾਹ ਗੁਰੂ ਅਰਜਨ ਪਾਤਸ਼ਾਹ ਦੇ ਚਰਨਾਂ ਵਿਚ ਜਲਦੀ ਲੈ ਜਾਓ ਕਿਉਂਕਿ ਆਪ ਦੀਆਂ ਸਾਰੀਆਂ ਗੱਲਾਂ ਸੁਣਨ ਤੋਂ ਬਾਅਦ ਮੇਰੇ ਮਨ ਵਿਚ ਪ੍ਰੇਰਨਾ ਜਾਗੀ ਹੈ, ਮੇਰੇ ਮਨ ਵਿਚ ਐਸੀ ਤਰੰਗ ਉਠੀ ਹੈ ਕਿ ਮੈਂ ਗੁਰੂ ਜੀ ਦੇ ਚਰਨ ਜਲਦੀ ਜਾ ਕੇ ਫੜ ਲਵਾਂ। ਸੋ ਉਹ ਗੁਰਸਿੱਖ ਭਾਈ ਤੀਰਥੇ ਨੂੰ ਅੰਮ੍ਰਿਤਸਰ ਗੁਰੂ ਅਰਜਨ ਦੇਵ ਮਹਾਰਾਜ ਜੀ ਦੇ ਚਰਨਾਂ ਵਿਚ ਲੈ ਗਿਆ। ਗੁਰੂ ਜੀ ਪੁਛਣ ਲੱਗੇ, "ਭਾਈ ਕੌਣ ਹੈ?" ਕਹਿਣ ਲੱਗਾ, "ਮਹਾਰਾਜ! ਮੈਂ ਦੁਆਬੇ ਦੇ ਰਹਿਣ ਵਾਲਾ ਹਾਂ, ਮੇਰਾ ਨਾਮ ਤੀਰਥਾ ਹੈ। ਕਈ ਮੰਝ ਵੀ ਕਹਿ ਦਿੰਦੇ ਹਨ। ਮੈਂ ਸੰਗ ਲੈ ਕੇ ਜਾ ਰਿਹਾ ਹਾਂ, ਇਕ ਦੋ ਦਿਨ ਅਸੀਂ ਦਰਸ਼ਨ ਕਰਨ ਵਾਸਤੇ ਠਹਿਰ ਗਏ, ਸਾਨੂੰ ਇਥੇ ਕੁਝ ਚੰਗਾ ਲੱਗਾ ਹੈ, ਏਸ ਗੁਰਸਿੱਖ ਦੇ ਬਚਨ ਸੁਣ ਕੇ ਮੈਨੂੰ ਇਕ ਤਰ੍ਹਾਂ ਦੀ ਸੂਝ ਆਈ ਹੈ। ਸੋ ਮੈਂ ਆਪ ਦੇ ਚਰਨਾਂ ਵਿਚ ਹਾਜ਼ਰ ਹੋਇਆ ਹਾਂ, ਆਪ ਕ੍ਰਿਪਾ ਕਰੋ।" ਗੁਰੂ ਜੀ ਨੇ ਪੁਛਿਆ, "ਭਾਈ! ਤੂੰ ਕੀ ਚਾਹੁੰਦਾ ਹੈਂ?" ਕਹਿਣ ਲੱਗਿਆ, "ਮੈਂ ਇਨ੍ਹਾਂ ਤੋਂ ਸ੍ਰਵਣ ਕੀਤਾ ਹੈ ਕਿ ਨਾਮ ਤੋਂ ਬਗੈਰ ਸ਼ਾਂਤੀ ਨਹੀਂ ਆਉਂਦੀ ਅਤੇ ਨਾਮ ਤੋਂ ਬਗੈਰ ਆਦਮੀ ਦਾ ਆਉਣਾ ਜਾਣਾ ਖਤਮ ਨਹੀਂ ਹੁੰਦਾ, ਨਾਮ ਤੋਂ ਬਗੈਰ ਸਰੀਰਕ ਰੋਗ, ਆਰਥਕ ਰੋਗ, ਮਾਨਸਿਕ ਰੋਗ ਅਤੇ ਰਾਜਸੀ ਰੋਗਾਂ ਐਸੀ ਦਾ ਨਾਸ ਨਹੀਂ ਹੋਇਆ ਕਰਦਾ।"

ਉਸ ਸਮੇਂ ਮਹਾਰਾਜ ਬਚਨ ਕਰ ਰਹੇ ਸਨ ਕਿ ਜੋ ਸੇਵਾ ਕਰਦਾ ਹੈ, 'ਗੁਰ ਕੀ ਸੇਵਾ ਪਾਏ ਮਾਨੁ' ਉਸ ਨੂੰ ਮਾਣ ਮਿਲਦਾ ਹੈ –

***ਵਿਚਿ ਦੁਨੀਆ ਸੇਵ ਕਮਾਈਐ॥***
***ਤਾ ਦਰਗਹ ਬੈਸਣੁ ਪਾਈਐ॥***
***ਕਹੁ ਨਾਨਕ ਬਾਹ ਲੁਡਾਈਐ॥*** *ਪੰਨਾ – 26*

ਜੋ ਦੁਨੀਆਂ ਵਿਚ ਸੇਵਾ ਕਰ ਜਾਂਦਾ ਹੈ –

***ਰੇ ਰੇ ਦਰਗਹ ਕਹੈ ਨ ਕੋਊ॥***
***ਆਉ ਬੈਠੁ ਆਦਰੁ ਸੁਭ ਦੇਊ॥*** *ਪੰਨਾ – 252*

ਸਭ ਕਹਿੰਦੇ ਨੇ – ਆਓ ਜੀ, ਆਓ, ਕਿਉਂਕਿ ਸੇਵਾ ਕਰਕੇ ਆਇਆ ਹੈ –

***ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ॥***
*ਪੰਨਾ – 463*

ਜਦੋਂ ਪ੍ਰਮੇਸ਼ਰ ਦੀ ਦੁਨੀਆਂ ਦੀ ਸੇਵਾ ਕਰਦਾ ਹੈ, ਗੁਰੂ ਦੀ ਸੇਵਾ ਕਰਦਾ ਹੈ, ਉਸ ਵੇਲੇ ਪ੍ਰਮੇਸ਼ਰ ਪ੍ਰਸੰਨ ਹੁੰਦਾ ਹੈ, ਫਿਰ ਉਸ ਨੂੰ ਦਰਗਾਹ ਵਿਚ ਮਾਨ ਮਿਲਦਾ ਹੈ, ਜੈ ਜੈ ਕਾਰ ਹੁੰਦੀ ਹੈ, ਧੰਨ ਧੰਨ ਹੁੰਦੀ ਹੈ –

***ਧੰਨਿ ਧੰਨਿ ਕਹੈ ਸਭੁ ਕੋਇ।।***
***ਮੁਖ ਊਜਲ ਹਰਿ ਦਰਗਹ ਸੋਇ॥*** *ਪੰਨਾ – 283*

ਸੋ ਇਸ ਕਰਕੇ –

***ਗੁਰ ਕੇ ਸੇਵਕ ਕਉ ਦੁਖੁ ਨ ਬਿਆਪੈ॥*** *ਪੰਨਾ – 864*

ਦੁਖਾਂ ਦਾ ਖਾਤਮਾ ਹੋ ਜਾਂਦਾ ਹੈ –

***ਗੁਰ ਕਾ ਸੇਵਕੁ ਦਹਦਿਸਿ ਜਾਪੈ॥*** *ਪੰਨਾ – 864*

ਦਸਾਂ ਦਿਸ਼ਾਂ ਦੇ ਅੰਦਰ ਉਸ ਦੀ ਮਹਿਮਾ ਹੋ ਜਾਂਦੀ ਹੈ।

***ਸਤਿਗੁਰ ਕੀ ਸੇਵਾ ਸਫਲੁ ਹੈ ਜੇ ਕੋ ਕਰੇ ਚਿਤੁ ਲਾਇ॥***
*ਪੰਨਾ – 644*

ਸੇਵਾ ਕਿਸ ਦੀ ਸਫਲ ਹੈ? ਜਿਹੜਾ ਚਿੱਤ ਲਾ ਕੇ ਕਰਦਾ ਹੈ, ਬੱਧਾ ਰੁੱਧੀ ਨਹੀਂ ਕਰਦਾ, ਉਹਦੀ ਸੇਵਾ ਸਫਲ ਹੋ ਜਾਂਦੀ ਹੈ–

***ਮਨ ਚਿੰਦਿਆ ਫਲੁ ਪਾਵਣਾ ਹਉਮੈ ਵਿਚਹੁ ਜਾਇ॥***
*ਪੰਨਾ – 644*

ਜਿਸ ਫਲ ਦੀ ਵੀ ਉਹ ਆਸਾ ਕਰਦਾ ਹੈ, ਪ੍ਰਾਪਤ ਹੋ ਜਾਂਦਾ ਹੈ। ਜਿਹੜਾ ਵੱਡਾ ਰੋਗ ਹੈ, ਉਹਦਾ ਖਾਤਮਾ ਹੋ ਜਾਂਦਾ ਹੈ। ਆਦਮੀ ਦੇ ਅੰਦਰ ਬੇਅੰਤ ਦੁੱਖ ਹਨ, ਸੰਸਾਰ ਵਿਚ ਕੋਈ ਵੀ ਬੰਦਾ ਨਹੀਂ, ਜਿਸ ਨੂੰ ਕੋਈ ਨਾ ਕੋਈ ਦੁੱਖ ਨਾ ਹੋਵੇ। ਗੁਰੂ ਨਾਨਕ ਪਾਤਸ਼ਾਹ ਤਾਂ ਫੁਰਮਾਉਂਦੇ ਹਨ ਕਿ ਸੰਸਾਰ ਵਿਚ ਜਿਤਨੇ ਵੀ ਵੱਡੇ-ਵੱਡੇ ਹੋਏ ਹਨ, ਉਹ ਵੀ ਦੁਖ ਨਾਲ ਸੰਸਾਰ ਤੋਂ ਰੋਂਦੇ ਗਏ ਹਨ –

***ਸਹੰਸਰਦਾਨ ਦੇ ਇੰਦ੍ਰ ਰੋਆਇਆ॥***
***ਪਰਸ ਰਾਮੁ ਰੋਵੈ ਘਰਿ ਆਇਆ॥***
***ਅਜੈ ਸੁ ਰੋਵੈ ਭੀਖਿਆ ਖਾਇ॥***
***ਦਰਗਹ ਮਿਲੈ ਸਜਾਇ।।***
***ਰੋਵੈ ਰਾਮੁ ਨਿਕਾਲਾ ਭਇਆ॥***
***ਸੀਤਾ ਲਖਮਣੁ ਵਿਛੁੜਿ ਗਇਆ॥***
***ਰੋਵੈ ਦਹਸਿਰੁ ਲੰਕ ਗਵਾਇ॥***
***ਜਿਨਿ ਸੀਤਾ ਆਦੀ ਡਉਰੂ ਵਾਇ॥***
***ਰੋਵਹਿ ਪਾਂਡਵ ਭਏ ਮਜੂਰ॥***
***ਜਿਨ ਕੈ ਸੁਆਮੀ ਰਹਤ ਹਦੂਰਿ॥***
***ਰੋਵੈ ਜਨਮੇਜਾ ਖੁਇ ਗਇਆ॥***
***ਏਕੀ ਕਾਰਣਿ ਪਾਪੀ ਭਇਆ॥***
***ਰੋਵਹਿ ਸੇਖ ਮਸਾਇਕ ਪੀਰ॥***

*ਅੰਤਿ ਕਾਲਿ ਮਤੁ ਲਾਗੈ ਭੀੜ।।*
*ਰੋਵੈ ਕਿਰਪਨ ਸੰਚਹਿ ਧਨੁ ਜਾਇ॥*
*ਪੰਡਿਤ ਰੋਵਹਿ ਗਿਆਨੁ ਗਵਾਇ॥*
*ਬਾਲੀ ਰੋਵੈ ਨਾਹਿ ਭਤਾਰੁ।।*
*ਨਾਨਕੁ ਦੁਖੀਆ ਸਭੁ ਸੰਸਾਰੁ॥* *ਪੰਨਾ - 954*

ਸੋ ਇਸ ਤਰ੍ਹਾਂ ਦੇ ਨਾਲ ਰਾਵਣ ਰੋਂਦਾ ਹੈ, ਪਾਂਡਵ ਰੋਂਦੇ ਹਨ, ਜਨਮੇਜਾ ਰੋਂਦਾ ਹੈ, ਵੱਡੇ-ਵੱਡੇ ਸਭ ਸੰਸਾਰ ਤੋਂ ਰੋਂਦੇ ਗਏ ਹਨ। ਕੁਝ ਬੰਦੇ ਹਨ ਜਿਨ੍ਹਾਂ ਦੇ ਮਨ ਵਿਚ ਨਾਮ ਦਾ ਵਿਸ਼ਵਾਸ਼ ਹੋ ਗਿਆ। ਇਹ ਗੱਲ ਸਮਝਣ ਵਾਲੀ ਹੈ ਕਿ ਨਾਮ ਦਾ ਵਿਸ਼ਵਾਸ਼ ਕੀ ਹੁੰਦਾ ਹੈ? ਇਹ ਸਾਰਾ ਸੰਸਾਰ ਜੋ ਆਪ ਨੂੰ ਨਜ਼ਰ ਆਉਂਦਾ ਹੈ, ਇਹ ਨਾਮ ਨੇ ਧਾਰਨ ਕੀਤਾ ਹੋਇਆ ਹੈ -

*ਨਾਮ ਕੇ ਧਾਰੇ ਸਗਲੇ ਜੰਤ॥*
*ਨਾਮ ਕੇ ਧਾਰੇ ਖੰਡ ਬ੍ਰਹਮੰਡ॥* *ਪੰਨਾ - 284*

ਨਾਮ ਤੋਂ ਹੀ ਇਸ ਸੰਸਾਰ ਦੀ ਉਤਪਤੀ ਹੋਈ ਹੈ।

*ਓਅੰਕਾਰਿ ਬ੍ਰਹਮਾ ਉਤਪਤਿ॥*
*ਓਅੰਕਾਰੁ ਕੀਆ ਜਿਨਿ ਚਿਤਿ॥* *ਪੰਨਾ - 929*

ਸਾਰਾ ਸੰਸਾਰ, ਭਾਵੇਂ ਉਹ ਸਥੂਲ ਪਦਾਰਥ ਹੈ ਜਾਂ ਸੂਖਸ਼ਮ ਹੈ, ਉਸ ਸਾਰੇ ਦੀ ਉਤਪਤੀ ਸ਼ਬਦ ਵਿਚੋਂ ਹੋਈ ਹੈ। ਜਿਹੜਾ ਉਹਦੀ ਮਹਿਮਾ ਤੇ, ਪਰੀਪੂਰਨ ਸ਼ਕਤੀ ਤੇ ਵਿਸ਼ਵਾਸ਼ ਕਰ ਲਵੇ, ਮਹਾਰਾਜ ਕਹਿੰਦੇ, ਉਹਦੀ ਮਹਿਮਾ ਕਹੀ ਨਹੀਂ ਜਾ ਸਕਦੀ -

*ਮੰਨੇ ਕੀ ਗਤਿ ਕਹੀ ਨ ਜਾਇ॥* *ਪੰਨਾ - 3*

ਸੋ ਪਰੀਪੂਰਨ ਨਾਮ ਨੂੰ ਮੰਨ ਲੈਣਾ, ਉਹਦੀ ਮਹਿਮਾ ਨੂੰ ਮੰਨ ਲੈਣਾ, ਇਹਦੇ ਨਾਲ ਕੋਈ ਦੁਖ ਨਹੀਂ ਰਹਿੰਦਾ -

*ਬਾਲੀ ਰੋਵੈ ਨਾਹਿ ਭਤਾਰੁ।।*
*ਨਾਨਕ ਦੁਖੀਆ ਸਭੁ ਸੰਸਾਰੁ।।*
*ਮੰਨੇ ਨਾਉ ਸੋਈ ਜਿਣਿ ਜਾਇ॥*
*ਅਉਰੀ ਕਰਮ ਨ ਲੇਖੈ ਲਾਇ।।* *ਪੰਨਾ - 954*

ਸੋ ਬਾਕੀ ਕਰਮ ਲੇਖੇ ਵਿਚ ਨਹੀਂ ਲਗਦੇ। ਆਦਮੀ ਨੂੰ ਦੁਖ ਚਿੰਬੜਿਆ ਹੋਇਆ ਹੈ, ਦੁਖ ਦਾ ਖਾਤਮਾ ਕੇਵਲ ਨਾਮ ਨਾਲ ਹੁੰਦਾ ਹੈ। ਦੁਖ ਇਕ ਨਹੀਂ ਹੈ, ਬੇਅੰਤ ਕਿਸਮ ਦੇ ਦੁਖ ਹਨ, ਸਰੀਰਕ ਦੁਖ ਹਨ, ਭਾਈਚਾਰਕ ਦੁਖ ਹਨ, ਰਾਜਸੀ ਦੁਖ ਹਨ, ਆਰਥਕ ਦੁਖ ਹਨ - ਪੈਸਾ ਘਟ ਜਾਣਾ, ਪੈਸੇ ਦੇ ਉਤੇ ਕੋਈ ਦੰਡ ਪੈ ਜਾਣਾ। ਮਾਨਸਿਕ ਦੁਖ ਸਭ ਤੋਂ ਵੱਡਾ ਹੈ। ਜੋ ਮਨ ਦੇ ਦੁਖ ਹਨ, ਜੇ ਮਨ ਰੋਗੀ ਹੋਵੇ ਤਾਂ ਸਰੀਰ ਰੋਗੀ ਹੋ ਜਾਇਆ ਕਰਦਾ ਹੈ। ਕਿਸੇ ਬੰਦੇ ਨੂੰ ਗੁੱਸਾ ਚੜ੍ਹਿਆ ਹੋਵੇ ਜਾਂ ਮਨ ਦੇ ਅੰਦਰ ਚਿੰਤਾ ਹੋਵੇ ਜੇ ਉਸ ਨੂੰ ਕੋਈ ਪੁੱਛੇ ਕਿ ਭਾਈ! ਪ੍ਰਸ਼ਾਦਾ ਛਕ ਲੈ। ਕਹੇਗਾ, ਮੈਨੂੰ ਤੇ ਭੁੱਖ ਨਹੀਂ, ਪਹਿਲੀ ਰੋਟੀ ਹੀ ਅਜੇ ਹਜ਼ਮ ਨਹੀਂ ਹੋਈ। ਪਹਿਲਾ ਛਕਿਆ ਪ੍ਰਸ਼ਾਦਾ ਕਿਉਂ ਹਜ਼ਮ ਨਹੀਂ ਹੋਇਆ ਕਿਉਂਕਿ ਅੰਦਰ ਇਕ ਚਿੰਤਾ ਦਾ ਖਿਆਲ ਹੋ ਗਿਆ। ਜੋ ਕਿ ਸਾਰੇ ਸਰੀਰ ਦੇ ਅੰਦਰ ਘੁੰਮ ਰਿਹਾ ਹੈ, ਉਸ ਖਿਆਲ ਨੇ ਸਰੀਰ ਦਾ ਸੰਤੁਲਨ ਵਿਗਾੜ ਦਿਤਾ ਹੈ। ਖਿਆਲ ਇਥੋਂ ਤਕ ਅਸਰ ਕਰ ਜਾਂਦਾ ਹੈ ਕਿ ਆਦਮੀ ਨੂੰ heart trouble (ਦਿਲ ਦੀ ਬੀਮਾਰੀ) ਹੋ ਜਾਂਦੀ ਹੈ। ਖਿਆਲ ਕੀ ਹੈ? ਨਾ ਤਾਂ ਕਿਸੇ ਨੇ ਡੰਡਾ ਮਾਰਿਆ ਹੈ, ਨਾ ਕੋਈ ਹੋਰ ਗੱਲ ਹੈ, ਬੱਸ ਇਕ ਖਿਆਲ ਮਨ ਵਿਚ ਉਠ ਖਲੋਤਾ ਤੇ ਮਨ ਰੋਗੀ ਹੋ ਗਿਆ। ਜੇਕਰ ਮਨ ਰੋਗੀ ਹੋ ਜਾਵੇ ਤਾਂ ਸਰੀਰ ਰੋਗੀ ਹੋ ਜਾਂਦਾ ਹੈ। ਮਹਾਰਾਜ ਦਾ ਫੁਰਮਾਨ ਹੈ -

*ਖਸਮੁ ਵਿਸਾਰਿ ਕੀਏ ਰਸ ਭੋਗ॥*
*ਤਾਂ ਤਨਿ ਉਠਿ ਖਲੋਏ ਰੋਗ॥* *ਪੰਨਾ - 1256*

ਮਨ ਦੇ ਵੱਡੇ ਵੱਡੇ ਰੋਗ ਹਨ, ਹਉਮੈ ਸਭ ਤੋਂ ਵੱਡਾ ਰੋਗ ਹੈ, ਹਉਮੈ ਕਰਕੇ ਆਦਮੀ ਜੰਮਣ ਤੇ ਮਰਨ ਦੇ ਚੱਕਰ ਵਿਚ ਪਿਆ ਰਹਿੰਦਾ ਹੈ -

*ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ॥*
*ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ॥*
*ਪੰਨਾ - 466*

ਜੰਮਣ ਮਰਨ ਆਦਮੀ ਦੇ ਗਲ ਵਿਚੋਂ ਨਹੀਂ ਲਹਿੰਦਾ ਜਦੋਂ ਤਕ ਹਉਮੈ (ego) ਨਹੀਂ ਜਾਂਦੀ। ਜੇ ਨਿੰਦਿਆ ਕਰ ਲਓ ਤਾਂ ਕੁੰਭੀ ਨਰਕ ਵਿਚ ਜਾਣਾ ਪੈਂਦਾ ਹੈ। ਏਸੇ ਤਰ੍ਹਾਂ ਈਰਖਾ ਦੀ ਬਿਮਾਰੀ ਹੈ। ਮਹਾਰਾਜ ਕਹਿੰਦੇ ਹਨ -

*ਜਿਸੁ ਅੰਦਰਿ ਤਾਤਿ ਪਰਾਈ ਹੋਵੈ*
*ਤਿਸ ਦਾ ਕਦੇ ਨ ਹੋਵੀ ਭਲਾ॥* *ਪੰਨਾ - 308*

ਉਹਦਾ ਕਦੀ ਭਲਾ ਨਹੀਂ ਹੋ ਸਕਦਾ। ਸੋ ਇਸ ਤਰ੍ਹਾਂ ਆਦਮੀ ਦੁਖਾਂ ਵਿਚ ਪਿਆ ਹੋਇਆ ਹੈ, ਦੁਖਾਂ ਦਾ ਖਾਤਮਾ ਕਰਨ ਵਾਸਤੇ ਮਹਾਰਾਜ ਨੇ ਇਹ ਇਲਾਜ ਦੱਸਿਆ ਹੈ -

*ਧਾਰਨਾ - ਤੇਰੇ ਸਾਰਿਆਂ ਦੁਖਾਂ ਦੀ ਹੈ ਦਾਰੂ,*
*ਇਕੋ ਨਾਮ ਵਾਹਿਗੁਰੂ ਦਾ।*

ਜਿੰਨੇ ਵੀ ਸੰਸਾਰ ਵਿਚ ਦੁੱਖ ਹਨ ਇਨ੍ਹਾਂ ਸਾਰਿਆਂ ਦਾ ਇਲਾਜ ਪ੍ਰਮੇਸ਼ਰ ਦਾ ਨਾਮ ਹੈ। ਕਈ ਪ੍ਰੇਮੀਆਂ ਦਾ ਖਿਆਲ ਹੁੰਦਾ ਹੈ ਕਿ ਇਸ ਨੂੰ ਤਾਂ ਡਾਕਟਰ ਨਹੀਂ ਮੰਨਦੇ, ਇਹ ਕਿਸ ਤਰ੍ਹਾਂ ਹੋ ਸਕਦਾ ਹੈ। ਗੁਰੂ ਮਹਾਰਾਜ ਦਾ ਫੁਰਮਾਨ ਹੈ -

*ਸਰਬ ਰੋਗ ਕਾ ਅਉਖਦੁ ਨਾਮੁ॥* *ਪੰਨਾ - 274*

ਮੈਂ ਇਕ ਬੇਨਤੀ ਕਰਦਾ ਹਾਂ ਕਿ ਦੋ ਸਾਲ ਹੋਏ, ਇਕ ਬੀਬੀ ਸਾਡੇ ਕੋਲ ਆਈ, ਉਸ ਦੀਆਂ ਦੋਨੋਂ ਅੱਖਾਂ ਬੰਦ ਹੋ ਗਈਆਂ, ਬਹੁਤ ਥੋੜ੍ਹਾ-ਥੋੜ੍ਹਾ ਦਿਖਾਈ ਦਿੰਦਾ ਸੀ। ਡਾਕਟਰਾਂ ਨੇ ਕਿਹਾ ਕਿ ਅੱਖਾਂ ਦੀਆਂ ਨਾੜੀਆਂ ਪਿਚਕ ਗਈਆਂ ਹਨ, ਬਲੱਡ ਪਰੈਸ਼ਰ 240, ਬਲੱਡ ਸ਼ੂਗਰ ਵੀ 240 ਹੈ, ਜੇ ਉਹ ਓਪਰੇਸ਼ਨ ਕਰਾਵੇ ਤਾਂ ਸ਼ੂਗਰ ਕਰਕੇ ਉਸ ਦਾ ਜਖਮ ਰਾਜ਼ੀ ਨਹੀਂ ਸੀ ਹੁੰਦਾ, ਥੋੜ੍ਹਾ ਜ਼ਿਆਦਾ ਵਧ ਜਾਵੇ ਤਾਂ ਸਰੀਰ ਗਲ ਜਾਂਦਾ ਹੈ। ਗੁਰਦੇ ਵਿਚ ਪੱਥਰੀ ਸੀ। ਡਾਕਟਰਾਂ ਨੇ ਆਪਰੇਸ਼ਨ ਨਾ ਕੀਤਾ ਕਿਉਂਕਿ ਬਲੱਡ ਪਰੈਸ਼ਰ ਹਾਈ ਸੀ। ਡਾਕਟਰ ਕਹਿਣ ਲੱਗੇ, "ਬੀਬੀ! ਅਸੀਂ ਤੇਰਾ ਕੋਈ ਇਲਾਜ ਨਹੀਂ ਕਰ ਸਕਦੇ। ਮੈਡੀਕਲ ਸਾਇੰਸ ਇਲਾਜ ਨਹੀਂ ਕਰ ਸਕਦੀ, ਤੇਰੀਆਂ ਤਕਲੀਫਾਂ ਐਸੀਆਂ ਹਨ।" ਉਹ ਬੀਬੀ ਸਾਡੇ ਕੋਲ ਆਈ, ਅਸੀਂ ਕਿਹਾ, "ਬੀਬੀ! ਦੇਖ, ਤਪ ਕਰਨਾ ਪੈਣਾ ਹੈ, ਕਰ ਲਏਂਗੀ? ਸਾਡੇ ਕੋਲ ਤਾਂ ਮਹਾਰਾਜ ਜੀ ਦਾ ਇਹੀ ਸਿਧਾਂਤ ਹੈ ਕਿ ਜਿਤਨੇ ਵੀ ਦੁੱਖ ਹਨ, ਭਾਵੇਂ ਸਰੀਰਕ ਹਨ, ਭਾਵੇਂ ਮਾਨਸਿਕ; ਜੇਕਰ ਦਵਾਈ ਵੀ ਖਾਂਦਾ ਹੈ, ਦਵਾਈ ਲੱਗਣ ਲਗ ਜਾਂਦੀ ਹੈ -

***ਅਉਖਦ ਆਏ ਰਾਸਿ ਵਿਚਿ ਆਪਿ ਖਲੋਇਆ॥***
***ਪੰਨਾ - 1363***

ਤੂੰ ਰਤਵਾੜਾ ਸਾਹਿਬ ਬੈਠ ਕੇ ਇਕ ਸਾਲ ਤਪ ਕਰ, ਪ੍ਰਮੇਸ਼ਰ ਦਾ ਨਾਮ ਜਪ।" ਉਹ ਬੀਬੀ ਰਹਿ ਪਈ, ਉਸ ਨੂੰ ਪਾਠ ਦਸ ਦਿਤਾ ਸੀ, ਪਹਿਲੇ ਮਹੀਨੇ ਹੀ ਉਸ ਦਾ ਬਲੱਡ ਪਰੈਸ਼ਰ, ਬਲੱਡ ਸ਼ੂਗਰ ਠੀਕ ਨਾਰਮਲ ਹੋ ਗਈ; ਜਦੋਂ ਪੀ.ਜੀ.ਆਈ ਦਿਖਾਉਣ ਗਈ ਤਾਂ ਡਾਕਟਰ ਪੁੱਛਣ ਲੱਗੇ ਕਿ ਤੂੰ ਕਿਹੜੀ ਦਵਾਈ ਖਾਧੀ ਹੈ, ਜਿਹੜਾ ਐਨੀ ਛੇਤੀਂ ਰਾਜ਼ੀ ਹੋ ਗਈ? ਕਹਿਣ ਲੱਗੀ, "ਦਵਾਈ ਤਾਂ ਕੋਈ ਨਹੀਂ ਖਾਧੀ, ਉਥੇ ਕੜਾਹ ਪ੍ਰਸ਼ਾਦ ਰੋਜ਼ ਮਿਲਦਾ ਹੈ, ਲੱਡੂ ਜਲੇਬੀਆਂ ਵੀ ਮਿਲਦੇ ਰਹਿੰਦੇ ਹਨ।" ਡਾਕਟਰ ਹੈਰਾਨ ਹੋ ਗਿਆ। ਕੁਝ ਦਿਨ ਬਾਅਦ ਉਸਦੀ ਇਕ ਅੱਖ ਠੀਕ ਹੋ ਗਈ ਅਤੇ ਉਸ ਤੋਂ ਵੀਹ ਦਿਨ ਬਾਅਦ ਉਸਦੀ ਦੂਸਰੀ ਅੱਖ ਵੀ ਖੁਲ੍ਹ ਗਈ। ਅਸੀਂ ਉਸ ਨੂੰ ਕਿਹਾ ਸੀ ਕਿ ਤੂੰ ਇਥੇ ਸੋਲ੍ਹਾਂ ਮਹੀਨੇ ਰਹਿ ਪਰ ਕੁਝ ਘਰ ਦਾ ਮੋਹ ਜਾਗ ਪਿਆ, ਤੇ ਚੌਦਵੇਂ ਮਹੀਨੇ ਉਹ ਚਲੀ ਗਈ। ਮੈਨੂੰ ਪਿਛੋਂ ਪ੍ਰੇਮੀਆਂ ਨੇ ਦੱਸਿਆ ਕਿ ਬੀਬੀ ਦੀ ਐਨਕ ਦਾ ਨੰਬਰ ਸਾਢੇ ਤਿੰਨ ਸੀ। ਹੁਣ ਗੁਰੂ ਮਹਾਰਾਜ ਨੇ ਵਧੀਆਂ ਅੱਖਾਂ ਦੇ ਦਿਤੀਆਂ। ਡਾਕਟਰ ਇਨ੍ਹਾਂ ਗੱਲਾਂ ਨੂੰ ਨਹੀਂ ਮੰਨਦੇ ਕਿ ਇਹ ਕਿਸ ਤਰ੍ਹਾਂ ਹੋ ਸਕਦਾ ਹੈ। ਇਕ ਬੀਬੀ ਹੋਰ ਆਈ ਕਿ ਡਾਕਟਰ ਸ਼ੂਗਰ ਕਰਕੇ ਮੇਰੀ ਬਾਂਹ ਕਟਣਾ ਚਾਹੁੰਦੇ ਹਨ। ਹੱਥ ਦਾ ਮਾਸ ਝੜ ਗਿਆ ਸੀ, ਨਹੁੰ ਝੜ ਗਏ ਸਨ; ਜਦੋਂ ਉਹਨੇ ਆਪਣੀ ਬਾਂਹ ਦਿਖਾਈ, ਦੇਖੀ ਨਹੀਂ ਸੀ ਜਾਂਦੀ। ਪਰ ਜਦੋਂ ਥੋੜ੍ਹੀ ਥੋੜ੍ਹੀ ਸੇਵਾ ਕਰਨ ਲਗ ਪਈ ਤਾਂ ਵੀਹ ਦਿਨ ਬਾਅਦ ਉਸਦੀ ਬਾਂਹ ਵਿਚ ਮਾਸ ਭਰ ਗਿਆ, ਦੋ ਚਾਰ ਮਹੀਨੇ ਬਾਅਦ ਬਾਂਹ ਠੀਕ ਹੋ ਗਈ, ਪਹਿਲੀ ਬਾਂਹ ਨਾਲੋਂ ਦੂਜੀ ਬਾਂਹ ਜ਼ਿਆਦਾ ਸੋਹਣੀ ਬਣ ਗਈ। ਡਾਕਟਰ ਮੰਨਣ ਜਾਂ ਨਾ ਮੰਨਣ ਪਰ ਬਾਣੀ ਦਾ ਫੁਰਮਾਨ ਹੈ -

***ਸਰਬ ਰੋਗ ਕਾ ਅਉਖਦੁ ਨਾਮੁ॥*** ***ਪੰਨਾ - 274***

ਨਾਮ ਪਰੀਪੂਰਨ ਸ਼ਕਤੀ ਹੈ, ਤੁਹਾਡੇ ਅੰਦਰ ਵੀ ਹੈ, ਬਾਹਰ ਵੀ ਹੈ -

***ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ॥***
***ਦੇਹੀ ਮਹਿ ਇਸ ਕਾ ਬਿਸ੍ਰਾਮੁ॥***
***ਸੁੰਨ ਸਮਾਧਿ ਅਨਹਤ ਤਹ ਨਾਦ॥***
***ਕਹਨੁ ਨ ਜਾਈ ਅਚਰਜ ਬਿਸਮਾਦ॥*** ***ਪੰਨਾ - 293***

ਸੋ ਗੁਰੂ ਮਹਾਰਾਜ ਸਾਨੂੰ ਨਾਮ ਵਲ ਲਾਉਂਦੇ ਹਨ ਕਿ ਸਾਡੇ ਦੁਖਾਂ ਦਾ ਖਾਤਮਾ ਹੋ ਜਾਵੇ। ਦੂਜੀ ਹੈ ਸੇਵਾ ਜੋ ਇਸ ਕਰਕੇ ਹੋਈ ਹੈ ਕਿ ਕਲਜੁੱਗ ਦਾ ਜ਼ਮਾਨਾ ਹੈ, ਅਸੀਂ ਵੱਡੇ-ਵੱਡੇ ਸਾਧਨ ਨਹੀਂ ਕਰ ਸਕਦੇ, ਪ੍ਰਾਣਾਯਾਮ ਨਹੀਂ ਕਰ ਸਕਦੇ, ਖੂਹਾਂ ਵਿਚ ਨਹੀਂ ਲਟਕ ਸਕਦੇ, ਧੂਣੀਆਂ ਨਹੀਂ ਤਾਪ ਸਕਦੇ। ਬਾਲ ਬੱਚੇ ਪਾਲਣੇ ਹਨ ਕਿਉਂਕਿ ਜ਼ਿੰਮੇਵਾਰੀਆਂ ਸਾਡੇ ਸਿਰ ਤੇ ਹਨ, ਇਸ ਲਈ ਗੁਰੂ ਮਹਾਰਾਜ ਨੇ ਸਾਰਿਆਂ ਤੋਂ ਸੁਖਾਲਾ ਰਸਤਾ ਸੇਵਾ ਦਾ ਪਰਵਾਨ ਕੀਤਾ ਹੈ। ਸੇਵਾ ਦਾ ਫਲ ਇਸ ਤਰ੍ਹਾਂ ਹੈ ਕਿ ਇਕ ਸਾਧੂ ਤਿੰਨ ਮਹੀਨੇ ਬੈਠ ਕੇ ਧੂਣੀਆਂ ਤਾਪੀ ਜਾਵੇ, ਸਾਰੀਆਂ ਗਰਮੀਆਂ ਧੂਣੀਆਂ ਲਾਈ ਜਾਵੇ, ਉਹਦੀ ਵਾਹ ਵਾਹ ਵਾਹ ਵਾਹ ਹੋਈ ਜਾਵੇਗੀ। ਦੂਜੇ ਪਾਸੇ ਇਕ ਬੀਬੀ, ਆਈਆਂ ਸੰਗਤਾਂ ਵਾਸਤੇ ਜੇਠ ਦੇ ਮਹੀਨੇ ਵਿਚ ਬੈਠ ਕੇ ਪ੍ਰਸ਼ਾਦੇ ਲਾਹ ਦੇਵੇ, ਉਹਨੂੰ ਧੂਣੀਆਂ ਤਾਪਣ ਨਾਲੋਂ ਵੀ ਵੱਡਾ ਫਲ ਪ੍ਰਾਪਤ ਹੋਏਗਾ; ਧੂਣੀਆਂ ਵਾਲੇ ਨੂੰ ਤਾਂ ਕ੍ਰੋਧ ਆਏਗਾ, ਇਹਦੇ ਵਿਚ ਬਰਕਤ ਆਏਗੀ। ਸੋ ਸੇਵਾ ਕਰਨ ਵਾਲਿਆਂ ਦਾ ਹਮੇਸ਼ਾ ਹੀ ਮਾਣ ਹੁੰਦਾ ਹੈ - ਇਥੇ ਵੀ ਤੇ ਦਰਗਾਹ ਵਿਚ ਜਾ ਕੇ ਵੀ।

ਬਹੁਤ ਦੁਨੀਆਂ ਕਬਰਾਂ ਨੂੰ ਮੰਨਦੀ ਹੈ ਪਰ ਪਤਾ ਨਹੀਂ ਲੋਕ ਐਸਾ ਕਿਉਂ ਮੰਨਦੇ ਹਨ; ਜਦੋਂ ਜਿਉਂਦਾ ਕੁਝ ਨਹੀਂ ਦੇ ਸਕਦਾ, ਮਰ ਕੇ ਕੀ ਦੇਵੇਗਾ? ਜੇ ਕਬਰ ਵਿਚ ਇਤਨੀ ਤਾਕਤ ਹੈ ਤਾਂ ਗੁਰੂ ਨਾਨਕ ਸਾਹਿਬ ਕਿਥੇ ਚਲੇ ਗਏ? ਗੁਰੂ ਕਿਥੇ ਚਲੇ ਗਏ? ਗੁਰੂ ਨਾਨਕ ਸਭ ਤੋਂ ਵੱਡਾ ਹੈ -

***ਸਭ ਤੇ ਵੱਡਾ ਸਤਿਗੁਰ ਨਾਨਕ ਜਿਨ***
***ਕਲਿ ਰਾਖੀ ਮੇਰੀ।***

ਭਾਈ ਤੀਰਥੇ ਨੂੰ ਗਲਤ ਵਿਸ਼ਵਾਸ਼ ਸੀ। ਨਾ ਪਤਾ ਹੋਣ ਕਰਕੇ ਖੇਡ ਵੀ ਪਾਉਂਦਾ ਸੀ, ਸੰਗ ਲੈ ਕੇ ਜਾਇਆ ਕਰਦਾ ਸੀ ਪਰ ਚਿੱਤ ਵਿਚ ਕੋਈ ਐਸੇ ਸੰਸਕਾਰ ਪੈਦਾ ਹੁੰਦੇ ਸਨ ਕਿ ਮਨਾਂ! ਸ਼ਾਂਤੀ ਤਾਂ ਕੋਈ ਆਈ ਨਹੀਂ। ਐਵੇਂ ਲੋਹੇ ਨਾਲ ਪਿੱਠ ਕੁੱਟੀ ਜਾਂਦਾ ਸੀ, ਲੋਕ ਵਾਹ ਵਾਹ ਵਾਹ ਵਾਹ ਕਰੀ ਜਾਂਦੇ ਸੀ ਪਰ ਗੱਲ ਤਾਂ ਕੋਈ ਬਣਦੀ ਨਹੀਂ ਸੀ। ਉਹਦੇ ਹਿਰਦੇ ਵਿਚੋਂ ਪੁਰਾਣੇ ਸੰਸਕਾਰ ਬਾਹਰ ਆਉਣ ਦਾ ਯਤਨ ਕਰਦੇ ਸੀ। ਜਿਸ ਤਰ੍ਹਾਂ ਅਸੀਂ ਖੇਤ ਵਿਚ ਬੀਜ ਪਾਇਆ ਹੋਵੇ, ਸਹੀ ਗਿੱਲ ਮਿਲ ਜਾਵੇ, ਉਸ ਵੇਲੇ ਬੀਜ ਹੇਠੋਂ ਹੀ ਆਪਣਾ ਜ਼ੋਰ ਲਾਉਂਦਾ ਹੈ ਕਿ ਮੈਂ ਧਰਤੀ ਤੋਂ ਬਾਹਰ ਨਿਕਲ ਜਾਵਾਂ। ਸੋ ਇਸ ਤਰ੍ਹਾਂ ਅਸੀਂ ਪਿਛਲੇ ਜਨਮ ਵਿਚ ਚੰਗੇ ਕਰਮ ਕੀਤੇ ਹੋਣ ਉਹ ਫਲ ਦੇਣ ਨੂੰ ਤਿਆਰ ਹੁੰਦੇ ਹਨ, ਅੰਦਰੋਂ ਅੰਦਰ ਹੀ ਜ਼ੋਰ ਲਗਦਾ ਹੈ, ਸ਼ੁਭ ਖਿਆਲ ਆਉਣੇ ਸ਼ੁਰੂ ਹੋ ਜਾਂਦੇ ਹਨ। ਦੋ ਕਿਸਮ ਦੇ ਖਿਆਲ ਹੁੰਦੇ ਹਨ - ਇਕ ਮਾੜੇ ਤੇ ਇਕ ਚੰਗੇ। ਬਹੁਤੇ ਪਾਪ ਬੀਜੇ ਹੋਣ ਤਾਂ ਮਾੜੇ ਖਿਆਲ ਆਉਂਦੇ ਹਨ, ਪੁੰਨ ਬੀਜੇ ਹੋਣ ਤਾਂ ਚੰਗੇ ਖਿਆਲ ਆਉਂਦੇ ਹਨ, ਲੇਕਿਨ ਆਦਮੀ ਆਪਣੇ ਆਪ ਕੁਝ ਨਹੀਂ ਕਰ ਸਕਦਾ। ਅੰਦਰ ਸ਼ੌਕ ਸੀ, ਲਗਨ ਸੀ, ਏਸੇ ਕਰਕੇ ਪੰਜਵੇਂ ਪਾਤਸ਼ਾਹ ਕੋਲੋਂ ਨਾਮ ਦੀ ਦਾਤ ਮੰਗ ਰਿਹਾ ਸੀ। ਸੋਚਦਾ ਰਿਹਾ ਕਿ ਗੁਰੂ ਸਾਹਿਬ ਕੋਲ ਇਤਨੀ ਦੁਨੀਆਂ ਕਿਉਂ ਆਉਂਦੀ ਹੈ? ਉਸ ਸਮੇਂ ਗੁਰੂ ਜੀ ਨੇ ਐਸੇ ਬਚਨਾਂ ਦਾ ਉਚਾਰਨ ਕੀਤਾ -

*ਧਾਰਨਾ – ਜਿਹੜੀ ਦੇਹੀ ਨੂੰ ਲੋਚਦੇ ਦੇਵਤੇ,*
*ਓਹ ਦੇਹੀ ਤੈਨੂੰ ਮਿਲ ਗਈ-2.*
*ਪਿਆਰਿਆ, ਪਿਆਰਿਆ*
*ਓਹ ਦੇਹੀ ਤੈਨੂੰ ਮਿਲ ਗਈ -2, 2.*
*ਜਿਹੜੀ ਦੇਹੀ ਨੂੰ ਲੋਚਦੇ ਦੇਵਤੇ .......-2.*

***ਗੁਰ ਸੇਵਾ ਤੇ ਭਗਤਿ ਕਮਾਈ॥***
***ਤਬ ਇਹ ਮਾਨਸ ਦੇਹੀ ਪਾਈ॥***
***ਇਸ ਦੇਹੀ ਕਉ ਸਿਮਰਹਿ ਦੇਵ॥***
***ਸੋ ਦੇਹੀ ਭਜੁ ਹਰਿ ਕੀ ਸੇਵ॥***
***ਭਜਹੁ ਗੋੁਬਿੰਦ ਭੂਲਿ ਮਤ ਜਾਹੁ॥***
***ਮਾਨਸ ਜਨਮ ਕਾ ਏਹੀ ਲਾਹੁ॥*** ***ਪੰਨਾ – 1159***

ਗੁਰੂ ਮਹਾਰਾਜ ਨੇ ਵਿਸਥਾਰ ਨਾਲ ਸਮਝਾਉਣ ਦਾ ਯਤਨ ਕੀਤਾ ਕਿ ਉਹ ਦੇਹੀ ਜਿਸਨੂੰ ਸਵਰਗਾਂ ਵਿਚ ਬੈਠੇ ਦੇਵਤੇ ਲੋਚ ਰਹੇ ਹਨ ਕਿ ਕਦੋਂ ਸਾਡਾ ਸਵਰਗ ਖਤਮ ਹੋਵੇ ਤੇ ਕਦੋਂ ਅਸੀਂ ਮਨੁੱਖ ਬਣੀਏ, ਮਨੁੱਖ ਬਣ ਕੇ ਗੁਰੂ ਧਾਰਨ ਕਰਕੇ ਨਾਮ ਜਪੀ – ਕਰਮ, ਉਪਾਸਨਾ, ਗਿਆਨ, ਵਿਗਿਆਨ, ਚਾਰ ਅਵਸਥਾਵਾਂ ਵਿਚੋਂ ਲੰਘ ਕੇ ਪਰਮ ਸੁਖ ਨੂੰ ਪ੍ਰਾਪਤ ਕਰੀਏ। ਗੁਰੂ ਮਹਾਰਾਜ ਨੇ ਬਹੁਤ ਵਿਸਥਾਰ ਨਾਲ ਸੰਗਤ ਨੂੰ ਸਮਝਾਉਣਾ ਕੀਤਾ। ਸੋ ਭਾਈ ਤੀਰਥਾ (ਮੰਝ) ਜੋ ਕੋਲ ਬੈਠਾ ਸੀ, ਸੋਚਣ ਲੱਗ ਪਿਆ ਕਿ ਕੀ ਮਨੁੱਖਾ ਦੇਹੀ ਇਸ ਵਾਸਤੇ ਮਿਲੀ ਹੈ –

***ਭਜਹੁ ਗੋੁਬਿੰਦ ਭੂਲਿ ਮਤ ਜਾਹੁ॥***
***ਮਾਨਸ ਜਨਮ ਕਾ ਏਹੀ ਲਾਹੁ॥*** ***ਪੰਨਾ – 1159***

ਗੋਬਿੰਦ ਨੂੰ ਯਾਦ ਕਰੋ, ਹਰੀ ਦਾ ਜਸ ਕਰੋ, ਮਹਾਰਾਜ ਕਹਿੰਦੇ, ਦੇਖਿਓ ਕਿਤੇ ਉਹਨੂੰ ਭੁਲ ਨਾ ਜਾਇਓ, ਮਾਨਸ ਜਨਮ ਦਾ ਏਹੀ ਲਾਹਾ ਹੈ, ਕਿਧਰੇ ਪੈਸੇ ਇਕੱਠੇ ਕਰਨ ਵਿਚ ਹੀ ਜੀਵਨ ਨਾ ਬਿਤਾ ਦੇਣਾ। ਤੁਸੀਂ ਦੁਨੀਆਂਦਾਰੀ ਵਿਚ ਆਪਣੇ ਆਪ ਨੂੰ ਉੱਚਾ ਪਹੁੰਚਾਉਣ ਦਾ ਯਤਨ ਕਰਦੇ ਹੋ ਜੋ ਕਿ ਕਿਸੇ ਵੀ ਕੰਮ ਨਹੀਂ।

***ਭਈ ਪਰਾਪਤਿ ਮਾਨੁਖ ਦੇਹੁਰੀਆ॥***
***ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥***
***ਅਵਰਿ ਕਾਜ ਤੇਰੈ ਕਿਤੈ ਨ ਕਾਮ॥*** ***ਪੰਨਾ – 12***

ਸਭ ਦੁਨਿਆਵੀ ਕੰਮ ਫਜ਼ੂਲ (worthless) ਹਨ, ਨਿਕੰਮੇ ਹਨ, ਕਿਧਰੇ ਕੰਮ ਨਹੀਂ ਆਉਣੀ।

***ਮਿਲੁ ਸਾਧਸੰਗਤਿ ਭਜੁ ਕੇਵਲ ਨਾਮ॥*** ***ਪੰਨਾ – 12***

ਸੰਤਾਂ ਦੀ ਸੰਗਤ ਕਰਕੇ ਕੇਵਲ ਨਾਮ ਜਪ –

***ਸਰੰਜਾਮਿ ਲਾਗੁ ਭਵਜਲ ਤਰਨ ਕੈ॥***
***ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ॥*** ***ਪੰਨਾ – 12***

ਮਾਇਆ ਦੇ ਪਿਆਰ ਵਿਚ ਤੇਰਾ ਜਨਮ ਬਿਰਥਾ ਜਾ ਰਿਹਾ ਹੈ; ਨਾ ਬੱਚਿਆਂ ਨੇ, ਨਾ ਜ਼ਮੀਨ ਨੇ, ਨਾ ਕੋਠੀਆਂ ਵਗੈਰਾ ਨੇ ਨਾਲ ਜਾਣਾ ਹੈ, ਇਹ ਤਾਂ ਤੇਰੀ ਪ੍ਰਾਲਬਧ ਹੈ ਜੋ ਵਰਤਣੀ ਹੀ ਵਰਤਣੀ ਹੈ, ਤੈਨੂੰ ਪਰਮੇਸ਼ਰ ਨੇ ਪ੍ਰਾਲਬਧ ਦੇ ਕੇ ਸੰਸਾਰ ਵਿਚ ਭੇਜਿਆ ਹੈ –

***ਨਕਿ ਨਥ ਖਸਮ ਹਥ ਕਿਰਤੁ ਧਕੇ ਦੇ॥***
***ਜਹਾ ਦਾਣੇ ਤਹਾਂ ਖਾਣੇ ਨਾਨਕਾ ਸਚੁ ਹੇ॥***
***ਪੰਨਾ – 653***

ਤੇਰਾ ਕੰਮ ਤਾਂ ਸੀ ਭਜਨ ਕਰਨਾ, ਪਰ ਤੂੰ ਸਾਰਾ ਸਮਾਂ ਵਿਅਰਥ ਗੁਆ ਦਿਤਾ –

***ਇਸੁ ਪਉੜੀ ਤੇ ਜੋ ਨਰੁ ਚੂਕੈ ਸੋ ਆਇ ਜਾਇ ਦੁਖੁ ਪਾਇਦਾ॥***
***ਪੰਨਾ – 1075***

ਬੰਦਾ ਮੁੜ ਕੇ ਚੁਰਾਸੀ ਦੇ ਚੱਕਰ ਵਿਚ ਫੇਰ ਪੈ ਜਾਂਦਾ ਹੈ। ਭਾਈ ਤੀਰਥਾ ਸਭ ਕੁਝ ਬੜੇ ਧਿਆਨ ਨਾਲ ਸਰਵਣ ਕਰ ਰਿਹਾ ਸੀ –

***ਜਬ ਲਗੁ ਜਰਾ ਰੋਗੁ ਨਹੀ ਆਇਆ॥***
***ਜਬ ਲਗੁ ਕਾਲਿ ਗ੍ਰਸੀ ਨਹੀ ਕਾਇਆ॥***
***ਜਬ ਲਗੁ ਬਿਕਲ ਭਈ ਨਹੀ ਬਾਨੀ॥***
***ਭਜਿ ਲੇਹਿ ਰੇ ਮਨ ਸਾਰਿਗਪਾਨੀ॥***
***ਅਬ ਨ ਭਜਸਿ ਭਜਸਿ ਕਬ ਭਾਈ॥***
***ਆਵੈ ਅੰਤ ਨ ਭਜਿਆ ਜਾਈ॥*** ***ਪੰਨਾ – 1159***

ਜੇਕਰ ਹੁਣ ਨਾਮ ਨਾ ਜਪਿਆ, ਫੇਰ ਦਸ ਕਦੋਂ ਜਪੇਂਗਾ? ਕਈ ਪ੍ਰੇਮੀਆਂ ਦਾ ਖਿਆਲ ਹੁੰਦਾ ਹੈ ਕਿ ਮੁੰਡੇ ਦਾ ਵਿਆਹ ਕਰ ਲਈਏ, ਫੇਰ ਨਾਮ ਜਪਾਂਗੇ; ਕੋਈ ਸੋਚਦਾ ਹੈ ਕਿ ਨੌਕਰੀ ਚਾਕਰੀ ਕਰ ਲਈਏ, ਫੇਰ ਜਪਾਂਗੇ; ਕੋਈ ਕਹਿੰਦਾ ਹੈ ਸਾਰੀਆਂ ਜੁੰਮੇਵਾਰੀਆਂ ਨਜਿੱਠ ਲਈਏ, ਫੇਰ ਜਪਾਂਗੇ। ਕੀ ਪਤਾ ਹੈ ਟਾਈਮ ਦਾ, ਕਦੋਂ ਕਾਲ ਗੁਲੇਲਾ ਮਾਰ ਦੇਵੇ–

***ਕਾਲੁ ਬਿਆਲੁ ਜਿਉ ਪਰਿਓ ਡੋਲੈ ਮੁਖੁ ਪਸਾਰੇ ਮੀਤ॥***
***ਆਜੁ ਕਾਲਿ ਫੁਨਿ ਤੋਹਿ ਗ੍ਰਸਿ ਹੈ ਸਮਝਿ ਰਾਖਉ ਚੀਤਿ॥***
***ਪੰਨਾ – 631***

ਪਤਾ ਨਹੀਂ ਕਦੋਂ ਗੁਲੇਲਾ ਵੱਜ ਜਾਏ। ਇਸ ਲਈ ਨਾਮ ਹੁਣੇ ਹੀ ਜਪਣਾ ਸ਼ੁਰੂ ਕਰ ਦੇਣਾ ਚਾਹੀਦਾ ਹੈ। ਭਾਈ ਤੀਰਥਾ ਉੱਤਮ ਜਗਿਆਸੂ ਸੀ। ਗੁਰੂ ਮਹਾਰਾਜ ਜੀ ਦੇ ਮੁਖਾਰਬਿੰਦ ਤੋਂ ਨਿਕਲ ਰਹੀ ਹਰ ਗੱਲ ਨੂੰ ਪੂਰੇ ਧਿਆਨ ਨਾਲ ਸੁਣ ਰਿਹਾ ਸੀ।

ਸੰਗਤ ਵਿਚ ਚਾਰ ਕਿਸਮ ਦੇ ਬੰਦੇ ਆਉਂਦੇ ਹਨ; ਇਕ ਤਾਂ ਉਹ ਹੁੰਦੇ ਹਨ ਜੋ ਸਿਰਫ ਸੁੰਘਣ ਵਾਸਤੇ ਆਉਂਦੇ ਹਨ ਕਿ ਇਹ ਕੀ ਬੋਲਦਾ ਹੈ, ਕਿਸ ਤਰ੍ਹਾਂ ਬੋਲਦਾ ਹੈ, ਕਿਸ ਤਰ੍ਹਾਂ ਦੀਆਂ ਮਿਸਾਲਾਂ ਦਿੰਦਾ ਹੈ। ਉਹ ਨਿਰਣਾ ਹੀ ਕਰਦਾ ਰਹਿੰਦਾ ਹੈ। ਗੁਰੂ ਦੇ ਬਚਨਾਂ ਨੂੰ ਹਿਰਦੇ ਵਿਚ ਧਾਰਨ ਕਰਨ ਦੀ ਰੁਚੀ ਨਹੀਂ ਹੁੰਦੀ। ਦੂਜੀ ਕਿਸਮ ਦੇ ਬੰਦੇ ਸੰਗਤ ਵਿਚ ਉਹ ਆਉਂਦੇ ਹਨ ਪਰ ਜਿਨ੍ਹਾਂ ਦਾ ਮਨ ਦੌੜਦਾ ਰਹਿੰਦਾ ਹੈ। ਥੋੜ੍ਹਾ ਸੁਖ ਵੀ ਪ੍ਰਾਪਤ ਕਰਦੇ ਹਨ, ਕੁਝ ਦੇਰ ਬਾਅਦ ਉਹਨਾਂ ਨੂੰ ਨੀਂਦ ਆਉਣ ਲਗ ਜਾਂਦੀ ਹੈ, ਉਨ੍ਹਾਂ ਦੇ ਪੱਲੇ ਕੁਝ ਨਹੀਂ ਪੈਂਦਾ। ਤੀਜੇ ਉਹ ਹੁੰਦੇ ਹਨ ਜੋ ਥੋੜ੍ਹੀ-ਥੋੜ੍ਹੀ ਦੇਰ ਬਾਅਦ ਮੱਥਾ ਟੇਕਣ ਵਾਲਿਆਂ ਨੂੰ ਦੇਖਦੇ ਹਨ, ਕਦੀ ਘੜੀ ਦੇਖਣ ਲੱਗ ਜਾਂਦੇ ਹਨ, ਆਪ ਵੀ ਉਖੜੇ ਹੁੰਦੇ ਹਨ, ਦੂਜਿਆਂ ਦੀ ਬਿਰਤੀ ਵੀ ਖਰਾਬ ਕਰਦੇ ਹਨ। ਚੌਥੇ ਉਹ ਆਉਂਦੇ ਹਨ ਜਿਹੜੇ ਸੋਚਦੇ ਹਨ ਕਿ ਏਸੇ ਜਨਮ ਵਿਚ ਹੀ ਪਰਮੇਸ਼ਰ ਨੂੰ ਮਿਲਣਾ ਹੈ। ਕੀ ਏਸ ਸਤਸੰਗ ਵਿਚ ਕੋਈ ਐਸੀ ਗੱਲ ਹੈ ਜਿਥੋਂ ਮੈਨੂੰ ਕੋਈ ਰਾਹ ਲਭ ਜਾਏਗਾ? ਕੀ ਮੈਂ ਕਿਸੇ ਕਿਨਾਰੇ ਵੀ ਲਗ ਜਾਵਾਂਗਾ?

ਉਹ ਭਾਗਾਂ ਵਾਲੇ ਉਤਮ ਜਗਿਆਸੂ ਹੁੰਦੇ ਹਨ, ਜਿਨ੍ਹਾਂ ਨੇ ਸ਼ੁਭ ਕਰਮ ਕੀਤੇ ਹੋਏ ਹੁੰਦੇ ਹਨ। ਉਨ੍ਹਾਂ ਨੂੰ ਐਸੀ ਸੰਗਤ ਪ੍ਰਾਪਤ ਹੁੰਦੀ ਹੈ–

***ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖੁ ਰਸਿਕ ਬੈਰਾਗੀ॥***
***ਮਿਟਿਓ ਅੰਧੇਰੁ ਮਿਲਤ ਹਰਿ ਨਾਨਕ ਜਨਮ ਜਨਮ ਕੀ ਸੋਈ ਜਾਗੀ॥***

***ਪੰਨਾ – 204***

ਗੁਰੂ ਮਹਾਰਾਜ ਨੇ ਦੀਵਾਨ ਦੀ ਸਮਾਪਤੀ ਕੀਤੀ ਤੇ ਸੰਗਤਾਂ ਦੀਆਂ ਅਰਜੋਈਆਂ ਸੁਣਨੀਆਂ ਸ਼ੁਰੂ ਕਰ ਦਿਤੀਆਂ। ਭਾਈ ਤੀਰਥਾ ਬਹੁਤ ਗਹਿਰੇ ਖਿਆਲਾਂ ਵਿਚ ਚਲਾ ਗਿਆ, ਨੇਤਰਾਂ ਵਿਚੋਂ ਜਲ ਜਾ ਰਿਹਾ ਹੈ, ਪੂਰੇ ਜੋਰ ਨਾਲ ਬਾਣ ਲਗਿਆ ਕਿਉਂਕਿ ਭਰੀ ਹੋਈ ਰਾਈਫਲ ਸੀ। ਗੋਲੀਆਂ ਤੋਂ ਬਗੈਰ ਤਾਂ ਅਸਰ ਨਹੀਂ ਹੁੰਦਾ, ਭੜਾਕਾ ਓਨਾਂ ਹੀ ਹੁੰਦਾ ਹੈ ਪਰ ਅਸਰ ਨਹੀਂ ਹੁੰਦਾ। ਜਿਸਦੇ ਅੰਦਰ ਪਰਮੇਸ਼ਰ ਨੂੰ ਮਿਲਣ ਦੀ ਲਗਨ ਹੈ, ਬਾਤ ਸੁਣਦੇ ਸਾਰ ਉਹਦੇ ਅੰਦਰ ਚਲੀ ਜਾਂਦੀ ਹੈ। ਗੁਰੂ ਮਹਾਰਾਜ ਦੇ ਬਚਨ ਇਹਦੇ ਅੰਦਰ ਘਾਵ ਕਰ ਗਏ। ਸੋਚੀ ਜਾਂਦਾ ਹੈ ਕਿ ਮਨਾ ਤੂੰ ਤਾਂ ਜਨਮ ਬਰਬਾਦ ਕਰ ਲਿਆ ਹੈ। ਕਬਰਾਂ ਤੇ ਮਥੇ ਟੇਕੀ ਜਾਂਦਾ ਹੈਂ, ਹਾਲੀ ਤਕ ਮਿਲਿਆ ਤਾਂ ਕੁਝ ਵੀ ਨਹੀਂ। ਖੈਰ, ਸੱਚੇ ਪਾਤਸ਼ਾਹ ਇਹ ਨਾਮ ਦੀ ਗੱਲ ਕਰਦੇ ਹਨ, ਇਹ ਨਾਮ ਕਿਥੋਂ ਮਿਲਦਾ ਹੈ? ਸੋ ਭਾਈ ਤੀਰਥਾ, ਗੁਰਸਿੱਖ ਪ੍ਰੇਮੀ ਕੋਲੋਂ ਪੁਛਦਾ ਹੈ ਕਿ ਮੈਨੂੰ ਕੁਛ–ਕੁਛ ਸਮਝ ਤਾਂ ਆਈ ਹੈ; ਮੈਂ ਪਹਿਲੇ ਦਿਨ ਹੀ ਸੰਗਤ ਵਿਚ ਆਇਆ ਹਾਂ ਪਰ ਮੈਨੂੰ ਇਹ ਤਾਂ ਦੱਸ ਕਿ ਨਾਮ ਕਿਥੋਂ ਮਿਲਦਾ ਹੈ? ਉਹ ਕਹਿਣ ਲੱਗਾ, "ਪ੍ਰੇਮੀਆਂ! ਤੂੰ ਨਵਾਂ ਆਇਆ ਹੈਂ, ਮੈਂ ਤੈਨੂੰ ਦਸਦਾ ਹਾਂ –

***ਜਿਸੁ ਵਖਰ ਕਉ ਲੈਨਿ ਤੂ ਆਇਆ॥***
***ਰਾਮ ਨਾਮੁ ਸੰਤਨ ਘਰਿ ਪਾਇਆ॥ ਪੰਨਾ – 283***

ਤੇ ਨਾਮ ਪ੍ਰਾਪਤੀ ਲਈ ਮੁੱਲ ਕੀ ਦੇਣਾ ਪੈਂਦਾ ਹੈ? ਕਹਿਣ ਲਗਾ –

***ਤਜਿ ਅਭਿਮਾਨੁ ਲੇਹੁ ਮਨੁ ਮੋਲਿ॥ ਪੰਨਾ – 283***

ਤੂੰ ਆਪਣਾ ਅਭਿਮਾਨ ਛੱਡ ਦੇ –

***ਲਾਦਿ ਖੇਪ ਸੰਤਹ ਸੰਗਿ ਚਾਲੁ॥***
***ਅਵਰ ਤਿਆਗਿ ਬਿਖਿਆ ਜੰਜਾਲ॥***
***ਧੰਨਿ ਧੰਨਿ ਕਹੈ ਸਭੁ ਕੋਇ॥***
***ਮੁਖ ਊਜਲ ਹਰਿ ਦਰਗਹ ਸੋਇ॥ ਪੰਨਾ – 283***

ਕਹਿਣ ਲੱਗੇ ਪ੍ਰੇਮੀਆਂ ਜਿਥੇ ਤੂੰ ਬੈਠਾ ਹੈਂ –

***ਨਾਨਕ ਕੈ ਘਰਿ ਕੇਵਲ ਨਾਮੁ॥ ਪੰਨਾ – 1136***

ਇਥੇ ਤਾਂ ਨਾਮ ਹੀ ਨਾਮ ਹੈ, ਕਰ ਲੈ ਬੇਨਤੀ ਸਤਿਗੁਰਾਂ ਦੇ ਪਾਸ। ਗਲ ਵਿਚ ਪੱਲਾ ਪਾ ਲਿਆ, ਗੁਰੂ ਮਹਾਰਾਜ ਦੇ ਪਾਸ ਆ ਕੇ ਖੜ੍ਹਾ ਹੋ ਗਿਆ। ਗੁਰੂ ਜੀ ਨੇ ਪੁਛਿਆ, "ਭਾਈ ਕਿਥੋਂ ਆਇਆ ਹੈਂ?" ਕਹਿਣ ਲੱਗਾ, "ਸੱਚੇ ਪਾਤਸ਼ਾਹ! ਮੇਰੇ ਪਿਛਲੇ ਕੋਈ ਕਰਮ ਜਾਗ ਪਏ, ਮੇਰੀ ਸੁੱਤੀ ਹੋਈ ਕਿਸਮਤ ਜਾਗ ਪਈ। ਮੈਂ ਤਾਂ ਇਕ ਸਰਵਰੀਆ ਹਾਂ, ਸੰਗ ਲੈ ਕੇ ਜਾ ਰਿਹਾ ਹਾਂ ਅਤੇ ਇਲਾਕੇ ਦਾ ਚੌਧਰੀ ਹਾਂ। ਜਾਂਦੇ ਜਾਂਦੇ ਮੈਂ ਆਪ ਜੀ ਦੇ ਮੁਖਾਰਬਿੰਦ ਤੋਂ ਜੋ ਗੱਲ ਸੁਣੀ ਉਹ ਮੈਂ ਕਦੀ ਵੀ ਪਹਿਲਾਂ ਨਹੀਂ ਸੀ ਸੁਣੀ। ਮੇਰਾ ਪਹਿਲਾ ਜਨਮ ਤਾਂ ਸਾਰਾ ਹੀ ਬਿਰਥਾ ਚਲਾ ਗਿਆ। ਪਾਤਸ਼ਾਹ! ਮੈਂ ਤਾਂ ਨਾਮ ਦਾ ਗਾਹਕ ਹਾਂ, ਮੈਨੂੰ ਨਾਮ ਦੇ ਦਿਓ। ਮਹਾਰਾਜ ਕਹਿਣ ਲੱਗੇ, "ਬਲਿਹਾਰ, ਬਲਿਹਾਰ।" ਨਾਮ ਦਾ ਗਾਹਕ ਤਾਂ ਤੂੰ ਠੀਕ ਹੈਂ, ਪਰ ਇਸ ਦੇ ਕੁਝ ਅਸੂਲ ਹਨ –

***ਵਿਣੁ ਗਾਹਕ ਗੁਣ ਵੇਚੀਐ ਤਉ ਗੁਣੁ ਸਹਘੋ ਜਾਇ।।***
***ਗੁਣ ਕਾ ਗਾਹਕ ਜੇ ਮਿਲੈ ਤਉ ਗੁਣੁ ਲਾਖ ਵਿਕਾਇ॥***

***ਪੰਨਾ – 1086***

ਨਾਮ ਦੀ ਕੀਮਤ ਬਹੁਤ ਵੱਡੀ ਹੈ, ਇਸ ਦੀ ਕੀਮਤ ਅੱਜ ਤਕ ਕੋਈ ਜਾਣ ਨਹੀਂ ਸਕਿਆ, ਇਹ ਅਮੁੱਲ ਵਸਤੂ ਹੈ –

***ਸਾਈ ਨਾਮੁ ਅਮੋਲੁ ਕੀਮ ਨਾ ਕੋਈ ਜਾਣਦੋ॥***

***ਪੰਨਾ – 81***

ਜਿਹੜੀ ਅਮੁਲ ਵਸਤੂ ਹੈ, ਇਹਦੀ ਕੀਮਤ ਕੋਈ ਨਹੀਂ ਜਾਣਦਾ, ਉਹ ਤਾਂ ਭਾਈ ਪ੍ਰੇਮੀਆਂ! ਜਿਥੇ ਪੂਰਾ ਗਾਹਕ ਮਿਲੇ, ਉਥੇ ਹੀ ਗਠੜੀ ਖੋਲ੍ਹੀ ਜਾਂਦੀ ਹੈ।" ਇਸ ਤਰ੍ਹਾਂ ਫੁਰਮਾਨ ਕੀਤਾ–

***ਧਾਰਨਾ – ਜਿਥੇ ਮਿਲੇ ਨਾ ਸੌਦਾਗਰ ਪੂਰਾ,***
***ਗੱਠੜੀ ਨਾ ਖੋਲ੍ਹੀਂ ਨਾਮ ਦੀ –2, 2.***
***ਮੇਰੇ ਪਿਆਰੇ ਗੱਠੜੀ***
***ਨਾ ਖੋਲ੍ਹੀਂ ਨਾਮ ਦੀ –2, 2.***
***ਜਿਥੇ ਮਿਲੇ ਨਾ ਸੌਦਾਗਰ ਪੂਰਾ .......–2.***

***ਰਾਮ ਪਦਾਰਥੁ ਪਾਇ ਕੈ ਕਬੀਰਾ ਗਾਂਠਿ ਨ ਖੋਲ॥***
***ਨਹੀ ਪਟਣੁ ਨਹੀ ਪਾਰਖੂ ਨਹੀ ਗਾਹਕੁ ਨਹੀ ਮੋਲੁ॥***

***ਪੰਨਾ – 1365***

ਬਹੁਤ ਕੀਮਤੀ ਪਦਾਰਥ, ਬੇਕਦਰਿਆਂ ਨੂੰ ਦੇਣ ਵਾਲੀ ਚੀਜ਼ ਨਹੀਂ ਹੈ। ਉਹ ਤਾਂ ਲੈ ਕੇ ਰੱਖ ਦਿੰਦੇ ਹਨ, ਉਹਦਾ ਕੋਈ ਫਾਇਦਾ ਨਹੀਂ ਹੁੰਦਾ।

ਇਕ ਦਿਨ ਮੇਰੇ ਕੋਲ ਇਕ ਬੰਦਾ ਆਇਆ, ਕਹਿਣ ਲੱਗਾ, "ਬਾਬਾ ਜੀ! ਮੈਂ ਬਹੁਤ ਦੁਖੀ ਹਾਂ।" ਬੀਬੀ ਵੀ ਕਹਿਣ ਲਗੀ, "ਸਾਡੇ ਵਰਗਾ ਸਾਰੇ ਸੰਸਾਰ ਤੇ ਕੋਈ ਦੁਖੀ ਨਹੀਂ ਹੈਣਾ, ਪਤਾ ਨਹੀਂ ਕਿੰਨੀਆਂ ਬਦ–ਰੂਹਾਂ (ਗਲਤ ਰੂਹਾਂ) ਸਾਡੇ ਉਤੇ ਹੱਲਾ ਕਰ ਰਹੀਆਂ ਹਨ। ਜਿਹੜੇ ਕੰਮ ਨੂੰ ਵੀ ਹੱਥ ਪਾਉਂਦੇ ਹਾਂ, ਕੰਮ ਵਿਗੜ ਜਾਂਦਾ ਹੈ।" ਮੈਂ ਪੁਛਿਆ, "ਭਾਈ! ਅਜੇ ਗੁਰੂ ਵਾਲੇ ਬਣੇ ਹੋ ਕਿ ਨਹੀਂ?" ਕਹਿਣ ਲੱਗੇ, "ਜੀ ਅਸੀਂ ਸਮਝ ਨਹੀਂ ਸਕੇ, ਆਪ ਦੀ ਗੱਲ ਨੂੰ।" ਮੈਂ ਪੁਛਿਆ, "ਤੁਸੀਂ ਅੰਮ੍ਰਿਤ ਛਕਿਆ ਹੈ ਜਾਂ ਨਹੀਂ?" ਕਹਿਣ ਲੱਗੇ, "ਜੀ ਅਸੀਂ ਅੰਮ੍ਰਿਤ ਤਾਂ ਛਕਿਆ ਸੀ।" ਮੈਂ ਕਿਹਾ, "ਫੇਰ ਪੰਜ ਪਿਆਰਿਆਂ ਨੇ ਤੁਹਾਨੂੰ ਨਾਮ ਦਿਤਾ ਹੋਵੇਗਾ।" ਕਹਿਣ ਲੱਗੇ, "ਉਹ ਤਾਂ ਸਾਨੂੰ ਪਤਾ ਨਹੀਂ ਕਿ ਕਿਹੜਾ ਨਾਮ ਦਿਤਾ ਹੈ।" ਮੈਂ ਕਿਹਾ, "ਮੂਲ ਮੰਤਰ ਦਸਿਆ ਹੋਵੇਗਾ।" ਕਹਿਣ ਲੱਗੇ, "ਸਾਡੇ ਤਾਂ ਯਾਦ ਨਹੀਂ।" ਮੈਂ ਕਿਹਾ, "ਭਾਈ ਬੜੀ ਕਮਾਲ ਦੀ ਗੱਲ ਹੈ। ਅੰਮ੍ਰਿਤ ਤੁਸੀਂ ਛਕ ਲਿਆ, ਜਿਸ ਚੀਜ਼ ਵਾਸਤੇ ਤੁਸੀਂ ਅੰਮ੍ਰਿਤ ਛਕਿਆ ਹੈ ਉਹ ਤੁਸੀਂ ਸਾਂਭ ਕੇ ਨਹੀਂ ਰੱਖੀ। ਅੰਮ੍ਰਿਤ ਐਵੇਂ ਤਾਂ ਨਹੀਂ ਹੈ – ਭੇਡਾਂ ਤੇ ਰੰਗ ਪਾਉਣ ਵਾਲੀ

ਚੀਜ਼। ਇਹ ਤਾਂ ਗੁਰੂ ਵਾਲੇ ਬਨਾਉਣ ਦੀ ਇਕ ਕਿਰਿਆ ਹੈ ਕਿਉਂਕਿ ਨਾਮ ਦੇਣਾ ਹੈ। ਪਹਿਲਾਂ ਭਾਂਡਾ ਸਾਫ ਹੋਣਾ ਚਾਹੀਦਾ ਹੈ। ਉਹਦੇ ਵਾਸਤੇ ਜਦੋਂ ਪੰਜ ਪਿਆਰੇ ਜਲ ਮੰਤਰ ਕੇ ਦਿੰਦੇ ਹਨ, ਉਦੋਂ ਭਾਂਡਾ ਸ਼ੁਧ ਹੋ ਜਾਂਦਾ ਹੈ, ਉਸ ਤੋਂ ਬਾਅਦ ਪੰਜ ਪਿਆਰੇ ਨਾਮ ਦੀ ਦਾਤ ਦੇਂਦੇ ਹਨ, ਇਕੱਠੇ ਹੋ ਕੇ ਕਹਿੰਦੇ ਹਨ – "ਬੋਲ ਵਾਹਿਗੁਰੂ, ਬੋਲ ਵਾਹਿਗੁਰੂ।" ਮੈਂ ਉਹਨਾਂ ਪ੍ਰੇਮੀਆਂ ਨੂੰ ਕਿਹਾ ਕਿ ਤੁਸੀਂ ਤਾਂ ਬਿਲਕੁਲ ਹੀ ਰਹਿ ਗਏ, ਅਸਲੀ ਤਾਂ ਨਾਮ ਹੈ ਜੋ ਅੰਮ੍ਰਿਤ ਛਕਣ ਤੋਂ ਬਾਅਦ ਮਿਲਦਾ ਹੈ, ਜਿਸਦੀ ਕਮਾਈ ਕਰਨੀ ਪੈਂਦੀ ਹੈ। ਦਰਅਸਲ ਬੇਕਦਰਿਆਂ ਦੇ ਹੱਥ ਇਹ ਚੀਜ਼ ਆਉਣ ਕਰਕੇ, ਏਹਦਾ ਪੂਰਾ ਫਾਇਦਾ ਨਹੀਂ ਉਠਾਇਆ ਜਾਂਦਾ।

ਪਹਿਲੇ ਸਮਿਆਂ ਵਿਚ ਇਸ ਤਰ੍ਹਾਂ ਨਹੀਂ ਸੀ ਹੁੰਦਾ। ਜਦੋਂ ਪੰਜ ਪਿਆਰੇ ਨਾਮ ਦਿੰਦੇ ਸੀ, ਜਗਿਆਸੂ ਵੀ ਪੂਰਾ ਹੁੰਦਾ ਸੀ। ਉਸ ਜਗਿਆਸੂ ਤੇ ਉਸੇ ਵਕਤ ਅਸਰ ਹੋ ਜਾਂਦਾ ਸੀ। ਫੇਰ ਜ਼ੁਬਾਨ ਰੁਕਦੀ ਨਹੀਂ ਸੀ। ਉਸੇ ਵੇਲੇ ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ ਹੋਣ ਲੱਗ ਜਾਂਦਾ ਸੀ। ਇਹਦੀਆਂ ਬਹੁਤ ਸਾਰੀਆਂ ਮਿਸਾਲਾਂ ਹਨ। ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ, ਜੋ ਕਿ ਨਾਰੰਗਵਾਲ, ਜ਼ਿਲਾ ਲੁਧਿਆਣਾ ਦੇ ਸਨ, ਲੁਧਿਆਣੇ ਦੇ ਖਾਲਸਾ ਸਕੂਲ ਦੇ ਦਸਵੀਂ ਕਲਾਸ ਦੇ ਵਿਦਿਆਰਥੀਆਂ ਨੂੰ ਅੰਮ੍ਰਿਤ ਛਕਾਉਣਾ ਸੀ। ਜਦੋਂ ਅੰਮ੍ਰਿਤ ਤਿਆਰ ਕੀਤਾ, ਓਦੋਂ ਤੁਹਾਡੇ ਬੀਜੀ ਦੇ ਪਿਤਾ ਜੀ ਪੰਜ ਪਿਆਰਿਆਂ ਵਿਚ ਸਨ। ਜਦੋਂ ਅੰਮ੍ਰਿਤ ਪਹਿਲੇ ਬੱਚੇ ਨੂੰ ਛਕਾਉਣ ਲੱਗੇ ਤਾਂ ਬਾਪੂ ਜੀ ਨੇ ਪੰਜ ਚੂਲੇ ਪਹਿਲਾਂ ਸੀਸ ਵਿਚ ਪਾਏ। ਜਦੋਂ ਨੇਤਰਾਂ ਵਿਚ ਨੇਤਰ ਪਾ ਕੇ ਚੂਲਾ ਦਿਤਾ, ਛਿੱਟਾ ਮਾਰਿਆ ਤੇ ਨਾਲ ਕਿਹਾ, 'ਬੋਲ ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ।' ਉਸ ਬੱਚੇ ਨੇ ਅਜੇ ਅੱਧਾ ਹੀ ਕਿਹਾ ਸੀ – 'ਵਾਹਿਗੁਰੂ ਜੀ ਕਾ ਖਾਲਸਾ', ਅਗੋਂ ਨਾ ਕਹਿ ਸਕਿਆ, ਉਸੇ ਵੇਲੇ ਸਮਾਧੀ ਵਿਚ ਚਲਾ ਗਿਆ। ਭਾਈ ਸਾਹਿਬ ਨੇ ਪੁਛਿਆ ਕਿ ਹੁਣ ਕੀ ਹੋਏਗਾ? ਬਾਪੂ ਜੀ ਕਹਿਣ ਲਗੇ, ਸਾਡੇ ਕੋਲੋਂ ਜਰਾ ਜ਼ੋਰ ਜ਼ਿਆਦਾ ਲੱਗ ਗਿਆ, ਤੇ ਕਿਹਾ ਕਿ ਹੁਣ ਇਹ ਬੱਚਾ 56 ਘੰਟੇ ਏਸੇ ਤਰ੍ਹਾਂ ਹੀ ਬੈਠੇਗਾ, 56 ਘੰਟੇ ਬਾਅਦ ਇਸਨੂੰ ਸੁਰਤ ਆਵੇਗੀ। ਸਾਰੇ ਬੱਚਿਆਂ ਨੂੰ ਅੰਮ੍ਰਿਤ ਛਕਾਉਣ ਤੋਂ ਬਾਅਦ ਅਖੰਡਪਾਠ ਸਾਹਿਬ ਰੱਖ ਦਿਤੇ ਅਤੇ 56 ਘੰਟੇ ਬਾਅਦ ਬੱਚਾ ਭਾਰ ਰਹਿਤ (weight-less) ਹੋ ਗਿਆ, ਧਰਤੀ ਤੋਂ ਉਪਰ ਉਠਣਾ ਸ਼ੁਰੂ ਹੋ ਗਿਆ। ਉਹ ਸੰਗਤ ਦੇ ਉਤੇ ਇਸ ਤਰ੍ਹਾਂ ਤੈਰਨ ਲੱਗ ਪਿਆ, ਜਿਸ ਤਰ੍ਹਾਂ ਮੱਛੀ ਪਾਣੀ ਵਿਚ ਤੈਰਦੀ ਹੈ। ਭਾਈ ਸਾਹਿਬ ਕਹਿਣ ਲੱਗੇ ਕਿ ਸਾਡੇ ਵਾਜਿਆਂ ਦੇ ਉਤੋਂ ਦੀ ਹੋ ਕੇ ਗੁਰੂ ਮਹਾਰਾਜ ਜੀ ਦੇ ਤਾਬਿਆਂ ਆ ਕੇ ਜਦੋਂ ਲੰਮਾ ਪਿਆ, ਤਾਂ ਫੇਰ ਬਾਪੂ ਜੀ ਉਠੇ ਤੇ ਭਾਈ ਸਾਹਿਬ ਨੂੰ ਕਹਿਣ ਲੱਗੇ ਕਿ ਹੁਣ ਤੁਸੀਂ ਲਾਵਾਂ ਦਾ ਕੀਰਤਨ ਸ਼ੁਰੂ ਕਰੋ, ਇਸ ਵੇਲੇ ਇਸ ਬੱਚੇ ਦੀ ਰੂਹ ਸਚਖੰਡ ਦੇ ਦਰ ਤੇ ਖੜ੍ਹੀ ਹੋ ਕੇ ਸੰਜੋਗ ਮੰਗ ਰਹੀ ਹੈ। ਉਸੇ ਵੇਲੇ ਭਾਈ ਸਾਹਿਬ ਨੇ ਲਾਵਾਂ ਦਾ ਕੀਰਤਨ ਸ਼ੁਰੂ ਕਰ ਦਿਤਾ। ਜਗਿਆਸੂ ਨੂੰ ਕਿਥੇ ਪਹੁੰਚਾ ਦਿਤਾ, ਕਿਉਂਕਿ ਨਾਮ ਦੀ ਕਮਾਈ ਕੀਤੀ ਹੋਈ ਸੀ।

ਪਰ ਸਾਨੂੰ ਪਤਾ ਨਹੀਂ ਲਗਦਾ। ਅਸੀਂ ਅੰਮ੍ਰਿਤ ਤਾਂ ਛਕ ਲੈਂਦੇ ਹਾਂ, ਨਾਮ ਲੈ ਲੈਂਦੇ ਹਾਂ, ਪਰ ਇਹ ਇਕ ਅਸੂਲ ਹੈ ਕਿ ਜਦੋਂ ਤੱਕ ਪੂਰਾ ਗਾਹਕ ਨਾ ਹੋਵੇ।

***ਕਬੀਰਾ ਏਕੁ ਅਚੰਭਉ ਦੇਖਿਓ ਹੀਰਾ ਹਾਟ ਬਿਕਾਇ॥***
***ਬਨਜਨਹਾਰੇ ਬਾਹਰਾ ਕਉਡੀ ਬਦਲੈ ਜਾਇ॥***

***ਪੰਨਾ – 1372***

ਹੀਰੇ ਕੌਡੀਆਂ ਦੇ ਭਾਅ ਚਲੇ ਜਾਂਦੇ ਹਨ, ਕਿਉਂਕਿ ਵਣਜਾਰਾ ਨਹੀਂ ਹੁੰਦਾ, ਗਾਹਕ ਨਹੀਂ ਹੈ; ਜੇ ਗਾਹਕ ਹੋਵੇ ਤਾਂ–

***ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ॥***
***ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ॥***

***ਪੰਨਾ – 1102***

ਸਾਰਿਆਂ ਦੇ ਚਰਨਾਂ ਦੀ ਧੂੜ ਬਣ ਜਾ ਅਤੇ ਆਪਣੇ ਆਪ ਨੂੰ ਕਹਿ –

***ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ॥***
***ਜਿਨਿ ਐਸਾ ਕਰਿ ਬੂਝਿਆ ਮੀਤੁ ਹਮਾਰਾ ਸੋਇ॥***

***ਪੰਨਾ – 1364***

ਜੇ ਆਪਣੇ ਵਿਚ 'ਮੈਂ' ਰਖੀ ਹੋਈ ਹੈ ਅਤੇ ਕਹਿਣ ਲੱਗ ਪਿਆ ਹੈਂ ਕਿ ਮੈਂ ਹੀ ਚੰਗਾ ਹਾਂ, ਪਰ ਮਾਰਨਾ ਤਾਂ 'ਮੈਂ' ਨੂੰ ਹੈ। ਗੁਰੂ ਮਹਾਰਾਜ ਕਹਿੰਦੇ ਪਹਿਲਾਂ ਮੈਂ ਨੂੰ ਮਾਰ, ਜਿਹੜੀ ਤੇਰੇ ਅੰਦਰ ਵਾਧੂ ਦੀ ਚੀਜ਼ ਹੈ ਜਿਸਨੇ ਤੈਨੂੰ ਰੱਬ ਨਾਲੋਂ ਤੋੜਿਆ ਹੈ। ਤੂੰ ਇਹ ਗੱਲ ਕਬੂਲ ਕਰ ਲੈ ਕਿ ਇਹ 'ਮੈਂ' ਸਚਮੁਚ ਮਰਨੀ ਚਾਹੀਦੀ ਹੈ। ਤੂੰ ਆਪਣੇ ਧੁਰ ਅੰਦਰ ਤੋਂ ਕਹਿ ਕਿ ਮਹਾਰਾਜ, ਇਸ 'ਮੈਂ' ਨੂੰ ਮਾਰ ਦਿਓ। ਫਿਰ ਗਾਹਕ ਬਣਦਾ ਹੈ।

ਇਸਨੂੰ ਖਤਮ ਕਰਨ ਵਾਸਤੇ ਪਹਿਲਾਂ ਤਾਂ ਆਪਣੇ ਅੰਦਰ ਪ੍ਰਤੀਤ ਲਿਆਉਣੀ ਪੈਂਦੀ ਹੈ। ਜਿਸ ਨੂੰ ਭਰੋਸਾ ਕਹਿੰਦੇ ਹਨ। ਜਦੋਂ ਤੱਕ ਭਰੋਸਾ ਨਾ ਹੋਵੇ, ਗੱਲ ਨਹੀਂ ਬਣਦੀ। ਧੰਨੇ ਨੂੰ ਭਰੋਸਾ ਸੀ, ਚਾਰ-ਪੰਜ ਘੰਟੇ ਬੈਠ ਕੇ ਰੱਬ ਨੂੰ ਰੋਟੀ ਖੁਆ ਦਿੱਤੀ, ***"ਮਿਲੇ ਪ੍ਰਤਖਿ ਗੁਸਾਈਆ ਧੰਨਾ ਵਡਭਾਗਾ॥"*** ਰੋਟੀ ਵੀ ਖੁਆ ਦਿਤੀ ਤੇ ਲੱਸੀ ਵੀ ਪਿਲਾ ਦਿੱਤੀ। ਕਿਉਂਕਿ ਮਨ ਵਿਚ ਪ੍ਰਤੀਤ ਸੀ। ਦੂਜਾ ਹੁੰਦਾ ਹੈ ਰਜ਼ਾਅ ਵਿਚ ਰਹਿਣਾ– ਭਾਵੇਂ ਸੁਖ ਆ ਜਾਵੇ, ਭਾਵੇਂ ਦੁਖ ਆ ਜਾਵੇ। ਕਈ ਕਹਿੰਦੇ ਹਨ ਕਿ ਜਦੋਂ ਤੋਂ ਅਸੀਂ ਬਾਣੀ ਪੜ੍ਹਨੀ ਸ਼ੁਰੂ ਕੀਤੀ ਹੈ, ਸਾਡੇ ਕੰਮ ਹੀ ਖਰਾਬ ਹੋਣ ਲੱਗ ਪਏ। ਭਾਈ! ਕਿਸਨੇ ਕਿਹਾ ਸੀ ਤੁਹਾਨੂੰ ਬਾਣੀ ਪੜ੍ਹਣ ਨੂੰ? ਜੇ ਤੁਹਾਡੇ ਵਿਚ ਰਜ਼ਾ ਵਿਚ ਰਹਿਣ ਦੀ ਸ਼ਕਤੀ ਨਹੀਂ ਹੈ ਜਾਂ ਤੁਸੀਂ ਗਲਤ ਹੋ ਗਏ, ਐਵੇਂ ਨਾ ਇਸ ਤਰ੍ਹਾਂ ਕਹੀ ਜਾਓ, ਇਹ ਤਾਂ ਤੁਹਾਡੇ ਮਾੜੇ ਕਰਮਾਂ ਦਾ ਫਲ ਮਿਲਦਾ ਰਿਹਾ ਹੈ। ਸੋ ਰਜ਼ਾ ਵਿਚ ਰਹਿਣਾ ਜ਼ਰੂਰੀ ਹੈ, ਭਾਵੇਂ ਦੁਖ ਆਵੇ, ਭਾਵੇਂ ਸੁਖ ਆਵੇ –

***ਕੇਤਿਆ ਦੂਖ ਭੂਖ ਸਦ ਮਾਰ॥***
***ਏਹਿ ਭਿ ਦਾਤਿ ਤੇਰੀ ਦਾਤਾਰ॥*** ***ਪੰਨਾ – 5***

ਦੁਖ ਤੇ ਸੁਖ ਨੂੰ ਸਮਾਨ ਸਮਝੇ –

***ਜੇ ਸੁਖੁ ਦੇਹਿ ਤ ਤੁਝਹਿ ਅਰਾਧੀ ਦੁਖਿ ਭੀ ਤੁਝੈ ਧਿਆਈ॥***
***ਜੇ ਭੁਖ ਦੇਹਿ ਤ ਇਤ ਹੀ ਰਾਜਾ ਦੁਖ ਵਿਚਿ ਸੂਖ ਮਨਾਈ॥***

***ਪੰਨਾ – 757***

ਗੁਰੂ ਪੰਜਵੇਂ ਪਾਤਸ਼ਾਹ ਨੂੰ ਇਕ ਗੁਰਸਿਖ ਕਹਿਣ ਲੱਗਾ,

"ਮਹਾਰਾਜ! ਐਸੇ ਗੁਰਸਿਖ ਦੇ ਦਰਸ਼ਨ ਤਾਂ ਕਰਾ ਦਿਓ।" ਗੁਰੂ ਮਹਾਰਾਜ ਨੇ ਕਿਹਾ ਕਿ ਤੂੰ ਗੁਜਰਾਤ ਚਲਾ ਜਾ - ਚਾਰ ਦਿਨ ਦੇ ਅੰਦਰ। ਉਥੇ ਇਕ ਭਾਈ ਭਿਖਾਰੀ ਨਾਮ ਦਾ ਗੁਰਸਿਖ ਰਹਿੰਦਾ ਹੈ। ਉਥੇ ਤੈਨੂੰ ਸਾਰੀ ਗੱਲ ਸਮਝ ਆ ਜਾਵੇਗੀ। ਸੋ ਗੁਰਸਿਖ ਗੁਜਰਾਤ ਪਹੁੰਚ ਜਾਂਦਾ ਹੈ। ਉਥੇ ਜਾ ਕੇ ਦੇਖਿਆ ਕਿ ਭਾਈ ਭਿਖਾਰੀ ਆਪਣੀ ਬੈਠਕ ਵਿਚ ਬੈਠ ਕੇ ਇਕ ਤਪੜ ਗੰਢ ਰਹੇ ਹਨ ਅਤੇ ਨਾਲ ਨਾਲ ਬਚਨ ਵੀ ਕਰੀ ਜਾ ਰਹੇ ਹਨ, ਨਾਲ ਨਾਲ ਆਪਣਾ ਕੰਮ ਵੀ ਕਰੀ ਜਾ ਰਹੇ ਹਨ। ਗੁਰਸਿਖ ਨੇ ਦੇਖਿਆ ਕਿ ਨਾਲ ਇਕ ਪੂਲਾ ਵੀ ਪਿਆ ਹੈ, ਇਕ ਘੜਾ ਵੀ ਪਿਆ ਹੈ, ਏਥੇ ਨਾਲ ਹੀ ਮਿਰਤਕ ਦਾ ਸਮਾਨ ਵੀ ਪਿਆ ਹੈ ਅਤੇ ਨਾਲ ਹੀ ਇਕ ਅਰਥੀ ਬਣੀ ਪਈ ਹੈ। ਇਸ ਗੁਰਸਿਖ ਨੇ ਉਸ ਵੇਲੇ ਨਹੀਂ ਪੁਛਿਆ ਕਿਉਂਕਿ ਦੂਜੇ ਦਿਨ ਭਾਈ ਭਿਖਾਰੀ ਦੇ ਲੜਕੇ ਦੀ ਸ਼ਾਦੀ ਸੀ। ਲੜਕੇ ਨੂੰ ਵਿਆਹੁਣ ਜਾਂਦੇ ਹਨ, ਇਹ ਗੁਰਸਿਖ ਵੀ ਨਾਲ ਚਲਾ ਗਿਆ। ਜਦੋਂ ਵਾਪਸ ਆਉਂਦੇ ਹਨ, ਮਾਤਾ ਦਰਵਾਜੇ ਤੇ ਪਾਣੀ ਵਾਰਨ ਵਾਸਤੇ ਖੜ੍ਹੀ ਹੈ, ਭੈਣਾਂ ਨੇ ਦਰਵਾਜ਼ਾ ਰੋਕਿਆ ਹੋਇਆ ਹੈ ਕਿ ਵੀਰ ਨੂੰ, ਤਾਂ ਲੰਘਣ ਦੇਣਾ ਹੈ ਜੇ ਪਹਿਲਾਂ ਸਾਡੀ ਮੰਗ ਪੂਰੀ ਕਰੇਗਾ। ਉਸ ਵੇਲੇ ਕੀ ਖਬਰ ਆਈ ਕਿ ਤੁਹਾਡਾ ਵੀਰ ਤਾਂ ਰਸਤੇ ਵਿਚ ਮਰ ਗਿਆ। ਮਾਂ ਨੂੰ ਖਬਰ ਆਈ ਕਿ ਰਸਤੇ ਵਿਚ ਤੇਰੇ ਪੁੱਤਰ ਦੇ ਢਿੱਡ ਵਿਚ ਸੂਲ ਉਠਿਆ ਤੇ ਉਹ ਮਰ ਗਿਆ। ਉਸ ਵੇਲੇ ਘਰ ਵਿਚ ਕੁਰਲਾਹਟ ਮਚ ਗਈ। ਉਸ ਵਕਤ ਭਾਈ ਭਿਖਾਰੀ ਨੇ ਤੱਪੜ ਲਿਆ ਕੇ ਵਿਛਾ ਦਿਤਾ ਤੇ ਕਹਿਣ ਲਗੇ, ਭਾਈ ਤੁਸੀਂ ਸਾਰੇ ਰਿਸ਼ਤੇਦਾਰ ਆਏ ਤਾਂ ਹੋਏ ਹੋ, ਹੁਣ ਇਸ ਤਪੜ ਤੇ ਬੈਠ ਜਾਵੋ, ਲੜਕੇ ਦਾ ਛੇਤੀਂ ਇਸ਼ਨਾਨ ਕਰਾਓ ਤਾਂਕਿ ਸਸਕਾਰ ਛੇਤੀਂ ਹੋ ਸਕੇ। ਜਦੋਂ ਸਸਕਾਰ ਕਰਕੇ ਵਾਪਿਸ ਆਏ ਤਾਂ ਭਾਈ ਭਿਖਾਰੀ ਕਹਿਣ ਲਗੇ, ਭਾਈ ਰਹਿਰਾਸ ਸਾਹਿਬ ਦਾ ਪਾਠ ਨਹੀਂ ਹੋਇਆ, ਚਲੋ ਬੈਠ ਕੇ ਪਹਿਲਾਂ ਪਾਠ ਕਰ ਲਈਏ। ਜੋ ਗੁਰਸਿਖ ਉਥੇ ਗਿਆ ਸੀ, ਉਹ ਦੇਖ ਕੇ ਹੈਰਾਨ ਹੋ ਰਿਹਾ ਸੀ ਕਿ ਭਾਈ ਭਿਖਾਰੀ ਕਿਹੜੀ ਮਿੱਟੀ ਦਾ ਬਣਿਆ ਹੋਇਆ ਹੈ। ਜਵਾਨ ਪੁੱਤਰ ਮਰ ਗਿਆ, ਨੂੰਹ ਘਰ ਵਿਚ ਆਈ ਹੈ, ਅਜੇ ਉਹਦਾ ਕੰਗਣਾ ਵੀ ਨਹੀਂ ਖੁੱਲ੍ਹਿਆ, ਪਰ ਭਾਈ ਭਿਖਾਰੀ ਦੇ ਮਨ ਤੇ ਕੋਈ ਅਸਰ ਨਹੀਂ ਹੈ। ਕਹਿਣ ਲਗਿਆ, "ਭਾਈ ਭਿਖਾਰੀ ਜੀ! ਤੁਹਾਨੂੰ ਪਤਾ ਸੀ ਕਿ ਤੁਹਾਡੇ ਪੁੱਤਰ ਨੇ ਚੜ੍ਹਾਈ ਕਰ ਜਾਣਾ ਹੈ?" ਕਹਿਣ ਲਗੇ, "ਹਾਂ।" "ਫੇਰ ਤੁਸੀਂ ਉਸਦਾ ਵਿਆਹ ਕਿਉਂ ਕੀਤਾ?" ਭਾਈ ਭਿਖਾਰੀ ਨੇ ਉਤਰ ਦਿੱਤਾ ਕਿ ਉਸਨੇ ਵਿਆਹ ਕਰਾ ਕੇ ਹੀ ਗੁਜ਼ਰਨਾ ਸੀ। ਕਹਿਣ ਲਗੇ ਫੇਰ ਤੁਸੀਂ ਗੁਰੂ ਮਹਾਰਾਜ ਤੋਂ ਉਸਦੀ ਉਮਰ ਮੰਗ ਲੈਂਦੇ। ਭਾਈ ਭਿਖਾਰੀ ਕਹਿਣ ਲਗੇ ਜੇਕਰ ਮੈਂ ਇਸਦੀ ਉਮਰ ਮੰਗ ਲੈਂਦਾ, ਇਸਨੇ ਫੇਰ ਵੀ ਜਾਣਾ ਸੀ। ਜੋ ਇਸ ਸੰਸਾਰ ਤੇ ਆਇਆ ਹੈ, ਉਸਨੇ ਜਾਣਾ ਹੀ ਜਾਣਾ ਹੈ; ਕੋਈ ਅੱਗੇ ਚਲਾ ਜਾਂਦਾ ਹੈ, ਕੋਈ ਪਿਛੇ ਚਲਾ ਜਾਂਦਾ ਹੈ। ਸੋ ਇਸ ਨੂੰ ਕਹਿੰਦੇ ਹਨ ਰਜ਼ਾਅ ਵਿਚ ਰਾਜ਼ੀ ਰਹਿਣਾ।

ਨਾਮ ਜਪਣ ਵਾਲਿਆਂ ਵਾਸਤੇ ਇਸ ਤੋਂ ਅੱਗੇ ਹੋਇਆ ਕਰਦਾ ਹੈ - ਧੀਰਜ> ਪਹਿਲਾਂ ਤਾਂ ਸਾਡੇ ਮਨ ਵਿਚ ਬਹੁਤ ਵਾਸ਼ਨਾਵਾਂ ਘੇਰਾ ਪਾਈ ਰਖਦੀਆਂ ਹਨ - ਮੇਰਾ ਇਹ ਕੰਮ ਹੋ ਜਾਵੇ, ਮੇਰਾ ਉਹ ਕੰਮ ਹੋ ਜਾਵੇ, ਮੇਰੀ ਕੋਠੀ ਬਣ ਜਾਵੇ, ਮੇਰਾ ਪੈਸਾ ਜੁੜ ਜਾਵੇ, ਮੈਨੂੰ ਨੌਕਰੀ ਮਿਲ ਜਾਵੇ; ਬੇਅੰਤ ਕਿਸਮ ਦੀਆਂ ਵਾਸ਼ਨਾਵਾਂ ਹਨ। ਇਕ ਤਾਂ ਹੈ ਪੁੱਤਰ ਵਾਸ਼ਨਾ। ਜਿਸਦੇ ਪੁੱਤਰ ਨਹੀਂ ਹੁੰਦਾ, ਦਿਨ ਰਾਤ ਕੋਸ਼ਿਸ਼ਾਂ ਕਰਦਾ ਹੈ ਕਿ ਕਿਧਰੋਂ ਖੈਰ ਪੈ ਜਾਵੇ, ਮਾੜੇ ਤੋਂ ਮਾੜੇ ਕੰਮ ਕਰਨ ਨੂੰ ਵੀ ਤਿਆਰ ਹੋ ਜਾਂਦਾ ਹੈ, ਕਿਧਰੇ ਮਥੇ ਟਿਕਾ ਲਓ, ਧਰਮ ਤੋਂ ਬੇਦੀਨ ਹੋ ਜਾਂਦਾ ਹੈ ਕਿਉਂਕਿ ਵਾਸ਼ਨਾ ਦੇ ਅਧੀਨ ਹੋ ਗਿਆ। ਦੂਜੀ ਵਾਸ਼ਨਾ ਬੰਦੇ ਨੂੰ ਤੰਗ ਕਰਦੀ ਹੈ - ਧਨ ਦੀ ਕਿ ਮੇਰੇ ਕੋਲ ਬਹੁਤ ਧਨ ਹੋਣਾ ਚਾਹੀਦਾ ਹੈ। ਅਸੀਂ ਦਿਨ ਰਾਤ ਧਨ ਵਾਸਤੇ ਤੁਰੇ ਫਿਰਦੇ ਹਾਂ। ਤੀਜੀ ਦੇਹ ਵਾਸ਼ਨਾ ਹੁੰਦੀ ਹੈ। ਬੰਦਾ ਦੇਹ ਨੂੰ ਸ਼ਿੰਗਾਰੀ ਜਾਂਦਾ ਹੈ, ਆਪਣੇ ਆਪ ਨੂੰ ਸਾਢੇ ਤਿੰਨ ਹਥ ਦੀ ਦੇਹ ਸਮਝਦਾ ਹੈ। ਚੌਥੀ ਹੁੰਦੀ ਹੈ - ਲੋਕ ਵਾਸ਼ਨਾ, ਲੋਕ ਮੈਨੂੰ ਚੰਗਾ ਕਹਿਣ; ਵਿਆਹ ਤੇ ਭਾਵੇਂ ਕਰਜਾ ਲੈ ਕੇ ਖਰਚ ਕਰਨਾ ਪਵੇ ਪਰ ਲੋਕਾਂ ਵਿਚ ਮੇਰੀ ਵਾਹ-ਵਾਹ ਹੋ ਜਾਵੇ, ਲੋਕ ਮੈਨੂੰ ਮਾੜਾ ਨਾ ਕਹਿਣ। ਅਸੂਲ ਤਾਂ ਇਹ ਹੈ ਕਿ ਸਾਰੇ ਲੋਕ ਕਿਸੇ ਨੂੰ ਚੰਗਾ ਨਹੀਂ ਕਹਿੰਦੇ ਤੇ ਸਾਰੇ ਲੋਕ ਕਿਸੇ ਨੂੰ ਮਾੜਾ ਨਹੀਂ ਕਹਿੰਦੇ, ਮਾੜਾ ਕਹਿਣ ਵਾਲੇ ਵੀ ਓਨੇ ਹੀ ਹੁੰਦੇ ਹਨ ਤੇ ਚੰਗਾ ਕਹਿਣ ਵਾਲੇ ਵੀ ਓਨੇ ਹੀ।

ਜਦੋਂ ਰਾਮਚੰਦਰ ਜੀ ਮਹਾਰਾਜ ਅਤੇ ਲੱਛਮਣ ਜੀ ਸੀਤਾ ਨੂੰ ਵਾਪਸ ਲੈ ਕੇ ਆਏ ਤਾਂ ਉਸ ਨੂੰ ਬਾਲਮੀਕ ਦੇ ਆਸ਼ਰਮ ਵਿਚ ਛੱਡ ਕੇ, ਪੂਰਬ ਵੱਲ ਨੂੰ ਜਾ ਰਹੇ ਸੀ। ਉਥੇ ਇਕ ਕਿਸਾਨ ਸੀ, ਹਲ ਵਾਹ ਰਿਹਾ ਸੀ, ਗੋਡਿਆਂ ਤੱਕ ਚਮੜੇ ਦੇ ਬੂਟ ਪਾਏ ਹੋਏ ਸਨ, ਲੋਹੇ ਦੀਆਂ ਤਾਰਾਂ ਦਾ ਕੋਟ ਪਾਇਆ ਹੋਇਆ ਸੀ ਤੇ ਲੋਹੇ ਦਾ ਸਿਰ ਤੇ ਟੋਪ ਪਾਇਆ ਹੋਇਆ ਸੀ, ਬਲਦਾਂ ਦੇ ਉਪਰ ਵੀ ਤਾਰਾਂ ਦੇ ਝੁੱਲ ਪਾਏ ਹੋਏ ਸੀ, ਲੱਤਾਂ ਵਿਚ ਤਾਰਾਂ ਦੇ ਫੁਟਲੈਸ ਪਾਏ ਹੋਏ ਸਨ। ਰਾਮਚੰਦਰ ਜੀ ਹੈਰਾਨ ਹੋ ਗਏ ਕਿ ਇਹ ਕਿਸਾਨ ਕੀ ਕਰੀਂ ਫਿਰਦਾ ਹੈ। ਗਰਮੀ ਦਾ ਮਹੀਨਾ ਹੈ, ਕਿਸਾਨ ਨੇ ਦੋਨੋਂ ਭਰਾਵਾਂ ਨੂੰ ਖੂਹ ਵਿਚੋਂ ਪਾਣੀ ਕੱਢ ਕੇ ਪਿਲਾਇਆ ਤੇ ਫੇਰ ਰਾਮਚੰਦਰ ਜੀ ਨੇ ਪੁਛਿਆ ਕਿ ਕਿਸਾਨ ਭਾਈ, ਤੂੰ ਇਹ ਕੀ ਕਰਦਾ ਹੈਂ? ਤਾਂ ਉਸਨੇ ਉਤਰ ਦਿੱਤਾ ਕਿ ਮਹਾਰਾਜ! ਏਥੇ ਇਕ ਐਸੀ ਕਿਸਮ ਦਾ ਬਿਛੂ ਹੈ, ਜੇ ਡੰਗ ਮਾਰ ਦੇਵੇ ਉਸੇ ਵੇਲੇ ਪ੍ਰਾਣ ਨਿਕਲ ਜਾਂਦੇ ਹਨ। ਇਸ ਕਰਕੇ ਚਮੜੇ ਦੇ ਬੂਟ ਪਾਉਣੇ ਪੈਂਦੇ ਹਨ; ਤਾਰਾਂ ਦੇ ਝੁੱਲ ਤਾਂ ਪਾਉਣੇ ਪੈਂਦੇ ਹਨ ਕਿ ਏਥੇ ਇਕ ਪੰਛੀ ਹੈ, ਉਸ ਦੀ ਚੁੰਝ ਇੰਨੀ ਤਿਖੀ ਹੈ ਕਿ ਮਾਸ ਕੱਢ ਕੇ ਲੈ ਜਾਂਦਾ ਹੈ। ਰਾਮ ਚੰਦਰ ਜੀ ਨੇ ਕਿਹਾ ਕਿ ਫੇਰ ਐਸੀ ਜ਼ਮੀਨ ਵਿਚ ਰਹਿਣ ਦਾ ਕੀ ਫਾਇਦਾ ਹੈ; ਹਿੰਦੁਸਤਾਨ ਐਨਾ ਵੱਡਾ ਹੈ, ਕਿਧਰੇ ਹੋਰ ਜ਼ਮੀਨ ਲੈ ਲੈ, ਮੈਂ ਤੈਨੂੰ ਜ਼ਮੀਨ ਦੇ ਦਿੰਦਾ ਹਾਂ। ਕਿਸਾਨ ਕਹਿਣ ਲੱਗਾ, ਵਾਹ ਜੀ ਵਾਹ, ਤੁਸੀਂ ਮੈਨੂੰ ਰਾਮ ਚੰਦਰ ਹੀ ਸਮਝ ਲਿਆ ਹੈ ਜਿਸਨੇ ਆਪਣੀ ਇਸਤ੍ਰੀ ਸੀਤਾ ਛੱਡ ਦਿਤੀ, ਕਦੀ ਕੋਈ ਆਪਣੀ ਜ਼ਮੀਨ ਜਾਂ ਇਸਤ੍ਰੀ ਵੀ ਛੱਡਦਾ ਹੈ? ਕਿਸਾਨ ਨੂੰ ਪਤਾ ਨਹੀਂ ਸੀ ਕਿ ਉਹ ਰਾਮਚੰਦਰ ਜੀ ਨਾਲ ਹੀ ਗੱਲ ਕਰ ਰਿਹਾ ਹੈ। ਕਹਿਣ ਲੱਗਿਆ, ਇਸਤਰੀ ਚਾਹੇ ਕੈਸੀ ਵੀ ਹੋਵੇ, ਕੋਲ ਹੀ ਰਖੀ ਜਾਂਦੀ ਹੈ।

ਦੂਜੇ ਪਾਸੇ ਇਕ ਧੋਬੀ ਦੀ ਘਰ ਵਾਲੀ ਪਤੀ ਨੂੰ ਪੁਛੇ ਬਿਨਾਂ ਆਪਣੇ ਪਿਤਾ ਦੀ ਖਬਰ ਲੈਣ ਚਲੀ ਗਈ ਜੋ ਕਿ

ਬਿਮਾਰ ਸੀ, ਹਾਲਾਂਕਿ ਉਸਦਾ ਘਰ ਕਾਫੀ ਨੇੜੇ ਹੀ ਸੀ ਜਦੋਂ ਵਾਪਸ ਆਈ ਤਾਂ ਧੋਬੀ ਉਸਨੂੰ ਘਰ ਨਾ ਵੜਨ ਦੇਵੇ। ਕਹਿਣ ਲੱਗਾ ਕਿ ਮੈਂ ਕੋਈ ਰਾਮਚੰਦਰ ਹਾਂ ਜਿਸਦੀ ਇਸਤਰੀ ਸੀਤਾ ਐਨੀ ਦੇਰ ਰਾਵਣ ਦੇ ਕਬਜੇ ਵਿਚ ਲੰਕਾ ਰਹੀ ਅਤੇ ਫਿਰ ਰਾਮਚੰਦਰ ਜੀ ਨੇ ਸਵੀਕਾਰ ਕਰ ਲਈ? ਜਦੋਂ ਰਾਮਚੰਦਰ ਜੀ ਨੇ ਇਹ ਸੁਣਿਆ ਤਾਂ ਲੱਛਮਣ ਜੀ ਨੂੰ ਕਹਿਣ ਲੱਗੇ ਕਿ ਹੁਣ ਦੱਸ, ਇਕ ਪਾਸੇ ਲੋਕ ਇਹ ਗੱਲ ਕਹਿੰਦੇ ਹਨ, ਦੂਜੇ ਪਾਸੇ ਇਹ ਗੱਲ, ਹੁਣ ਦੱਸ। ਇਸਨੂੰ ਲੋਕ ਵਾਸ਼ਨਾ ਕਹਿੰਦੇ ਹਨ, ਲੋਕ ਵਾਸ਼ਨਾ ਵਿਚ ਕਦੀ ਕੋਈ ਪੂਰਾ ਨਹੀਂ ਹੋਇਆ ਕਰਦਾ। ਇਸੇ ਤਰ੍ਹਾਂ ਸ਼ਾਸਤਰ ਵਾਸ਼ਨਾ, ਅਨੁਸ਼ਠਾਨ ਵਾਸ਼ਨਾ ਹੁੰਦੀ ਹੈ। ਸੋ ਇਹਨਾਂ ਸਾਰੀਆਂ ਵਾਸ਼ਨਾਵਾਂ ਦਾ ਤਿਆਗ ਕਰਕੇ ਇਕ ਵਾਸ਼ਨਾ ਰੱਖਣੀ ਹੈ ਕਿ ਮੇਰਾ ਅੰਮ੍ਰਿਤ ਵੇਲਾ ਨਾ ਲੰਘ ਜਾਵੇ, ਮੈਂ ਨਾਮ ਜਪ ਕੇ ਨਾਮ ਦਾ ਧਨ ਇਕੱਠਾ ਕਰ ਲਵਾਂ। ਇਹ ਵਾਸ਼ਨਾ ਪ੍ਰਬਲ ਹੋਣੀ ਚਾਹੀਦੀ ਹੈ ਕਿ ਅੱਜ ਦਾ ਦਿਨ ਮੇਰਾ ਕਿਧਰੇ ਐਵੇਂ ਨਾ ਲੰਘ ਜਾਵੇ, ਬਹੁਤੀਆਂ ਗੱਲਾਂ ਨਹੀਂ ਮੈਂ ਮਾਰਨੀਆਂ। ਮੈਂ ਤਾਂ ਵਾਹਿਗੁਰੂ, ਵਾਹਿਗੁਰੂ ਕਰਕੇ ਨਾਮ ਜਪਣਾ ਹੈ। ਉਸ ਤੋਂ ਅੱਗੇ ਹੁੰਦਾ ਹੈ - ਪ੍ਰਭਤਾ ਦਾ ਤਿਆਗ, ਕਿ ਲੋਕ ਮੇਰੀ ਵਾਹ-ਵਾਹ ਕਰੀ ਜਾਣ। ਉਹਦਾ ਤਿਆਗ ਕਰ ਦੇਣਾ, ਕੋਈ ਬੁਰਾ ਕਹੋ, ਚਾਹੇ ਚੰਗਾ ਕਹੋ, ਫੇਰ ਉਸਤਤ ਤੇ ਨਿੰਦਿਆ ਦੋਨਾਂ ਦਾ ਤਿਆਗ ਕਰ ਦੇਣਾ। ਨਾ ਨਿੰਦਿਆ ਤੋਂ ਡਰਨਾ, ਨਾ ਉਸਤਤ ਕਰਾਉਣੀ। ਫੇਰ ਇਸੇ ਤਰ੍ਹਾਂ ਨਾਲ ਆਪਣਾ ਸਰਬੰਸ ਗੁਰੂ ਦੇ ਅਰਪਨ ਕਰ ਦੇਣਾ,

***ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ॥***

***ਪੰਨਾ - 918***

ਇਹ ਗੱਲ ਸਾਰਿਆਂ ਤੋਂ ਮੁਸ਼ਕਿਲ ਹੈ; ਸਾਧ ਸੰਗਤ ਜੀ ਇਹ ਗੱਲ ਕਹਿਣੀ ਸੌਖੀ ਹੈ ਪਰ ਕਰਨੀ ਮੁਸ਼ਕਿਲ ਹੈ। ਕੋਈ ਵਿਰਲਾ ਹੀ ਹੈ ਜੋ ਆਪਣਾ ਸਰਬੰਸ ਗੁਰੂ ਦੇ ਅਰਪਨ ਕਰਦਾ ਹੈ; ਕੋਈ ਕੋਈ ਸਿਖ ਹੁੰਦਾ ਹੈ, ਸਾਰੇ ਨਹੀਂ ਕਰ ਸਕਦੇ। ਫਿਰ ਮੰਤਰ ਤੇ ਭਰੋਸਾ ਕਰਨਾ ਜ਼ਰੂਰੀ ਹੈ। ਜਿਹੜਾ ਮੰਤਰ ਪੰਜ ਪਿਆਰਿਆਂ ਨੇ ਦੇ ਦਿੱਤਾ, ਇਹ ਨਹੀਂ ਕਿ ਇਹ ਮੰਤਰ ਛੱਡ ਕੇ ਕਿਧਰੇ ਹੋਰ ਭੱਜਦੇ ਫਿਰੋ ਨਾਮ ਲੈਣ ਵਾਸਤੇ, ਨਾਮ ਤਾਂ ਤੁਹਾਡੇ ਅੰਦਰ ਹੈ ਜਿਸਨੂੰ ਮੰਤਰ ਨੇ ਪ੍ਰਗਟ ਕਰਨਾ ਹੈ। ਜਿਹੜਾ ਵੀ ਮੰਤਰ ਮਿਲ ਗਿਆ, ਉਸ ਤੇ ਪੂਰਾ ਭਰੋਸਾ ਕਰਨਾ, ਸਾਧਨਾ ਕਰਨੀ, ਫੇਰ ਸੇਵਾ ਕਰਨੀ, ਅਭਿਮਾਨ ਦਾ ਤਿਆਗ ਕਰਨਾ, ਸ਼ੁਭ ਗੁਣ ਧਾਰਨ ਕਰਨੇ, ਦ੍ਰਿੜ੍ਹਤਾ ਰੱਖਣੀ। ਮਹਾਰਾਜ ਕਹਿੰਦੇ ਜਿਸ ਵਿਚ ਇਹ ਗੁਣ ਹੋਣ, ਉਹ ਨਾਮ ਦਾ ਅਧਿਕਾਰੀ ਹੋਇਆ ਕਰਦਾ ਹੈ।

ਗੁਰੂ ਮਹਾਰਾਜ ਕਹਿਣ ਲੱਗੇ, "ਭਾਈ ਤੀਰਥੇ! ਤੂੰ ਮੰਨਦਾ ਹੈਂ ਸਰਵਰ ਨੂੰ, ਤੇਰੇ ਘਰ ਵਿਚ ਮੁਕਾਮ ਹੈ, ਇਹ ਦੋ ਗੱਲਾਂ ਤਾਂ ਨਹੀਂ ਚੱਲ ਸਕਦੀਆਂ। ਚੰਗਾ ਹੈ ਤੂੰ ਸਰਵਰੀਆ ਹੀ ਰਹਿ, ਨਹੀਂ ਤਾਂ ਲੋਕ ਤੇਰੀ ਨਿੰਦਿਆ ਕਰਨਗੇ, ਤੇਰੇ ਨਾਲ ਖਾਰ ਖਾਣਗੇ।" ਭਾਈ ਤੀਰਥਾ ਕਹਿਣ ਲੱਗਾ, "ਮਹਾਰਾਜ! ਚਾਹੇ ਕੁਝ ਹੋ ਜਾਵੇ, ਤੁਸੀਂ ਮੈਨੂੰ ਨਾਮ ਦੇਵੋ।" ਗੁਰੂ ਜੀ ਕਹਿਣ ਲੱਗੇ ਜੇ ਨਾਮ ਲੈਣਾ ਹੈ ਤਾਂ ਪਹਿਲਾਂ ਘਰ ਜਾ ਕੇ ਮੁਕਾਮ ਢਾਹ ਕੇ ਆ। ਕਹੀ ਫੜ ਲਈ, ਘਰ ਵਾਲੀ ਕਹਿਣ ਲੱਗੀ, ਇਹ ਕੀ ਕਰਨ ਲੱਗਾ ਹੈਂ? ਏਥੇ ਤਾਂ ਸਾਰਾ ਪਿੰਡ ਮੁਕਾਮ ਤੇ ਖੇਲ ਪਾਉਣ ਆਉਂਦਾ ਹੈ, ਲੋਕਾਂ ਵਿਚ ਬੜੀ ਭਾਰੀ ਬਦਨਾਮੀ ਹੋਵੇਗੀ। ਕਹਿੰਦਾ, ਜੋ ਹੋਣਾ ਹੈ ਹੋ ਜਾਵੇ। ਕਹੀ ਫੜੀ ਤੇ ਮਕਾਮ ਢਾਹੁਣਾ ਸ਼ੁਰੂ ਕਰ ਦਿਤਾ, ਘਰ ਵਾਲੀ ਮੋਢਿਆਂ ਤੋਂ ਫੜ ਕੇ ਹਟਾਉਂਦੀ ਹੈ ਪਰ ਭਾਈ ਤੀਰਥਾ ਰੁਕਦਾ ਨਹੀਂ, ਮੁਕਾਮ ਢਾਹ ਕੇ ਸਿੱਧਾ ਗੁਰੂ ਸਾਹਿਬ ਕੋਲ ਆ ਗਿਆ, ਕਿਉਂਕਿ ਉਸ ਦੇ ਅੰਦਰ ਲਗਨ ਸੀ। ਸਾਧ ਸੰਗਤ ਜੀ! ਇਹ ਲਗਨ ਕਿਸੇ ਵਿਰਲੇ-ਵਿਰਲੇ ਪੁਰਸ਼ ਵਿਚ ਹੁੰਦੀ ਹੈ। ਤਾਹੀਓਂ ਤਾਂ ਭਾਈ ਮੰਝ ਦਾ ਨਾਮ ਸਦਾ ਲਈ ਰਹਿ ਗਿਆ। ਕਹਿਣ ਲੱਗਾ, "ਮਹਾਰਾਜ! ਮੈਂ ਤਾਂ ਮੁਕਾਮ ਢਾਹ ਕੇ ਆ ਗਿਆ ਹਾਂ।" ਮਹਾਰਾਜ ਜੀ ਨੇ ਫੁਰਮਾਇਆ ਕਿ ਕੋਈ ਮੁਖਾਲਫਤ ਤਾਂ ਨਹੀਂ ਹੋਈ ਤੇਰੀ? ਕਹਿਣ ਲੱਗਾ, "ਮਹਾਰਾਜ! ਉਹ ਤਾਂ ਹੋਣੀ ਹੀ ਸੀ, ਪਰ ਮਹਾਰਾਜ ਮੈਨੂੰ ਤਾਂ ਸਿਰਫ ਤੁਸੀਂ ਚਾਹੀਦੇ ਹੋ। ਭਾਵੇਂ ਸਾਰਾ ਸੰਸਾਰ ਮੇਰੀ ਮੁਖਾਲਫਤ ਕਰਨ ਲਗ ਲਵੇ। ਕੇਵਲ ਮੇਰਾ ਗੁਰੂ ਮੇਰੇ ਵੱਲ ਹੋਣਾ ਚਾਹੀਦਾ ਹੈ।" ਦ੍ਰਿੜ੍ਹ ਇਰਾਦਾ ਦੇਖ ਕੇ ਗੁਰੂ ਮਹਾਰਾਜ ਨੇ ਭਾਈ ਤੀਰਥੇ ਨੂੰ ਨਾਮ ਦੀ ਦਾਤ ਦੇ ਦਿੱਤੀ। ਉਸੇ ਵੇਲੇ ਨਾਮ ਜਪਣਾ ਸ਼ੁਰੂ ਕਰ ਦਿਤਾ; ਇਹ ਨਹੀਂ ਕਿ ਸਵੇਰੇ ਨਾਮ ਜਪਣਾ ਸ਼ੁਰੂ ਕਰਾਂਗਾ, ਉਸੇ ਸਮੇਂ ਤੋਂ ਜਪਣਾ ਸ਼ੁਰੂ ਕਰ ਦਿਤਾ।

ਨਾਮ ਰਸਨਾ ਨਾਲ ਜਪਿਆ ਜਾਂਦਾ ਹੈ, ਰਸਨਾ ਤੋਂ ਬਾਅਦ ਕੰਠ ਵਿਚ ਚਲਾ ਜਾਂਦਾ ਹੈ, ਦਸ ਗੁਣਾਂ ਫਲ ਵੱਧ ਜਾਂਦਾ ਹੈ, ਰਸਨਾ ਨਾਲ ਬੋਲ ਕੇ ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ ਦਸ ਵਾਰੀ ਕਹੋ, ਮਨ ਇਕਾਗਰ ਕਰਕੇ ਕੰਠ ਵਿਚ ਇਕ ਵਾਰੀ ਕਹੋ। ਹਿਰਦੇ ਵਿਚ ਨਾਮ ਚਲਾ ਜਾਂਦਾ ਹੈ ਫਲ ਹੋਰ ਦਸ ਗੁਣਾਂ ਵੱਧ ਜਾਂਦਾ ਹੈ। ਬੋਲ ਕੇ ਸੌ (100) ਵਾਰੀ ਕਹੋ, ਹਿਰਦੇ ਵਿਚ ਇਕ ਵਾਰੀ ਕਹੋ। ਫਿਰ ਨਾਮ ਨਾਭੀ ਵਿਚ ਚਲਾ ਜਾਂਦਾ ਹੈ, ਬੋਲ ਕੇ ਇਕ ਹਜ਼ਾਰ ਵਾਰੀ ਕਹੋ ਤੇ ਸੁਰਤ ਇਕਾਗਰ ਕਰਕੇ ਇਕ ਵਾਰੀ ਕਹੋ ਤਾਂ ਫਲ ਬਰਾਬਰ ਹੋ ਜਾਂਦਾ ਹੈ; ਏਥੇ ਤੱਕ ਬਾਣੀ ਜਾਂਦੀ ਹੈ। ਫਿਰ mental ਨਾਮ ਆ ਜਾਂਦਾ ਹੈ - ਮਾਨਸਿਕ ਨਾਮ-ਆਗਿਆ ਚੱਕਰ ਵਿਚ, ਜਿਥੇ ਦੋਨੋਂ ਅੱਖਾਂ ਤੇ ਨੱਕ ਦੀ ਜੜ੍ਹ ਹੈ ਏਸ ਥਾਂ ਤੇ ਅਨਹਦ ਸ਼ਬਦ ਦੀ ਮੱਦਦ ਨਾਲ ਨਾਮ ਜਪਿਆ ਜਾਂਦਾ ਹੈ। ਤ੍ਰਿਕੁਟੀ ਵਿਚ ਨਾਮ ਜਪਿਆ ਜਾਂਦਾ ਹੈ। ਦਸਵੇਂ ਦੁਆਰ ਵਿਚ ਅਸੀਂ ਸਵਾਸ ਨਹੀਂ ਚਾੜ੍ਹਦੇ, ਸੁਰਤ ਚਾੜ੍ਹਦੇ ਹਾਂ ਤੇ ਸੁਰਤ ਦੇ ਨਾਲ ਨਾਮ ਜਪਿਆ ਜਾਂਦਾ ਹੈ। ਇਸ ਤਰ੍ਹਾਂ ਭਾਈ ਤੀਰਥੇ ਨੇ ਥੋੜ੍ਹੇ ਵਕਤ ਵਿਚ ਹੀ ਨਾਮ ਜਪਿਆ, ਬਹੁਤਾ ਟਾਈਮ ਨਹੀਂ ਲਗਾਇਆ। ਦ੍ਰਿੜ੍ਹ ਲਗਨ ਸੀ, ਲਗਨ ਹੋਣ ਕਰਕੇ ਨਾਮ ਵੱਧਦਾ ਹੀ ਚਲਾ ਗਿਆ। ਅਖੀਰ ਇਹ ਅਵਸਥਾ ਆ ਗਈ ਕਿ ਉਸਦੀ ਸਮਾਧੀ ਲੱਗਣ ਲੱਗ ਪਈ। ਰਸ ਵਿਚ ਆ ਗਿਆ, ਕਿਸੇ ਨਾਲ ਗੱਲ ਨਹੀਂ ਕਰਦਾ, ਦਿਨ ਰਾਤ ਸੇਵਾ ਕਰਦਾ ਹੈ। ਅੱਖਾਂ ਵਿਚ ਇਕ ਨਸ਼ਾ ਹਰ ਵਕਤ ਰਹਿੰਦਾ ਹੈ, ਸਰੀਰ ਵਿਚ ਹਰ ਵਕਤ ਇਕ ਮਸਤੀ ਰਹਿੰਦੀ ਹੈ, ਹਰ ਸਮੇਂ ਮਹਾਨ ਰਸ ਵਿਚ ਰਹਿੰਦਾ ਹੈ। ਉਸ ਅਵਸਥਾ ਨੂੰ ਮਹਾਰਾਜ ਨੇ ਇਸ ਤਰ੍ਹਾਂ ਫੁਰਮਾਨ ਕੀਤਾ ਹੈ।

***ਧਾਰਨਾ - ਸਹਿਜ ਸਮਾਧ ਲਗੀ ਲਿਵ ਅੰਤਰ,***
***ਸੋ ਰਸ ਸੋਈ ਜਾਣੈ-2, 2.***
***ਸੋ ਰਸ ਸੋਈ ਜਾਣੈ-2, 2.***

***ਸਹਿਜ ਸਮਾਧ ਲਗੀ ਲਿਵ ਅੰਤਰ..... – 2***

ਆਦਮੀ ਹੌਲੀ-ਹੌਲੀ ਤਰੱਕੀ ਕਰਦਾ-ਕਰਦਾ ਸਮਾਧੀ ਵਿਚ ਚਲਾ ਜਾਂਦਾ ਹੈ। ਤਿੰਨ ਕਿਸਮ ਦੀ ਸਮਾਧੀ ਹੁੰਦੀ ਹੈ- ਪਹਿਲੀ ਸਾ-ਵਿਕਲਪ ਸਮਾਧੀ, ਦੂਜੀ ਨਿਰਵਿਕਲਪ ਸਮਾਧੀ, ਤੀਜੀ ਸਹਿਜ ਸਮਾਧ ਜਿਹੜੀ ਅੱਖਾਂ ਖੁਲ੍ਹੀਆਂ ਨਾਲ ਵੀ ਹਰ ਵੇਲੇ ਲੱਗੀ ਰਹਿੰਦੀ ਹੈ। ਮਹਾਰਾਜ ਦਾ ਫੁਰਮਾਨ ਹੈ –

***ਸਹਜ ਸਮਾਧਿ ਲਗੀ ਲਿਵ ਅੰਤਰਿ***
***ਸੋ ਰਸੁ ਸੋਈ ਜਾਣੈ ਜੀਉ॥ ਪੰਨਾ – 106***

ਉਹੋ ਹੀ ਜਾਣਦਾ ਹੈ ਜਿਸਦੀ ਸਮਾਧੀ ਲਗੀ ਹੁੰਦੀ ਹੈ, ਦੂਜਾ ਨਹੀਂ ਜਾਣਦਾ ਕਿਉਂਕਿ –

***ਗੁਰਮੁਖਿ ਅੰਤਰਿ ਸਹਜੁ ਹੈ ਮਨੁ ਚੜਿਆ ਦਸਵੈ ਆਕਾਸਿ॥***
***ਪੰਨਾ – 1414***

ਦਸਵੇਂ ਦੁਆਰ ਵਿਚ ਸੁਰਤ ਚੜ੍ਹ ਜਾਂਦੀ ਹੈ। ਉਥੇ ਦੀ ਨਿਸ਼ਾਨੀ ਕੀ ਹੈ? ਉਹ ਇਹ ਹੈ –

***ਤਿਥੈ ਊਂਘ ਨ ਭੁਖ ਹੈ ਹਰਿ ਅੰਮ੍ਰਿਤ ਨਾਮੁ ਸੁਖ ਵਾਸੁ॥***
***ਪੰਨਾ – 1414***

ਉਥੇ ਅੰਮ੍ਰਿਤ ਨਾਮ ਦੀ ਧੁਨ ਉਠਦੀ ਹੈ ਤੇ ਸੁਖਾਂ ਦਾ ਵਾਸਾ ਹੈ –

***ਨਾਨਕ ਦੁਖੁ ਸੁਖੁ ਵਿਆਪਤ ਨਹੀ ਜਿਥੈ ਆਤਮ ਰਾਮ ਪ੍ਰਗਾਸੁ॥***
***ਪੰਨਾ – 1414***

ਦੁਖ ਸੁਖ ਤੋਂ ਉਚੀ ਅਵਸਥਾ ਹੋ ਜਾਂਦੀ ਹੈ-

***ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ॥***
***ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ॥***
***ਪੰਨਾ – 954***

ਜਦੋਂ ਬਜਰ ਕਪਾਟ ਖੁਲ੍ਹ ਗਏ ਫੇਰ ਸ਼ਬਦ ਸੁਣਾਈ ਦਿੰਦਾ ਹੈ-

***ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ॥***
***ਪੰਨਾ – 954***

ਜਦੋਂ ਪ੍ਰਕਾਸ਼ ਹੋ ਗਿਆ ਫਿਰ ਦਿਸਦਾ ਕੀ ਹੈ –

***'ਸਭ ਮਹਿ ਏਕੁ ਵਰਤਦਾ'*** ਸਾਰਿਆਂ ਵਿਚ ਵਾਹਿਗੁਰੂ ਦਿੱਸਣ ਲੱਗ ਜਾਂਦਾ ਹੈ –

***ਜਿਨਿ ਆਪੇ ਰਚਨ ਰਚਾਈ॥***
***ਵਾਹੁ ਵਾਹੁ ਸਚੇ ਪਾਤਸ਼ਾਹ ਤੂੰ ਸਚੀ ਨਾਈ॥***
***ਪੰਨਾ – 954***

ਜਦੋਂ ਗੁਰੂ ਮਹਾਰਾਜ ਨੇ ਦੇਖਿਆ ਕਿ ਇਹ ਗੁਰਸਿਖ ਤਾਂ ਪੁੱਗ ਗਿਆ, ਪੀ ਐਚ.ਡੀ (Ph.d) ਕਰਨ ਵਾਲਾ ਹੋ ਗਿਆ, ਹੁਣ ਇਹਦੇ ਤੇ ਪੇਪਰ ਪਾਈਏ, ਕੋਈ ਪਰਚਾ ਪਾਈਏ, ਕੋਈ ਸਮੱਸਿਆ ਦੇਈਏ ਤਾਂ ਕਿ ਪਤਾ ਲੱਗ ਜਾਏ ਕਿ ਇਹ ਪਾਸ ਹੈ ਕਿ ਫੇਲ੍ਹ ਹੈ। ਗੁਰਮਤਿ ਦੇ ਅੰਦਰ ਸੌ 'ਚੋਂ ਸੌ ਨੰਬਰ ਲੈਣਾ ਪੈਂਦਾ ਹੈ; ਇਹ ਨਹੀਂ ਹੈ ਕਿ ਤੇਤੀ ਨੰਬਰ ਲੈ ਕੇ ਪਾਸ ਹੋ ਜਾਏਗਾ। ਸਾਧ ਸੰਗਤ ਜੀ! ਏਥੇ ਬੜਾ ਔਖਾ ਇਮਤਿਹਾਨ ਹੈ, ਸੌ ਵਿਚੋਂ ਸੌ ਹੀ ਨੰਬਰ ਲੈਣੇ ਪੈਂਦੇ ਹਨ। ਭਾਈ ਤੀਰਥਾ ਕਿਉਂਕਿ ਮੰਝਕੀ ਦਾ ਰਹਿਣ ਵਾਲਾ ਸੀ ਇਸ ਕਰਕੇ ਉਸ ਦਾ ਨਾਮ ਵੀ ਭਾਈ ਮੰਝ ਹੀ ਰੱਖ ਦਿਤਾ। ਇਕ ਦਿਨ ਗੁਰੂ ਮਹਾਰਾਜ ਨੇ ਉਸ ਨੂੰ ਬੁਲਾਇਆ ਤੇ ਹੁਕਮ ਦਿਤਾ, "ਭਾਈ! ਤੂੰ ਹੁਣ ਆਪਣੇ ਘਰ ਜਾਹ, ਕਹਿਣ ਲੱਗਾ, "ਮਹਾਰਾਜ! ਮੈਂ ਤਾਂ ਆਪ ਦੇ ਦਰਸ਼ਨਾਂ ਬਗੈਰ ਰਹਿ ਹੀ ਨਹੀਂ ਸਕਦਾ।" ਗੁਰੂ ਮਹਾਰਾਜ ਨੇ ਫੁਰਮਾਇਆ ਕਿ ਹੁਣ ਤੂੰ ਜਾਹ, ਫੇਰ ਅਸੀਂ ਸੁਨੇਹਾ ਭੇਜਾਂਗੇ, ਫੇਰ ਤੂੰ ਆ ਜਾਈਂ; ਜਿੰਨੀ ਦੇਰ ਅਸੀਂ ਸੁਨੇਹਾ ਨਹੀਂ ਭੇਜਦੇ, ਤੂੰ ਨਹੀਂ ਆਉਣਾ। ਹੁਣ ਇਹ ਅਵਸਥਾ ਗੁਰਸਿਖ ਵਾਸਤੇ ਬਹੁਤ ਅਉਖੀ ਹੈ, ਇਸ ਤਰ੍ਹਾਂ ਫੁਰਮਾਨ ਹੈ –

***ਧਾਰਨਾ – ਜਿੰਦ ਬਚਦੀ ਨਹੀਂ ਗੁਰ ਦਰਸ ਬਿਨਾ –2, 2.***
***ਜੈਸੇ ਨੀਰ ਬਿਨ ਮਛਲੀ –2, 2.***
***ਜਿੰਦ ਬਚਦੀ ਨਹੀਂ ............–2.***

***ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ॥***
***ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ॥***
***ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ॥***
***ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ॥***
***ਤਿਉ ਸੰਤ ਜਨਾ ਹਰਿ ਪ੍ਰੀਤਿ ਹੈ ਦੇਖਿ ਦਰਸੁ ਅਘਾਵੈ॥***
***ਪੰਨਾ – 708***

ਮੱਛੀ ਨੂੰ ਪਾਣੀ ਤੋਂ ਬਗੈਰ ਜਿਉਣਾ ਔਖਾ ਹੈ। ਗੁਰਸਿਖ ਨੂੰ ਗੁਰੂ ਦੇ ਦਰਸ਼ਨਾਂ ਤੋਂ ਬਗੈਰ ਜਿਉਣਾ ਮੁਸ਼ਕਿਲ ਹੈ, ਰਜ਼ਾਅ ਸਿਰ ਤੇ ਮੰਨੀ, ਹੁਕਮ ਮੰਨਿਆ, ਕਿਉਂਕਿ 'ਆਗਿਆ ਸਮ ਨਹੀਂ ਸਹਿਬ ਸੇਵਾ।' ਭਾਈ ਤੀਰਥਾ ਘਰ ਆ ਗਿਆ। ਪਸ਼ੂਆਂ ਨਾਲ ਖੁਰਲੀਆਂ ਭਰੀਆਂ ਸੀ, ਨਵੀਆਂ ਲਵੇਰੀਆਂ ਦੁੱਧ ਦੇਣ ਵਾਲੀਆਂ, ਬਲਦ ਬਹੁਤ ਵਧੀਆ, ਦੇਖਣ ਵਾਲੇ ਸੀ, ਦੂਰ-ਦੂਰ ਤੋਂ ਲਿਆ ਕੇ ਨਸਲਾਂ ਪਾਲੀਆਂ ਸਨ। ਰੋਜ਼ ਇਕ ਡੰਗਰ-ਕਦੀ ਮੱਝ, ਕਦੀ ਬਲਦ ਮਰਨ ਲੱਗ ਪਏ। ਹੁੰਦੇ-ਹੁੰਦੇ ਸਾਰੇ ਪਸ਼ੂ ਮਰ ਗਏ। ਪਿੰਡ ਨੇ ਇਕੱਠ ਕੀਤਾ, ਇਲਾਕੇ ਨੇ ਇਕੱਠ ਕੀਤਾ, ਕਹਿਣ ਲੱਗੇ ਦੇਖੋ, ਭਾਈ ਤੀਰਥੇ ਨੇ ਪੀਰ ਨੂੰ ਨਾਰਾਜ਼ ਕਰ ਲਿਆ ਹੈ, ਹੁਣ ਅਸੀਂ ਸਾਰਿਆਂ ਨੇ ਇਸ ਨਾਲ ਕੋਈ ਸਬੰਧ ਨਹੀਂ ਰੱਖਣਾ, ਜੇਕਰ ਇਹ ਪਿੰਡ ਵਿਚ ਰਹਿ ਗਿਆ, ਪਤਾ ਨਹੀਂ ਪਿੰਡ ਵਿਚ ਕੀ ਕਹਿਰ ਵਰਤ ਜਾਵੇ ਕਿਉਂਕਿ ਪੀਰ ਨਰਾਜ਼ ਹੋ ਗਿਆ ਹੈ। ਚੰਗਾ ਏਹੋ ਹੀ ਹੈ ਕਿ ਇਸ ਨੂੰ ਪਿੰਡ ਵਿੱਚੋਂ ਕੱਢ ਦੇਈਏ। ਸਾਰੀ ਸਕੀਮ ਬਣ ਗਈ, ਜ਼ਮੀਨ ਸਾਰੀ ਖੋਹ ਲਈ –

***ਛੀਨ ਲੀਨ ਗ੍ਰਿਹੁ, ਧਨ, ਸਿਰਦਾਰੀ।***
***ਸਰਬ ਸ਼ਰੀਕਨਿ ਦੀਨ ਨਿਕਾਰੀ।***
***ਲੇ ਕਰਿ ਨਿਜ ਪਤਿਬ੍ਰਤਾ ਸੁ ਦਾਰਾ।***
***ਰਹਜੋ ਜਾਇ ਕਿਸਿ ਪੁਰੀ ਮਝਾਰਾ॥***
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 1817***

ਲੋਕਾਂ ਨੇ ਭਾਈ ਤੀਰਥੇ ਨੂੰ ਪਿੰਡ ਵਿਚੋਂ ਕੱਢ ਦਿੱਤਾ, ਪਰ ਡੋਲਿਆ ਨਹੀਂ; ਘਰਵਾਲੀ ਨੂੰ, ਲੜਕੀ ਨੂੰ ਵੀ ਵਾਹਿਗੁਰੂ ਜੀ ਨੇ ਸੁਮੱਤ ਬਖਸ਼ ਦਿੱਤੀ, ਉਹਨਾਂ ਦੀ ਵੀ ਬਿਰਤੀ ਉਚੀ ਹੋ ਗਈ, ਗੁਰੂ ਮਹਾਰਾਜ ਨਾਲ ਪਿਆਰ ਪੈ ਗਿਆ।

ਐਸੇ ਹਾਲਾਤ ਇਕ ਗ੍ਰਹਿਸਤੀ ਵਾਸਤੇ ਬਹੁਤ ਵੱਡੀ ਮੁਸੀਬਤ (clamity) ਹੈ। ਜੇਕਰ ਸਭ ਕੁਝ ਬਣਿਆ ਬਣਾਇਆ ਇਕ ਦਮ ਖਤਮ ਹੋ ਜਾਵੇ, ਫੇਰ ਵੱਡੀ ਸਰਦਾਰੀ ਜਾਂਦੀ ਰਹੇ। ਹੁਣ ਕੋਲ ਕੋਈ ਚੀਜ਼ ਨਾ ਰਹੀ, ਅਖੀਰ ਸ਼ਰੀਕਾਂ ਨੇ ਇਕੱਠੇ

ਹੋ ਕੇ ਇਸ ਨੂੰ ਪਿੰਡ ਵਿਚੋਂ ਕੱਢ ਦਿੱਤਾ। ਤਿੰਨ ਤਰ੍ਹਾਂ ਦੇ ਮੁਰੀਦ ਹੁੰਦੇ ਹਨ - ਮੁਰੀਦ, ਮਰੀਦ-ਏ-ਸਾਦਕ, ਮਰੀਦ-ਏ-ਫਿਦਾਈ; (ਸਿੱਖ, ਸਿਦਕੀ ਸਿੱਖ, ਮਰਜੀਵੜੇ ਸਿਖ।)

ਸਿੰਘਾਂ ਨੇ ਇਕ ਵਾਰੀ 10ਵੇਂ ਪਾਤਸ਼ਾਹ ਕੋਲ ਸਵਾਲ ਕੀਤਾ ਕਿ ਮਹਾਰਾਜ! ਆਪ ਦੇ ਬਚਨਾਂ ਦਾ ਸਾਰੇ ਸਿੱਖਾਂ ਤੇ ਇਕੋ ਜਿਹਾ ਅਸਰ ਕਿਉਂ ਨਹੀਂ ਹੁੰਦਾ? ਮਹਾਰਾਜ ਜੀ ਨੇ ਫੁਰਮਾਇਆ ਕਿ ਦਰਜਿਆਂ ਵਿਚ ਫਰਕ ਹੁੰਦਾ ਹੈ। ਇਕ ਤਾਂ ਸਿਖੀ ਹੈ ਭੇਖ ਦੀ - ਦਸਤਾਰਾ ਸਜਾਇਆ ਹੋਇਆ ਹੈ, ਕਿਰਪਾਨ ਪਾਈ ਹੋਈ ਸੋਹਣੀ ਲਗਦੀ ਹੈ। ਸੋਚਦਾ ਹੈ ਮੇਰਾ ਰੂਪ ਦੇਖ ਕੇ ਲੋਕ ਮੈਨੂੰ ਵੀ ਸਲਾਹੁਣਗੇ, ਲੋਕ ਨਿਗੁਰਾ ਨਿਗੁਰਾ ਤਾਂ ਨਹੀਂ ਕਹਿਣਗੇ। ਦੂਜੀ ਸਿਖੀ ਹੁੰਦੀ ਹੈ ਹਿਰਸ ਦੀ - ਕੋਈ ਮਤਲਬ ਪਿਛੇ ਸਿਖੀ ਧਾਰਨ ਕਰਦਾ ਹੈ। ਜੇਕਰ ਮੈਂ ਸਿਖ ਬਣ ਗਿਆ ਤਾਂ ਮੇਰੀ ਦੁਕਾਨ ਬਹੁਤ ਵਧੀਆ ਚਲੇਗੀ, ਸਾਰੇ ਆ ਕੇ ਮੇਰੇ ਗਾਹਕ ਬਣ ਜਾਣਗੇ। ਤੀਜੀ ਸਿਖੀ ਹੁੰਦੀ ਹੈ ਜੋ ਪਿਛੇ ਮੁੜ ਮੁੜ ਵੇਖਦੀ ਹੈ - ਸਿਖ ਤਾਂ ਬਣ ਗਿਆ, ਪਰ ਪਿਛਲੀਆਂ ਮਾੜੀਆਂ ਆਦਤਾਂ ਯਾਦ ਆਉਂਦੀਆਂ ਹਨ। ਜਦੋਂ ਮੀਂਹ ਪੈਂਦਾ ਹੈ, ਠੰਢੀ-ਠੰਢੀ ਹਵਾ ਚਲਦੀ ਹੈ, ਫੇਰ ਪੀਣ ਨੂੰ ਦਿਲ ਕਰ ਪੈਂਦਾ ਹੈ, ਪਰ ਅੱਗੇ ਵਧਣ ਦੀ ਨਹੀਂ ਸੋਚਦਾ, ਪਿਛੇ ਗਿਰਨ ਦਾ ਸੋਚਦਾ ਹੈ। ਕਿਸੇ ਵਿਆਹ ਤੇ ਚਲਾ ਗਿਆ, ਦੂਜੇ ਬੰਦੇ ਦੇ ਮਾੜਾ ਜਿਹਾ ਹੀ ਕਹਿਣ ਦੀ ਦੇਰ ਹੈ, ਛੇਤੀਂ ਦੇ ਕੇ ਗਲਾਸ ਹੱਥ ਵਿਚ ਫੜ ਲੈਂਦਾ ਹੈ; ਪਿਲਾਉਣ ਵਾਲਾ ਵੀ ਕਹਿੰਦਾ ਹੈ, ਭਾਈ ਤੂੰ ਐਵੇਂ ਹੀ ਸਾਡੇ ਤੋਂ ਵਖਰਾ ਹੋ ਗਿਆ। ਚੌਥੀ ਸਿੱਖੀ ਸਿਦਕ ਦੀ ਹੁੰਦੀ ਹੈ ਤੇ ਪੰਜਵੀ ਭਾਵਨੀ ਦੀ। ਸਿੰਘ ਕਹਿਣ ਲੱਗੇ, "ਮਹਾਰਾਜ ਪਤਾ ਕਿਵੇਂ ਲਗੇ?"

ਵਿਸਾਖੀ ਦਾ ਦੀਵਾਨ ਲੱਗਿਆ ਤੇ ਗੁਰੂ ਮਹਾਰਾਜ ਨੇ ਹੁਕਮ ਦਿੱਤਾ ਕਿ ਭਾਈ! ਕੋਈ ਵੀ ਸਿੱਖ ਸਾਡੀ ਆਗਿਆ ਤੋਂ ਬਗੈਰ ਆਪਣੇ ਘਰਾਂ ਨੂੰ ਵਾਪਸ ਨਹੀਂ ਜਾਏਗਾ। ਪਹਿਰੇ ਲਗਾ ਦਿਤੇ ਗਏ। ਚਾਰ ਪੰਜ ਦਿਨ ਤਾਂ ਸਾਰੇ ਠਹਿਰੇ, ਫਿਰ ਗੱਲਾਂ ਕਰਨ ਲੱਗ ਪਏ ਕਿ ਸਾਡੇ ਤਾਂ ਪਿਛੇ ਡੰਗਰ ਭੁਖੇ ਮਰ ਜਾਣਗੇ, ਅਸੀਂ ਤਾਂ ਦੂਰ-ਦੂਰ ਤੋਂ ਆਏ ਹਾਂ - ਕੋਈ ਬਠਿੰਡੇ ਤੋਂ, ਕੋਈ ਵਜੀਦਪੁਰ ਤੋਂ, ਕੋਈ ਕਿਤੋਂ, ਕੋਈ ਕਿਤੋਂ ਆ ਕੇ ਸਾਰੇ ਅਨੰਦਪੁਰ ਸਾਹਿਬ ਇਕੱਠੇ ਹੋਏ ਹਾਂ। ਹੁਣ ਬਣੇਗਾ ਕੀ? ਤਿੰਨ ਚਾਰ ਦਿਨ ਤਾਂ ਸਾਨੂੰ ਵਾਪਸ ਪਹੁੰਚਣ ਨੂੰ ਲੱਗ ਜਾਣਗੇ। ਜਦੋਂ ਪੰਦਰਾਂ ਦਿਨ ਲੰਘ ਗਏ ਤਾਂ ਸੰਗਤ ਕਾਹਲੀ ਪੈ ਗਈ, ਵਿਸ਼ਵਾਸ ਹਿਲ ਗਿਆ। ਗੁਰੂ ਮਹਾਰਾਜ ਜੀ ਨੂੰ ਅੰਤਰਜਾਮੀ ਨਹੀਂ ਸਮਝਦੇ। ਇਕ ਬੰਦਾ ਕਹਿਣ ਲੱਗਾ ਕਿ ਮੈਂ ਤੁਹਾਨੂੰ ਇਕ ਗੱਲ ਦਸਦਾ ਹਾਂ। ਪਹਿਲਾਂ ਤਾਂ ਸਹੁੰ ਖਾਓ ਕਿ ਦਸੋਗੇ ਨਹੀਂ ਕਿਸੇ ਨੂੰ, ਛੁਟਕਾਰਾ ਸਭ ਦਾ ਮੈਂ ਕਰਵਾ ਦੇਵਾਂਗਾ। ਬਾਕੀ ਪੁੱਛਣ ਲੱਗੇ - ਕਿਸ ਤਰ੍ਹਾਂ? ਕਹਿਣ ਲਗਾ ਕਿ ਮੈਨੂੰ ਸਾਹ ਖਿਚਣਾ ਆਉਂਦਾ ਹੈ, ਤੁਸੀਂ ਮੈਨੂੰ ਅਰਥੀ ਤੇ ਪਾ ਦਿਓ। ਮੇਰੀਆਂ ਨਾਸ੍ਹਾਂ ਨਾਲ ਰੂੰ ਲਗਾ ਕੇ ਦੇਖੋ, ਜੇ ਕਦੀ ਰੂੰਈ ਵੀ ਹਿਲ ਜਾਵੇ। ਲੰਮਾ ਸਾਹ ਮੈਂ ਅੰਦਰ ਖਿਚ ਲੈਂਦਾ ਹਾਂ। ਪ੍ਰੇਮੀਆਂ ਨੇ ਦੇਖ ਲਿਆ ਕਿ ਠੀਕ ਹੈ। ਲੰਮੀ ਪੈੜੀ ਜਿਹੀ ਬਣਾ ਕੇ ਬਾਣ ਤੇ ਰੱਸੀ ਨਾਲ ਬੰਨ੍ਹ ਦਿੱਤਾ। ਉਸ ਦੇ ਉਤੇ ਪਾ ਲਿਆ ਤੇ ਸ਼ਬਦ ਪੜ੍ਹਦੇ ਹੋਏ ਗੁਰੂ ਸਾਹਿਬ ਦੇ ਅੱਗੋਂ ਦੀ ਲੰਘ ਰਹੇ ਹਨ। ਜਦੋਂ ਗੁਰੂ ਮਹਾਰਾਜ ਨੇ ਪੁਛਿਆ ਕਿ ਭਾਈ ਕੀ ਗੱਲ ਹੈ, ਤਾਂ ਸਿੰਘ ਕਹਿਣ ਲਗੇ ਕਿ ਵਿਚਾਰੇ ਦੇ ਛੋਟੇ ਛੋਟੇ ਬੱਚੇ ਹਨ, ਦੂਰੋਂ ਵਿਸਾਖੀ ਦੇ ਦੀਵਾਨ ਤੇ ਆਇਆ ਸੀ ਪਰ ਹੁਣ ਚੜ੍ਹਾਈ ਕਰ ਗਿਆ ਹੈ, ਅਸੀਂ ਇਸਦਾ ਸਸਕਾਰ ਕਰਨ ਵਾਸਤੇ ਲਿਜਾ ਰਹੇ ਹਾਂ। ਗੁਰੂ ਮਹਾਰਾਜ ਜੀ ਫੁਰਮਾਨ ਕਰਨ ਲੱਗੇ, "ਭਾਈ! ਇਸਨੂੰ ਐਨੀ ਦੂਰ ਸਸਕਾਰ ਵਾਸਤੇ ਕਾਹਨੂੰ ਲਿਜਾਂਦੇ ਹੋ? ਇਥੇ ਹੀ ਇਸ ਦਾ ਸਸਕਾਰ ਕਰ ਦਿੰਦੇ ਹਾਂ। ਏਥੇ ਹੀ ਅਰਥੀ ਰੱਖ ਦਿਓ।" ਅਰਥੀ ਰੱਖ ਦਿੱਤੀ ਗਈ। ਜਿਹੜਾ ਭਾਈ ਉਪਰ ਲੇਟਿਆ ਹੋਇਆ ਸੀ, ਉਸ ਨੂੰ ਫਿਕਰ ਪੈ ਗਿਆ ਕਿ ਮੇਰਾ ਤਾਂ ਸਚਮੁਚ ਹੀ ਸਸਕਾਰ ਕਰਨ ਲੱਗੇ ਹਨ ਕਿਉਂਕਿ ਗੁਰੂ ਮਹਾਰਾਜ ਜੀ ਲਾਂਗਰੀ ਸਿੰਘ ਨੂੰ ਕਹਿ ਚੁੱਕੇ ਸਨ ਕਿ ਲੱਕੜਾਂ ਇਥੇ ਹੀ ਲੈ ਆਵੋ, ਇਕ ਸਿੰਘ ਦਾ ਸਸਕਾਰ ਹੋਣਾ ਹੈ। ਜਦੋਂ ਅੱਗ ਲਾ ਦਿੱਤੀ ਗਈ, ਘਾਹ ਤਿੜ ਤਿੜ ਕਰਨ ਲੱਗ ਪਿਆ। ਬਾਣ ਤਾਂ ਵੈਸੇ ਹੀ ਕੱਚਾ ਜਿਹਾ ਸੀ, ਉਹ ਰਸੀਆਂ ਤੋੜ ਕੇ ਛਾਲ ਮਾਰਕੇ ਨੱਠ ਗਿਆ। ਮਹਾਰਾਜ ਨੇ ਤਾੜੀ ਮਾਰੀ ਤੇ ਹੱਸ ਕੇ ਕਹਿਣ ਲਗੇ, ਭਾਈ ਦੇਖੋ ਤੁਹਾਡਾ ਬੰਦਾ ਤਾਂ ਸਣਦੇਹੀ ਸਚਖੰਡ ਨੂੰ ਦੌੜਿਆ ਜਾਂਦਾ ਹੈ। ਗੁਰੂ ਮਹਾਰਾਜ ਨੇ ਹੁਕਮ ਦਿੱਤਾ ਕਿ ਇਹਨੂੰ ਫੜਕੇ ਲਿਆਓ। ਜਦੋਂ ਲਿਆਂਦਾ ਤਾਂ ਮਹਾਰਾਜ ਨੇ ਕਿਹਾ, ਸਿੰਘੋ! ਇਹ ਕੀ ਰਾਜ਼ ਹੈ? ਮਹਾਰਾਜ ਕਹਿਣ ਲੱਗੇ ਕਿ ਇਹ ਸਿਖੀ ਭੇਖ ਦੀ ਹੈ, ਜੋ ਪਿਛੇ ਮੁੜ ਮੁੜ ਦੇਖਦੀ ਹੈ, ਇਹ ਹਿਰਸ ਦੀ ਸਿਖੀ ਹੈ। ਜੋ ਸਿਦਕ ਦੀ ਸਿਖੀ ਹੁੰਦੀ ਹੈ ਉਸ ਵਿਚ ਭਾਵੇਂ ਸੀਸ ਚਲਾ ਜਾਵੇ, ਪਰ ਸਿਦਕ ਨਹੀਂ ਟੁੱਟਦਾ।

ਭਾਈ ਡੱਲੇ ਨੇ ਦਮਦਮੇ ਸਾਹਿਬ ਗੁਰੂ ਮਹਾਰਾਜ ਦੀ ਬਹੁਤ ਸੇਵਾ ਕੀਤੀ - ਨੌਂ ਮਹੀਨੇ ਤੇ ਨੌਂ ਦਿਨ। ਇਕ ਦਿਨ ਰਾਤ ਨੂੰ ਗੁਰੂ ਮਹਾਰਾਜ ਨੇ ਆਵਾਜ਼ ਦਿੱਤੀ ਤੇ ਪੁਛਿਆ, "ਭਾਈ ਪਹਿਰੇ ਤੇ ਕੌਣ ਹੈ?" ਜਵਾਬ ਆਇਆ, "ਮਹਾਰਾਜ! ਮੈਂ ਭਾਈ ਡੱਲਾ।" ਦੋ ਘੰਟੇ ਬਾਅਦ ਗੁਰੂ ਮਹਾਰਾਜ ਨੇ ਫੇਰ ਪੁਛਿਆ, "ਭਾਈ ਪਹਿਰੇ ਤੇ ਕੌਣ ਹੈ?" ਫੇਰ ਜਵਾਬ ਆਇਆ, "ਮਹਾਰਾਜ! ਮੈਂ ਡੱਲਾ।" ਸਾਰੀ ਰਾਤ ਭਾਈ ਡੱਲੇ ਨੇ ਪਹਿਰਾ ਦਿੱਤਾ। ਅੰਮ੍ਰਿਤ ਵੇਲੇ ਗੁਰੂ ਮਹਾਰਾਜ ਨੇ ਕੋਲ ਬੁਲਾਇਆ, ਭਾਈ ਡੱਲਾ ਇਸ਼ਨਾਨ ਆਦਿ ਕਰਕੇ ਗੁਰੂ ਜੀ ਪਾਸ ਪਹੁੰਚਿਆ। ਗੁਰੂ ਮਹਾਰਾਜ ਨੇ ਬਚਨ ਕੀਤਾ, "ਭਾਈ ਡੱਲੇ! ਅਸੀਂ ਤੇਰੀ ਸੇਵਾ ਤੋਂ ਬਹੁਤ ਪ੍ਰਸੰਨ ਹਾਂ; ਕੁਝ ਮੰਗ ਲੈ।" ਭਾਈ ਡੱਲਾ ਕਹਿਣ ਲੱਗਾ, "ਮਹਾਰਾਜ! ਮੰਗਣਾ ਕੀ ਹੈ ਤੁਸੀਂ ਸਿਰਫ ਆਪਣੀ ਦਰਗਾਹ ਵਿਚ ਮੈਨੂੰ ਇਕ ਪੀੜ੍ਹੀ ਜਿਨ੍ਹਾਂ ਥਾਂ ਦੇ ਦੇਓ।" ਮਹਾਰਾਜ ਕਹਿਣ ਲੱਗੇ ਇਹ ਤਾਂ ਹੋ ਹੀ ਨਹੀਂ ਸਕਦਾ ਕਿਉਂਕਿ ਤੂੰ ਤਾਂ ਅਜੇ ਤੱਕ ਸਿਖ ਹੀ ਨਹੀਂ ਬਣਿਆ। ਉਹ ਥਾਂ ਤਾਂ ਸਿੱਖਾਂ ਵਾਸਤੇ ਰਾਖਵੀਂ ਹੈ, ਤੈਨੂੰ ਨਹੀਂ ਮਿਲ ਸਕਦੀ। ਇਸ ਤਰ੍ਹਾਂ ਸੇਵਾ ਕਰਦੇ ਕਰਦੇ ਇਕ ਦਿਨ ਫਿਰ ਗੱਲ ਕੀਤੀ ਕਿ ਮਹਾਰਾਜ! ਸਾਹਿਬਜ਼ਾਦੇ ਸ਼ਹੀਦ ਹੋ ਗਏ, ਕਿੰਨੇ ਸਿੰਘ ਸ਼ਹੀਦ ਹੋ ਗਏ। ਮੇਰੇ ਬਰਾੜ, ਜਿਨ੍ਹਾਂ ਦੀਆਂ ਛਾਤੀਆਂ ਪੰਤਾਲੀ-ਪੰਤਾਲੀ ਇੰਚ ਤੋਂ ਘੱਟ ਨਹੀਂ ਹਨ। ਆਪ ਜੀ ਨਾਲ ਹੁੰਦੇ ਤਾਂ ਗੱਲ ਹੋਰ ਹੋਣੀ ਸੀ। ਤਾਹੀਓਂ ਮਹਾਰਾਜ ਨੇ ਔਰੰਗਜ਼ੇਬ ਨੂੰ ਕਿਹਾ ਸੀ ਕਿ 'ਈ ਕੌਮ ਬਰਾੜਾਂ' ਇਹ ਬਰਾੜਾਂ ਦੀ ਕੌਮ ਮੇਰੀ ਸਿੱਖੀ ਵਿਚ ਹੈ। ਔਰੰਗਜੇਬ ਤੂੰ ਮੇਰੇ ਕੋਲ ਆ, ਤੈਨੂੰ ਕੁਝ ਨਹੀਂ ਕਹਿਣਗੇ। ਡਰਦੇ ਮਾਰੇ ਉਹ ਆਇਆ ਹੀ ਨਹੀਂ ਸੀ।

ਇਸ ਇਲਾਕੇ ਤੇ ਜਿਥੇ ਅਸੀਂ ਬੈਠੇ ਹਾਂ, ਏਥੇ ਫੌਜ ਨਹੀਂ ਸੀ ਚੜ੍ਹਦੀ ਹੁੰਦੀ। ਇਹ ਇਲਾਕਾ ਹੋਰ ਤਰ੍ਹਾਂ ਦਾ ਸੀ। ਮਹਾਰਾਜ ਨੇ ਭਾਈ ਡੱਲੇ ਦੀ ਗੱਲ ਸੁਣ ਲਈ ਤੇ ਬਚਨ ਕੀਤਾ ਕਿ ਭਾਈ! ਗੱਲ ਤਾਂ ਦਿਲ ਦੀ ਹੁੰਦੀ ਹੈ, ਕੱਦ ਦੀ ਨਹੀਂ। ਕਹਿਣ ਲੱਗਿਆ, ਜਿਹੜਾ ਜਵਾਨ ਤਲਵਾਰ ਚਲਾਉਂਦਾ ਹੈ, ਘੋੜੇ ਦੀ ਕਾਠੀ ਵੱਢ ਕੇ ਧਰਤੀ ਤੱਕ ਚਲੀ ਜਾਂਦੀ ਹੈ। ਇਤਨਾ ਬਲ ਹੈ ਮੇਰੇ ਜਵਾਨਾਂ ਵਿਚ। ਮਹਾਰਾਜ ਨੇ ਫੁਰਮਾਇਆ ਕਿ ਕਿਸੇ ਦਿਨ ਗੱਲ ਕਰਾਂਗੇ। ਡੱਲਿਆ! ਤੇਰੇ ਬੰਦੇ ਸਿਦਕ ਤੋਂ ਹੀਣੇ ਹਨ, ਹੌਲੇ ਹਨ।

ਭਾਈ ਰਾਮ ਸਿੰਘ ਗੁਰੂ ਮਹਾਰਾਜ ਦੇ ਨਾਲ ਸੀ, ਜਦੋਂ ਤਲਵੰਡੀ ਦੀ ਜੂਹ ਵਿਚ ਦਾਖਲ ਹੋਣ ਲੱਗੇ ਤਾਂ ਉਸ ਨੇ ਗੁਰੂ ਮਹਾਰਾਜ ਦੇ ਘੋੜੇ ਦੀ ਵਾਗਾਂ ਫੜ ਲਈਆਂ। ਮਹਾਰਾਜ ਕਹਿਣ ਲੱਗੇ, "ਭਾਈ! ਕੀ ਗੱਲ, ਘੋੜੇ ਦੀਆਂ ਵਾਗਾਂ ਫੜ ਲਈਆਂ?" ਭਾਈ ਰਾਮ ਸਿੰਘ ਨੇ ਕਿਹਾ, "ਮਹਾਰਾਜ ਅੱਗੇ ਤਾਂ ਤਲਵੰਡੀ ਦਾ ਇਲਾਕਾ ਆ ਗਿਆ, ਸਾਡੀ ਤਨਖਾਹ ਕੌਣ ਦੇਵੇਗਾ?" ਮਹਾਰਾਜ ਨੇ ਕਿਹਾ, ਤੁਸੀਂ ਸਿੱਖੀ ਲੈਣੀ ਹੈ ਕਿ ਤਨਖਾਹ ਲੈਣੀ ਹੈ? ਦਾਨ ਸਿੰਘ ਨੇ ਕਿਹਾ," ਮਹਾਰਾਜ ਸਿੱਖ ਤਾਂ ਅਸੀਂ ਤੁਹਾਡੇ ਹੈਗੇ ਹੀ, ਹੋਰ ਸਿੱਖ ਕਿਸ ਤਰ੍ਹਾਂ ਬਣੀਦਾ ਹੈ? ਸਾਨੂੰ ਪੈਸੇ ਜ਼ਰੂਰ ਚਾਹੀਦੇ ਹਨ; ਬਾਲ ਬੱਚਿਆਂ ਨੂੰ ਅਸੀਂ ਕੀ ਦਈਏ?" ਰਾਮ ਸਿੰਘ ਕਹਿਣ ਲੱਗਾ ਸਾਡੇ ਤਾਂ ਛੌਲੇ ਵੀ ਸੁੱਕ ਗਏ, ਕ੍ਰਿਪਾ ਕਰਕੇ ਮੀਂਹ ਤਾਂ ਪਵਾ ਦਿਓ। ਗੁਰੂ ਮਹਾਰਾਜ ਨੇ ਉਪਰ ਤੀਰ ਮਾਰਿਆ, ਉਸੇ ਵਕਤ ਬਾਰਸ਼ ਹੋਣ ਲੱਗ ਪਈ। ਫੇਰ ਕਿਹਾ ਕਿ ਭਾਈ ਮੀਂਹ ਤਾਂ ਪੈ ਗਿਆ, ਦਸੋਂ ਹੁਣ ਸਿਖੀ ਲੈਣੀ ਹੈ ਜਾਂ ਪੈਸੇ? ਰਾਮ ਸਿੰਘ ਨੇ ਫੇਰ ਏਹੋ ਜਵਾਬ ਦਿਤਾ ਕਿ ਸਿੱਖ ਤਾਂ ਅਸੀਂ ਤੁਹਾਡੇ ਹੈਗੇ, ਪਰ ਸਾਨੂੰ ਪੈਸੇ ਚਾਹੀਦੇ ਹਨ। ਬਸ ਏਹੋ ਗੱਲ ਬਾਰ-ਬਾਰ ਕਹੀ ਜਾਵੇ। ਏਨੇ ਨੂੰ ਕੋਈ ਪ੍ਰੇਮੀ ਦਸਵੰਧ ਲੈ ਕੇ ਆ ਗਿਆ। ਗੁਰੂ ਮਹਾਰਾਜ ਨੇ ਢਾਲੇ ਭਰ-ਭਰ ਕੇ ਦੇਣੇ ਸ਼ੁਰੂ ਕਰ ਦਿਤੇ; ਜਦੋਂ ਰਾਮ ਸਿੰਘ ਦੀ ਵਾਰੀ ਆਈ ਉਸਨੇ ਫਿਰ ਕਿਹਾ ਕਿ ਸਿੱਖ ਤਾਂ ਮੈਂ ਹੈਗਾ ਹੀ ਪਰ ਮੈਨੂੰ ਪੈਸੇ ਚਾਹੀਦੇ ਹਨ। ਉਸ ਤੋਂ ਬਾਅਦ ਵਾਰੀ ਆਈ, ਦਾਨ ਸਿੰਘ ਦੀ। ਜਦੋਂ ਉਹਨੂੰ ਪੁਛਿਆ ਤਾਂ ਜਵਾਬ ਦਿੱਤਾ, "ਮਹਾਰਾਜ ਮੈਨੂੰ ਤਾਂ ਸਿਖੀ ਚਾਹੀਦੀ ਹੈ।" ਤਾਂ ਗੁਰੂ ਮਹਾਰਾਜ ਨੇ ਫੁਰਮਾਇਆ, "ਦਾਨ ਸਿੰਘ! ਤੂੰ ਤਾਂ ਮਾਲਵੇ ਦੀ ਰਖ ਲਈ ਤੇ ਭਾਈ ਮਹਾਂ ਸਿੰਘ ਨੇ ਮਾਝੇ ਦੀ ਰੱਖ ਲਈ।"

ਜਦੋਂ ਉਥੇ ਭਾਈ ਡੱਲੇ ਸ਼ਾਹ ਨੇ ਗੱਲ ਕੀਤੀ ਤਾਂ ਗੁਰੂ ਮਹਾਰਾਜ ਨੇ ਕਿਹਾ ਕਿ ਡੱਲਿਆ, ਸਿਦਕ ਹੋਰ ਚੀਜ਼ ਹੈ ਤੇ ਜ਼ੋਰ ਹੋਰ ਚੀਜ਼ ਹੈ। ਏਨੀ ਦੇਰ ਵਿਚ ਇਕ ਪ੍ਰੇਮੀ ਨਵੀਂ ਬੰਦੂਕ ਲੈ ਕੇ ਆ ਗਿਆ। ਗੁਰੂ ਮਹਾਰਾਜ ਕਹਿਣ ਲੱਗੇ, "ਡਲਿਆ! ਅਸੀਂ ਇਸ ਰਾਈਫਲ ਦਾ ਨਿਸ਼ਾਨਾ ਪਰਖਣਾ ਹੈ। ਇਹ ਪ੍ਰੇਮੀ ਜੋ ਲਿਆਇਆ ਹੈ, ਕਹਿੰਦਾ ਹੈ ਇਸ ਦਾ ਨਿਸ਼ਾਨਾ ਇਕ ਵਾਲ ਜਿੰਨਾਂ ਵੀ ਏਧਰ ਉਧਰ ਨਹੀਂ ਹੁੰਦਾ। ਤੂੰ ਜਾ ਕੇ ਆਪਣੇ ਦੋ ਜਵਾਨ ਲੈ ਕੇ ਆ - ਪੰਤਾਲੀ-ਪੰਤਾਲੀ ਇੰਚ ਵਾਲੀਆਂ ਛਾਤੀਆਂ ਵਾਲੇ। ਅਸੀਂ ਉਹਨਾਂ ਦੋਨਾਂ ਤੇ ਇਸਦਾ ਨਿਸ਼ਾਨਾ ਪਰਖਣਾ ਚਾਹੁੰਦੇ ਹਾਂ। ਜਦੋਂ ਇਹ ਸੁਣਿਆ, ਸਾਰੇ ਹੌਲੀ-ਹੌਲੀ ਖਿਸਕਣੇ ਸ਼ੁਰੂ ਹੋ ਗਏ। ਭਾਈ ਡੱਲਾ ਆ ਕੇ ਆਪਣੇ ਜਵਾਨਾਂ ਨੂੰ ਕਹਿਣ ਲੱਗਾ ਕਿ ਭਲੇ ਮਾਣਸੋ! ਤੁਸੀਂ ਤਾਂ ਮੇਰੀ ਬੇਇਜ਼ਤੀ ਕਰਵਾ ਦਿਤੀ। ਜਵਾਨ ਕਹਿਣ ਲੱਗੇ, ਸਰਦਾਰ ਜੀ! ਲੜਾਈ ਵਿਚ ਤਾਂ ਮਰ ਜਾਈਦਾ ਹੈ; ਐਵੇਂ ਥੋੜ੍ਹਾ ਬੰਦੂਕ ਦੇ ਸਾਮ੍ਹਣੇ ਨਿਸ਼ਾਨਾ ਪਰਖਣ ਵਾਸਤੇ ਖਲੋ ਕੇ ਮਰਨਾ ਹੈ। ਭਾਈ ਡੱਲੇ ਨੇ ਆ ਕੇ ਮਹਾਰਾਜ ਨੂੰ ਕਿਹਾ ਕਿ ਜਵਾਨ ਤਾਂ ਇਸ ਤਰ੍ਹਾਂ ਕਹਿੰਦੇ ਹਨ। ਮਹਾਰਾਜ ਕਹਿਣ ਲੱਗੇ ਫਿਰ ਤੂੰ ਆਪ ਖੜ੍ਹਾ ਹੋ ਜਾ, ਅਸੀਂ ਰਾਈਫਲ ਟੈਸਟ ਕਰਨੀ ਹੈ। ਡੱਲਾ ਕਹਿਣ ਲੱਗਾ, "ਮਹਾਰਾਜ! ਮੇਰੇ ਤਾਂ ਬੱਚੇ ਛੋਟੇ-ਛੋਟੇ ਹਨ।" ਤਾਂ ਮਹਾਰਾਜ ਨੇ ਕਿਹਾ, ਜਾਹ, ਜਾ ਕੇ ਸਾਡੇ ਕਿਸੇ ਸਿਖ ਨੂੰ ਕਹਿ। ਦੋ ਸਿਖ ਦਸਤਾਰੇ ਬੰਨ੍ਹ ਰਹੇ ਸਨ। ਇਕ ਬੰਨ੍ਹ ਚੁਕਾ ਸੀ, ਦੂਜਾ ਬੰਨ੍ਹ ਰਿਹਾ ਸੀ। ਭਾਈ ਡੱਲੇ ਨੇ ਜਾਕੇ ਆਵਾਜ਼ ਦਿੱਤੀ ਕਿ ਗੁਰੂ ਮਹਾਰਾਜ ਨੇ ਨਿਸ਼ਾਨਾ ਪਰਖਣਾ ਹੈ, ਇਕ ਸਿਖ ਦੀ ਲੋੜ ਹੈ। ਦੋਨੋਂ ਦੌੜੇ ਆ ਰਹੇ ਹਨ। ਇਕ ਪਹਿਲਾਂ ਆ ਕੇ ਖੜ੍ਹਾ ਹੋ ਗਿਆ, ਦੂਜਾ ਉਸਦੇ ਅੱਗੇ, ਪਿਛਲਾ ਫੇਰ ਉਸ ਦੇ ਅੱਗੇ। ਇਸ ਤਰ੍ਹਾਂ ਕਰਦੇ-ਕਰਦੇ ਗੁਰੂ ਸਾਹਿਬ ਕੋਲ ਪਹੁੰਚ ਗਏ। ਸਿੱਖ ਕਹਿਣ ਲੱਗੇ, ਅਸੀਂ ਦੋਨਾਂ ਨੇ ਆਪ ਜੀ ਦਾ ਹੁਕਮ ਇਕੱਠਾ ਸੁਣਿਆ ਸੀ। ਗੁਰੂ ਮਹਾਰਾਜ ਨੇ ਕਿਹਾ ਕਿ ਠੀਕ ਹੈ, ਤੁਸੀ ਦੋਨੋਂ ਅੱਗੇ ਪਿਛੇ ਖੜ੍ਹੇ ਹੋ ਜਾਵੋ। ਉਹ ਖੜ੍ਹੇ ਹੋ ਗਏ। ਭਾਈ ਡੱਲਾ ਦੇਖ ਕੇ ਹੈਰਾਨ ਹੋ ਗਿਆ ਕਿ ਗੁਰੂ ਜੀ ਨੇ ਤਾਂ ਸਿਧਾ ਨਿਸ਼ਾਨਾ ਉਹਨਾਂ ਤੇ ਹੀ ਲਗਾਇਆ ਹੈ। ਗੁਰੂ ਮਹਾਰਾਜ ਨੇ ਗੋਲੀ ਛੱਡ ਦਿੱਤੀ, ਦੋਨਾਂ ਦੀਆਂ ਦਸਤਾਰਾਂ ਨੂੰ ਛੋਹਦੀ ਹੋਈ ਪਾਰ ਹੋ ਗਈ ਤਾਂ ਗੁਰੂ ਮਹਾਰਾਜ ਨੇ ਫੁਰਮਾਇਆ ਕਿ ਇਹ ਸਿਦਕੀ ਸਿੱਖ ਹਨ। ਦੇਖਣ ਨੂੰ ਤਾਂ ਮਾੜੇ ਲਗਦੇ ਹਨ ਪਰ ਚਮਕੌਰ ਸਾਹਿਬ ਵਿਚ ਸਵਾ-ਸਵਾ ਲੱਖ ਨਾਲ ਲੜੇ ਹਨ; ਇਹ ਸਿਦਕੀ ਸਿੱਖ ਹਨ। ਦੂਜੇ ਹੁੰਦੇ ਹਨ ਭਾਵਨੀ ਦੇ ਸਿੱਖ ਜੋ ਗੁਰੂ ਨੂੰ ਪਰਮੇਸ਼ਰ ਸਮਝਿਆ ਕਰਦੇ ਹਨ। ਉਹ ਕਦੀ ਨਹੀਂ ਡੋਲਦੇ। ਬਾਕੀ ਜੋ ਕੱਚੇ ਹੁੰਦੇ ਹਨ ਉਹ ਤਾਂ ਡੋਲ ਜਾਂਦੇ ਹਨ ਪਰ ਸਿਦਕੀ ਨਹੀਂ ਡੋਲਦਾ, ਭਾਵਨੀ ਵਾਲਾ ਨਹੀਂ ਡੋਲਦਾ।

ਸੋ ਪਿੰਡ ਵਾਲਿਆਂ ਨੇ ਭਾਈ ਤੀਰਥੇ ਨੂੰ ਜੂਹ ਤੋਂ ਬਾਹਰ ਕੱਢ ਦਿੱਤਾ। ਉਸ ਵਕਤ ਐਸੀ ਹਾਲਤ ਸੀ, ਬਾਣੀ ਦਾ ਫੁਰਮਾਨ ਹੈ -

***ਜਾ ਕਉ ਮੁਸਕਲੁ ਅਤਿ ਬਣੈ ਢੋਈ ਕੋਇ ਨ ਦੇਇ॥***
***ਪੰਨਾ - 70***

ਐਨੀ ਮੁਸ਼ਕਲ ਬਣਨ ਤੇ ਕੋਈ ਵੀ ਬੰਦਾ ਆਸਰਾ ਨਹੀਂ ਦਿੰਦਾ।

***ਧਾਰਨਾ - ਢੋਈ ਕੋਈ ਦੇਵੇ ਨਾ,***
***ਮੁਸ਼ਕਲ ਹੁਣ ਬਹੁਤੀ ਬਣ ਗਈ -2, 2.***
***ਮੁਸ਼ਕਲ ਹੁਣ ਬਹੁਤੀ ਬਣ ਗਈ -2, 2.***
***ਢੋਈ ਕੋਈ ਦੇਵੇ ਨਾ, ............।***

ਐਨਾ ਵੱਡਾ ਸਰਦਾਰ, ਕਿੰਨੇ ਪਿੰਡਾਂ ਦਾ ਚੌਧਰੀ ਅੱਜ ਮੰਗਤਾ ਬਣਾ ਦਿੱਤਾ। ਕੋਲ ਕੋਈ ਵੀ ਚੀਜ਼ ਨਾ ਰਹੀ। ਮਹਾਰਾਜ ਕਹਿੰਦੇ ਹਨ -

***'ਜਾ ਕਉ ਮੁਸਕਲੁ ਅਤਿ ਬਣੇ'*** ਅਤਿ (extreme) ਨੂੰ ਕਹਿੰਦੇ ਹਨ ***'ਢੋਈ ਕੋਇ ਨਾ ਦੇਇ॥'*** ਜਿਹੜੇ ਭਰਾ ਕੱਲ੍ਹ ਤੱਕ

ਕੋਲ ਆ ਕੇ ਬੈਠਦੇ ਸੀ, ਕਹਿੰਦੇ ਸੀ ਅਸੀਂ ਤੇਰੀਆਂ ਬਾਹਵਾਂ ਹਾਂ, ਖੁਸ਼ਾਮਦ ਕਰਦੇ ਸੀ, ਪਰ ਹੁਣ ਆ ਕੇ ਕੋਲ ਨਹੀਂ ਕੋਈ ਖਲੋਂਦਾ।

*ਧਾਰਨਾ - ਭੈਣਾਂ ਤੇ ਭਾਈ ਜੀ,*
*ਲਾਗੂ ਸਭ ਦੁਸ਼ਮਨ ਬਣ ਗਏ -2, 2.*
*ਲਾਗੂ ਸਭ ਦੁਸ਼ਮਨ ਬਣ ਗਏ -2, 2.*
*ਭੈਣਾਂ ਤੇ ਭਾਈ ਜੀ, ............।*

ਕੋਈ ਆ ਕੇ ਆਸਰਾ ਨਹੀਂ ਦਿੰਦਾ, ਬੜੀ ਮੁਸ਼ਕਲ ਬਣ ਗਈ। ਐਸੀ ਅਵਸਥਾ ਦੇ ਵਿਚ ਕੁਦਰਤੀ ਤੌਰ ਤੇ ਮਾੜੇ ਖਿਆਲ ਆ ਜਾਂਦੇ ਹਨ।

*ਧਾਰਨਾ - ਝੱਟ ਕਿਥੇ ਲੰਘਾਵਾਂ ਓ,*
*ਮਾਲਕਾ ਦੁਨੀਆਂ ਟਿਕਣ ਨਾ ਦੇਵੇ -2, 2.*
*ਦੁਨੀਆਂ ਟਿਕਣ ਨਾ ਦੇਵੇ ਮਾਲਕਾ -2, 2.*
*ਝੱਟ ਕਿਥੇ ਲੰਘਾਵਾਂ ਓ, ..........-2*

*ਏਸ ਕਲੀਓ ਪੰਜ ਭੀਤਿਓ ਕਿਉ ਕਰਿ ਰਖਾ ਪਤਿ॥*
*ਜੇ ਬੋਲਾਂ ਤਾਂ ਆਖੀਐ ਬੜ ਬੜ ਕਰੈ ਬਹੁਤ॥*
*ਚੁਪ ਕਰਾਂ ਤਾਂ ਆਖੀਐ ਇਤ ਘਟਿ ਨਾਹੀ ਮਤਿ॥*
*ਜੇ ਬਹਿ ਰਹਾ ਤਾ ਆਖੀਐ ਬੈਠਾ ਸਥਰ ਘਤ॥*
*ਉਠ ਜਾਈ ਤਾ ਆਖੀਐ ਛਾਰੁ ਗਇਆ ਸਿਰ ਘਤਿ॥*
*ਜੇ ਕਰਿ ਨਿਵਾਂ ਤਾਂ ਆਖੀਐ ਡਰਦਾ ਕਰੇ ਭਗਤ॥*
*ਕਾਈ ਗਲੀ ਨ ਮੇਵਨੀ ਕਿਥੇ ਕਢਾ ਝਤਿ॥*
*ਏਥੇ ਓਥੈ ਨਾਨਕਾ ਕਰਤਾ ਰਖੈ ਪਤਿ॥*

ਐਸੀ ਹਾਲਤ ਕਿਸੇ ਦੀ ਹੋ ਜਾਵੇ ਤਾਂ ਕੇਵਲ ਉਸਨੂੰ ਹੀ ਪਤਾ ਹੁੰਦਾ ਹੈ ਕਿ ਉਸ ਉਪਰ ਕੀ ਬੀਤਦੀ ਹੈ। ਦੂਜਿਆਂ ਵਾਸਤੇ ਤਾਂ ਕੇਵਲ ਇਕ ਕਹਾਣੀ ਜਿਹੀ ਬਣ ਜਾਂਦੀ ਹੈਂ। ਪਤਨੀ ਨਾਲ ਜਾ ਰਹੀ ਹੈ, ਲੜਕੀ ਨਾਲ ਜਾ ਰਹੀ ਹੈ। ਕੋਈ ਪਾਣੀ ਨਹੀਂ ਦਿੰਦਾ। ਲੋਕ ਸੋਚਦੇ ਰਹੇ ਕਿ ਜੇ ਅਸੀਂ ਇਸ ਦੀ ਮੱਦਦ ਕਰਾਂਗੇ ਤਾਂ ਪੀਰ ਸਾਡੇ ਨਾਲ ਨਾਰਾਜ਼ ਹੋ ਜਾਵੇਗਾ। ਇਹਨਾਂ ਦਾ ਤਾਂ ਸਭ ਕੁਝ ਖਤਮ ਹੋ ਗਿਆ, ਸਾਡਾ ਵੀ ਸਭ ਕੁਝ ਖਤਮ ਹੋ ਜਾਵੇਗਾ। ਸੋਚਦੇ ਹਨ ਕਿ ਪਤਾ ਨਹੀਂ ਪ੍ਰਸ਼ਾਦਾ ਵੀ ਕਿਥੇ ਮਿਲੇਗਾ। ਭਾਈ ਤੀਰਥਾ ਕਹਿਣ ਲੱਗਾ ਕਿ ਗੁਰੂ ਸਾਹਿਬ ਦਾ ਹੁਕਮ ਹੈ, ਜਦੋਂ ਤੱਕ ਅਸੀਂ ਬੁਲਾਈਏ ਨਾ, ਉਦੋਂ ਤੱਕ ਤੂੰ ਆਉਣਾ ਨਹੀਂ। ਘਰਵਾਲੀ ਕਹਿਣ ਲੱਗੀ ਕਿ ਨਾ ਸਾਡੇ ਕੋਲ ਕੋਈ ਕਪੜਾ ਹੈ, ਨਾ ਕੋਈ ਪੈਸਾ ਹੈ, ਅਸੀਂ ਕੀ ਕਰਾਂਗੇ? ਭਾਈ ਤੀਰਥਾ ਕਹਿਣ ਲੱਗਾ ਕਿ ਦੇਖ, ਵਾਹਿਗੁਰੂ ਜੀ ਦਾ ਇੰਤਜ਼ਾਮ ਬਹੁਤ ਵੱਡਾ ਹੈ, ਤੂੰ ਇਹਨਾਂ ਪੰਛੀਆਂ ਨੂੰ ਦੇਖਦੀ ਹੈਂ?

*ਕਾਹੇ ਰੇ ਮਨ ਚਿਤਵਹਿ ਉਦਮੁ*
*ਜਾ ਆਹਰਿ ਹਰਿ ਜੀਉ ਪਰਿਆ॥*
*ਸੈਲ ਪਥਰ ਮਹਿ ਜੰਤ ਉਪਾਏ*
*ਤਾ ਕਾ ਰਿਜਕੁ ਆਗੈ ਕਰਿ ਧਰਿਆ॥ ਪੰਨਾ - 10*

ਉਹ ਤਾਂ ਰਾਜ਼ਕ ਹੈ, ਉਸਨੇ ਰਿਜਕ ਤਾਂ ਦੇਣਾ ਹੀ ਦੇਣਾ ਹੈ। ਭਾਈ ਤੀਰਥੇ ਵਾਸਤੇ ਚਾਰੇ ਪਾਸੇ ਦੁਖ ਹੀ ਦੁਖ ਨਜ਼ਰ ਆ ਰਿਹਾ ਹੈ ਪਰ ਕੋਈ ਸ਼ਿਕਵਾ ਨਹੀਂ ਕਰ ਰਿਹਾ, ਕੋਈ ਦਿਲ ਵਿਚ ਗੁੱਸਾ ਨਹੀਂ ਕਿ ਮੈਂ ਸਿੱਖੀ ਧਾਰਨ ਕੀਤੀ ਹੈ, ਤਾਂ ਮੇਰਾ ਇਹ ਹਾਲ ਹੋ ਗਿਆ ਹੈ, ਕਿਥੇ ਮੈਂ ਪਿੰਡ ਦਾ ਚੌਧਰੀ ਸੀ। ਮਨ ਵਿਚ ਐਸਾ ਧਿਆਨ ਆ ਰਿਹਾ ਹੈ -

*ਧਾਰਨਾ - ਕਿਤੇ ਡੋਲ ਨਾ ਜਾਈਂ ਓ ਮਨਾ ਮੇਰਿਆ,*
*ਦੁਖਾਂ ਦੇ ਪਹਾੜ ਵੇਖ ਕੇ -2, 2.*
*ਮੇਰੇ ਪਿਆਰੇ, ਦੁਖਾਂ ਦੇ ਪਹਾੜ ਵੇਖ ਕੇ - 2, 2.*
*ਕਿਤੇ ਡੋਲ ਨਾ ਜਾਈਂ ਓ ਮਨਾ ਮੇਰਿਆ,...2*

*ਦੀਨਨ ਕੀ ਪ੍ਰਤਿਪਾਲ ਕਰੈ ਨਿਤ ਸੰਤ ਉਬਾਰ ਗਨੀਮਨ ਗਾਰੈ॥*
*ਪੱਛ ਪਸੂ ਨਗ ਨਾਗ ਨਰਾਧਪ ਸਰਬ ਸਮੈ ਸਭ ਕੋ ਪ੍ਰਤਿਪਾਰੈ॥*
*ਪੋਖਤ ਹੈ ਜਲ ਮੈ ਥਲ ਮੈ ਪਲ ਮੈ ਕਲ ਕੇ ਨਹੀ ਕਰਮ ਬਿਚਾਰੈ॥*
*ਦੀਨ ਦਇਆਲ ਦਇਆ ਨਿਧਿ ਦੋਖਨ ਦੇਖਤ ਹੈ ਪਰ ਦੇਤ ਨ ਹਾਰੈ॥*
***ਤ੍ਵਪ੍ਰਸਾਦਿ ਸਵੱਯੇ***

ਵਾਹਿਗੁਰੂ ਤਾਂ ਸਾਰਿਆਂ ਨੂੰ ਪਾਲਦਾ ਹੈ -

*ਤੂ ਕਾਹੇ ਡੋਲਹਿ ਪ੍ਰਾਣੀਆ ਤੁਧੁ ਰਾਖੈਗਾ ਸਿਰਜਣਹਾਰੁ॥*
*ਜਿਨਿ ਪੈਦਾਇਸਿ ਤੂ ਕੀਆ ਸੋਈ ਦੇਇ ਆਧਾਰੁ॥*
*ਪੰਨਾ - 724*

ਉਹ ਹੀ ਆਧਾਰ ਵੀ ਦੇਵੇਗਾ -

*ਘਟਿ ਘਟਿ ਮਾਲਕੁ ਦਿਲਾ ਦਾ ਸਚਾ ਪਰਵਦਗਾਰੁ॥*
*ਪੰਨਾ - 724*

ਸੋ ਸਾਧਸੰਗਤ ਜੀ! ਪਰਮੇਸ਼ਰ ਰੋਜ਼ੀ ਤਾਂ ਦਿੰਦਾ ਹੀ ਹੈ, ਇਹ ਵਾਹਿਗੁਰੂ ਜੀ ਦੀ ਡਿਊਟੀ ਹੈ।

ਸੰਤ ਮਹਾਰਾਜ ਬਾਬਾ ਅਤਰ ਸਿੰਘ ਜੀ ਮਸਤੂਆਣੇ ਵਾਲੇ ਦਮਦਮਾ ਸਾਹਿਬ ਸਨ। ਜਦੋਂ ਉਹ ਹਜ਼ੂਰ ਸਾਹਿਬ ਕੰਮ ਕਰ ਰਹੇ ਸੀ ਉਦੋਂ ਉਹ ਸਵਾ ਲੱਖ ਜਪੁਜੀ ਸਾਹਿਬ ਦਾ ਪਾਠ ਕਰ ਰਹੇ ਸੀ, ਉਸ ਵੇਲੇ ਉਹਨਾਂ ਦੇ ਮਨ ਵਿਚ ਆਇਆ ਕਿ ਪਾਣੀ ਵਿਚ ਬੈਠ ਕੇ ਪਾਠ ਕਰੀਏ। ਉਹ ਗੋਦਾਵਰੀ ਨਦੀ, ਜੋ ਹਜ਼ੂਰ ਸਾਹਿਬ ਤੋਂ ਕੋਈ ਚਾਰ ਕੁ ਮੀਲ ਅੱਗੇ ਸੀ, ਜਾ ਕੇ ਬੈਠ ਗਏ। ਪਹਿਲਾ ਦਿਨ ਲੰਘਿਆ ਤਾਂ ਗੁਰਦਵਾਰੇ ਦੇ ਹੈਡ ਗ੍ਰੰਥੀ ਜੀ ਨੂੰ ਸੁਪਨਾ ਆਇਆ, 'ਮੇਰਾ ਇਕ ਪਿਆਰਾ ਪਾਣੀ ਵਿਚ ਬੈਠਾ ਹੈ, ਉਸਨੂੰ ਪ੍ਰਸ਼ਾਦਾ ਦੇ ਕੇ ਆ। ਉਸਨੇ ਸੁਪਨੇ ਵੱਲ ਕੋਈ ਧਿਆਨ ਹੀ ਨਾ ਦਿੱਤਾ। ਤੀਜੇ ਦਿਨ ਹੈਡ ਗ੍ਰੰਥੀ ਨੂੰ ਫੇਰ ਸੁਪਨਾ ਆਇਆ ਕਿ ਤੂੰ ਕੱਲ ਮੇਰੇ ਪਿਆਰੇ ਵਾਸਤੇ ਪ੍ਰਸ਼ਾਦਾ ਹੀ ਨਹੀਂ ਲੈ ਕੇ ਗਿਆ। ਜਦੋਂ ਉਸਨੇ ਘਰਵਾਲੀ ਨਾਲ ਗੱਲ ਕੀਤੀ ਤਾਂ ਕਹਿਣ ਲੱਗੀ, ਤੁਹਾਨੂੰ ਕੋਈ ਲੜਾਈਆਂ ਦੇ ਸੁਪਨੇ ਥੋੜ੍ਹੀ ਆਉਣਗੇ, ਨਾ ਖੇਤਾਂ ਦੇ, ਤੁਹਾਨੂੰ ਤਾਂ ਲੰਗਰਾਂ ਦੇ ਸੁਪਨੇ ਹੀ ਆਉਣੇ ਹਨ। ਚੌਥਾ ਦਿਨ ਵੀ ਲੰਘ ਗਿਆ, ਪੰਜਵਾਂ ਦਿਨ ਆ ਗਿਆ। ਪੰਜਵੇਂ ਦਿਨ ਫਿਰ ਸੁਪਨਾ ਆਇਆ ਤੇ ਗੁਰੂ ਮਹਾਰਾਜ ਨੇ ਕੁਝ ਕਰੜੇ ਹੋ ਕੇ ਕਿਹਾ ਕਿ ਸਿੱਖਾ ਅਸੀਂ ਤੈਨੂੰ ਰੋਜ਼ ਕਹਿੰਦੇ ਹਾਂ ਕਿ ਸਾਡਾ ਪਿਆਰਾ ਪੰਜ ਦਿਨ ਦਾ ਭੁੱਖਾ ਬੈਠਾ ਹੈ, ਜਾ ਕੇ ਉਸਨੂੰ ਪ੍ਰਸ਼ਾਦਾ ਦੇ ਕੇ ਆ। ਘਰਵਾਲੀ ਕਹਿਣ ਲੱਗੀ ਕਿ ਤੈਨੂੰ ਬਾਰ-ਬਾਰ ਖਿਆਲ ਆਉਂਦੇ ਹਨ, ਤੇਰੇ ਚਿੱਤ ਵਿਚ ਗੱਲ ਗਹਿਰੀ ਬੈਠ ਗਈ ਹੈ। ਉਹ ਕਹਿਣ ਲੱਗਾ, ਨਹੀਂ, ਐਸੀ ਗੱਲ ਨਹੀਂ, ਮੈਨੂੰ ਤਾਂ ਮਹਾਰਾਜ ਜੀ ਸੱਚੀਂ ਹੀ ਕਹਿੰਦੇ ਹਨ। ਪ੍ਰਸ਼ਾਦਾ ਲੈ ਕੇ ਤੁਰ ਪਿਆ। ਦੋ ਤਿੰਨ ਮੀਲ ਜਾ ਕੇ ਸੋਚਣ ਲੱਗ ਪਿਆ

ਕਿ ਮਨਾ, ਨਾ ਜਾਣ ਨਾ ਪਹਿਚਾਨ, ਐਵੇਂ ਪ੍ਰਸ਼ਾਦਾ ਚੁਕੀ ਫਿਰਦਾ ਹੈਂ; ਕਿਸਨੂੰ ਜਾ ਕੇ ਪ੍ਰਸ਼ਾਦਾ ਦੇਵੇਂਗਾ? ਏਥੇ ਤਾਂ ਬੇਅੰਤ ਹੀ ਤੁਰੇ ਫਿਰਦੇ ਹਨ, ਵਾਪਸ ਮੁੜ ਆਇਆ। ਛੇਵੇਂ ਦਿਨ ਫੇਰ ਸੁਪਨਾ ਆ ਗਿਆ, ਫੇਰ ਪ੍ਰਸ਼ਾਦਾ ਲੈ ਕੇ ਗਿਆ। ਸੰਤ ਅੱਠ ਮੀਲ ਦੀ ਦੂਰੀ ਤੇ ਪਾਣੀ ਵਿਚ ਬੈਠੇ ਪਾਠ ਕਰ ਰਹੇ ਹਨ, ਉਸ ਵੇਲੇ ਫਤਹਿ ਬੁਲਾਈ ਤੇ ਸੰਤ ਬਾਹਰ ਆਏ, ਸਾਰੀ ਵਾਰਤਾ ਦੱਸੀ ਸੰਤਾਂ ਨੂੰ ਕਿ ਮੈਨੂੰ ਰੋਜ਼ ਕਲਗੀਧਰ ਪਾਤਸ਼ਾਹ ਆ ਕੇ ਕਹਿੰਦੇ ਹਨ ਕਿ ਮੇਰਾ ਪਿਆਰਾ ਭੁੱਖਾ ਹੈ, ਜਾ ਕੇ ਪ੍ਰਸ਼ਾਦਾ ਦੇ ਕੇ ਆ। ਪਹਿਲਾਂ ਤਾਂ ਮੈਂ ਗੌਲਿਆ ਹੀ ਨਹੀਂ, ਮੇਰੀ ਭੁੱਲ ਮਾਫ ਕਰੋ, ਖਿਮਾਂ ਕਰੋ। ਸੰਤ ਕਹਿਣ ਲੱਗੇ ਕਿ ਗੁਰੂ ਕਲਗੀਧਰ ਨੂੰ ਐਨੀ ਖੇਚਲ ਕਰਨੀ ਪੈਂਦੀ ਹੈ ਸਾਡੇ ਵਾਸਤੇ, ਅਸੀਂ ਉਥੇ ਬਾਹਰ ਬੈਠ ਕੇ ਹੀ ਭਜਨ ਕਰ ਲਵਾਂਗੇ। ਸੋ ਰੋਟੀ ਤਾਂ ਗੁਰੂ ਨੇ ਦੇਣੀ ਹੀ ਦੇਣੀ ਹੈ। ਇਸ ਤਰ੍ਹਾਂ ਕਿੰਨੇ ਮਹਾਂਪੁਰਸ਼ ਹੋਏ, ਬੇਅੰਤ ਮਿਸਾਲਾਂ ਹਨ।

ਸੋ ਭਾਈ ਤੀਰਥਾ ਮਨ ਨੂੰ ਸਮਝਾਉਂਦਾ ਜਾਂਦਾ ਹੈ ਕਿ ਤੂੰ ਡੋਲੀਂ ਨਾ। ਚਲਦਿਆਂ ਚਲਦਿਆਂ ਭਲੇ ਪੁਰਸ਼ਾਂ ਦਾ ਪਿੰਡ ਆ ਗਿਆ ਜਿਥੇ ਲੋਕ ਪਰਮੇਸ਼ਰ ਨੂੰ ਮੰਨਦੇ ਸੀ, ਉਥੇ ਜਾ ਕੇ ਪਿੰਡ ਦੇ ਚੌਧਰੀ ਨਾਲ ਗੱਲ ਕੀਤੀ ਕਿ ਮੇਰੇ ਨਾਲ ਇਸ ਤਰ੍ਹਾਂ ਭਾਣਾ ਵਰਤਿਆ ਹੈ, ਮੇਰੀ ਥੋੜ੍ਹੀ ਜਿਹੀ ਮੱਦਦ ਕਰ ਦਿਓ। ਚੌਧਰੀ ਨੇ ਪੁਛਿਆ, ਤੈਨੂੰ ਕੀ ਚਾਹੀਦਾ ਹੈ? ਤਾਂ ਕਹਿਣ ਲਗਾ ਕਿ ਇਕ ਤਾਂ ਮੈਨੂੰ ਤੰਗੜ ਲੈ ਦਿਓ ਜਿਸ ਵਿਚ ਮੈਂ ਘਾਹ ਖੋਤ ਕੇ ਬੰਨ੍ਹ ਕੇ ਲੈ ਆਇਆ ਕਰਾਂ, ਇਕ ਦਾਤੀ ਦੇ ਦਿਓ, ਜਾਂ ਖੁਰਪਾ ਦੇ ਦਿਓ, ਇਕ ਥੋੜ੍ਹੀ ਜੇਹੀ ਥਾਂ ਦੇ ਦਿਓ ਜਿਥੇ ਮੈਂ ਇਕ ਝੌਂਪੜੀ ਪਾ ਲਵਾਂ। ਕੱਲ ਜੋ ਆਪ ਐਨੇ ਪਿੰਡਾਂ ਦਾ ਵੱਡਾ ਚੌਧਰੀ ਸੀ, ਅੱਜ ਇਕ ਝੌਂਪੜੀ ਲਈ ਖੁਦ ਥਾਂ ਮੰਗ ਰਿਹਾ ਹੈ। ਝੌਂਪੜੀ ਪਾ ਲਈ, ਥੋੜ੍ਹੇ ਜਿਹੇ ਪੈਸਿਆਂ ਦਾ ਘਾਹ ਵੇਚਦਾ ਹੈ, ਲੱਕੜਾਂ ਚੁਗ ਕੇ ਲਿਆਉਂਦਾ ਹੈ, ਉਹ ਵੇਚ ਦਿੰਦਾ ਹੈ। ਇਸ ਤਰ੍ਹਾਂ ਆਪਣਾ ਗੁਜ਼ਾਰਾ ਕਰਦਾ ਹੈ। ਚੌਥਾ ਹਿੱਸਾ ਗੁਰੂ ਦੇ ਨਮਿੱਤ ਰੱਖ ਦਿੰਦਾ ਹੈ। ਰੋਜ਼ ਇਕ ਆਨੇ ਦੀ ਕਿਰਤ ਕਰਦਾ ਹੈ। ਉਦੋਂ ਆਨਾ (ਚਾਰ ਪੈਸੇ) ਬਹੁਤ ਵੱਡਾ ਸੀ, ਬਹੁਤ ਵੱਡੀ ਕੀਮਤ ਸੀ। ਉਦੋਂ ਇਕ ਰੁਪੈ ਦੇ ਸਾਢੇ ਨੌਂ ਮਣ ਛੋਲੇ ਆਉਂਦੇ ਸੀ। ਉਦੋਂ ਸੋਲ੍ਹਾਂ ਆਨਿਆਂ ਦਾ ਇਕ ਰੁਪਿਆ ਹੁੰਦਾ ਸੀ। ਸਾਧ ਸੰਗਤ ਜੀ! ਆਪੇ ਹੀ ਜਰਾ ਹਿਸਾਬ ਲਗਾ ਕੇ ਦੇਖੋ ਕਿ ਇਕ ਆਨੇ ਦੇ ਕਿੰਨੇ ਛੋਲੇ ਆਉਂਦੇ ਸੀ। 20 ਸੇਰ ਤੋਂ ਵੱਧ ਆਉਂਦੇ ਸੀ। ਉਹ ਪੈਸੇ ਰਖੀ ਗਿਆ। ਜਦੋਂ ਕਾਫੀ ਸਮਾਂ ਲੰਘ ਗਿਆ ਤਾਂ ਗੁਰੂ ਮਹਾਰਾਜ ਨੇ ਅੰਤਰ ਧਿਆਨ ਹੋ ਕੇ ਦੇਖਿਆ ਕਿ ਭਾਈ ਤੀਰਥਾ ਅਜੇ ਤੱਕ ਤਾਂ ਦ੍ਰਿੜ੍ਹ ਹੈ, ਇਸ ਤੇ ਦੂਜਾ ਪੇਪਰ ਪਾਈਏ। ਉਸ ਵੇਲੇ ਆਪਣੇ ਇਕ ਗੁਰਸਿਖ ਨੂੰ ਹੁਕਮਨਾਮਾ ਦੇ ਕੇ ਭੇਜ ਦਿੱਤਾ ਤੇ ਕਿਹਾ ਕਿ ਜਾਹ ਭਾਈ, ਫਲਾਣੇ ਪਿੰਡ ਵਿਚ ਸਾਡਾ ਇਕ ਪ੍ਰੇਮੀ ਰਹਿੰਦਾ ਹੈ ਜਿਸਨੂੰ ਲੋਕ ਭਾਈ ਮੰਝ ਕਰਕੇ ਕਹਿੰਦੇ ਹਨ, ਤੀਰਥਾ ਉਹਦਾ ਨਾਮ ਹੈ, ਆਹ ਸਾਡਾ ਹੁਕਮਨਾਮਾ ਉਸਨੂੰ ਦੇ ਦੇਵੀਂ; ਪਰ ਦੇਣਾ ਤਾਂ ਹੈ ਜੇਕਰ ਉਹ ਇਸਦੀ ਦਰਸ਼ਨ ਭੇਟ ਵੀਹ ਰੁਪਏ ਪਹਿਲਾਂ ਦੇਵੇ। ਸਖਤ ਰਹੀਂ, ਗਰੀਬੀ ਦੇਖ ਕੇ ਕਿਧਰੇ ਪਿਘਲ ਨਾ ਜਾਈਂ। ਜਦੋਂ ਹੁਕਮਨਾਮਾ ਪਹੁੰਚ ਗਿਆ, ਉਹਦੇ ਵਾਸਤੇ 20 ਰੁਪਏ ਦੇਣੇ ਕਿਤਨੇ ਮੁਸ਼ਕਲ ਸਨ ਜਦਕਿ ਕੇਵਲ ਚਾਰ ਪੈਸੇ ਦੀ ਕਿਰਤ ਰੋਜ਼ ਕਰਦਾ ਸੀ। ਵੀਹ ਰੁਪਏ ਵੀ ਕਿਹੜੇ ਅੱਜ ਵਾਲੇ ਸਨ। ਉਦੋਂ ਦੇ ਵੀਹ ਰੁਪਏ ਤਾਂ ਕਈ ਹਜ਼ਾਰਾਂ ਦੇ ਬਰਾਬਰ ਸਨ। ਅੱਜ ਕੱਲ ਦੇ ਦਸ ਹਜ਼ਾਰ ਤੋਂ ਵੱਧ ਸਨ। ਇਕ ਮਜ਼ਦੂਰੀ ਕਰਨ ਵਾਲਾ ਐਨਾ ਨਹੀਂ ਦੇ ਸਕਦਾ। ਜਦੋਂ ਮੇਵੜੇ ਨੇ ਦਸਿਆ ਕਿ ਮੈਂ ਗੁਰੂ ਮਹਾਰਾਜ ਕੋਲੋਂ ਆਇਆ ਹਾਂ, ਤੇ ਗੁਰੂ ਮਹਾਰਾਜ ਨੇ ਹੁਕਮਨਾਮਾ ਭੇਜਿਆ ਹੈ ਤਾਂ ਸਾਰੇ ਪਰਿਵਾਰ ਨੇ ਮੇਵੜੇ ਦੇ ਚਰਣ ਧੋਤੇ, ਚਰਣਾਮਿਤ ਲਿਆ, ਸੇਵਾ ਕੀਤੀ। ਕਹਿਣ ਲੱਗੇ ਕੋਈ ਹੁਕਮ ਦੱਸੋ। ਸਾਧ ਸੰਗਤ ਜੀ! ਜਦੋਂ ਕੋਈ ਆਪਣੇ ਪਿਆਰੇ ਕੋਲੋਂ ਆਉਂਦਾ ਹੁੰਦਾ ਹੈ ਉਸ ਦੀਆਂ ਗੱਲਾਂ ਨਹੀਂ ਮੁਕਦੀਆਂ; ਜੇ ਇਕ ਵਾਰੀ ਸੁਣਾ ਦਿੱਤੀ ਤਾਂ ਕਹਿੰਦਾ ਹੈ ਫੇਰ ਸੁਣਾ, ਫੇਰ ਸੁਣਾ। ਉਸਦੀ ਕੀਮਤ ਕਿੰਨੀ ਹੁੰਦੀ ਹੈ –

***ਤੈ ਸਾਹਿਬ ਕੀ ਬਾਤ ਜਿ ਆਖੈ ਕਹੁ ਨਾਨਕ ਕਿਆ ਦੀਜੈ॥***
***ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ॥***
***ਪੰਨਾ – 558***

ਖੁਸ਼ੀ ਨਾਲ ਭਾਈ ਮੰਝ ਦਾ ਪੈਰ ਧਰਤੀ ਤੇ ਨਹੀਂ ਲਗਦਾ, ਪਰਿਵਾਰ ਦਾ ਪੈਰ ਨਹੀਂ ਲਗਦਾ। ਕਹਿਣ ਲਗੇ ਸ਼ੁਕਰ ਹੈ, ਗੁਰੂ ਸਾਹਿਬ ਨੇ ਯਾਦ ਤਾਂ ਰੱਖਿਆ। ਲੋਕਾਂ ਨੇ ਸਾਨੂੰ ਛੱਡ ਦਿੱਤਾ ਪਰ ਮਹਾਰਾਜ ਨੇ ਤਾਂ ਯਾਦ ਰਖਿਆ; ਚੰਗਾ ਹੁਣ ਸਾਨੂੰ ਹੁਕਮਨਾਮਾ ਤਾਂ ਦੇ ਦਿਓ। ਮੇਵੜੇ ਨੇ ਕਿਹਾ ਕਿ ਭਾਈ ਮੰਝ! ਹੁਕਮਨਾਮਾ ਤਾਂ ਮਿਲੇਗਾ ਜੇਕਰ ਵੀਹ ਰੁਪਏ ਦਰਸ਼ਨੀ ਭੇਟ ਦਿਓਂਗੇ। ਉਸ ਵੇਲੇ ਚੁੱਪ ਕਰ ਗਏ, ਕੋਈ ਰਾਹ ਨਹੀਂ ਲਭਦਾ ਕਿ 20 ਰੁਪਏ ਕਿਥੋਂ ਲਿਆਈਏ! ਅਸੀਂ ਨਵੇਂ–ਨਵੇਂ ਏਥੇ ਆਏ ਹਾਂ, ਸਾਨੂੰ ਵੀਹ ਰੁਪਏ ਤਾਂ ਕਿਸੇ ਨੇ ਦੇਣੇ ਨਹੀਂ। ਉਸ ਵੇਲੇ ਸਾਰੇ ਉਠ ਕੇ ਅੰਦਰ ਚਲੇ ਗਏ ਤਾਂ ਲੜਕੀ ਕਹਿਣ ਲੱਗੀ, "ਪਿਤਾ ਜੀ! ਤੁਸੀਂ ਮੇਰੀ ਮਿਹਨਤ ਗਹਿਣੇ ਕਰ ਦਿਓ, (ਜਿਹਨੂੰ ਅੱਜ–ਕੱਲ (bouded labour) ਕਹਿੰਦੇ ਹਨ), ਤੁਸੀਂ 20 ਰੁਪਏ ਪੇਸ਼ਗੀ ਲੈ ਲਓ, ਜੋ ਕਿ ਹੌਲੀ–ਹੌਲੀ ਚਾਰ ਪੰਜ ਸਾਲ ਵਿਚ ਉਤਰ ਜਾਣਗੇ। ਉਸ ਵੇਲੇ ਗੱਲ ਦੀ ਸੋਝੀ ਆ ਗਈ, ਕਿਸੇ ਭਲੇ ਪੁਰਸ਼ ਦੇ ਘਰ ਚਲੇ ਗਏ ਤੇ ਜਾ ਕੇ ਸਾਰੀ ਗੱਲ ਦੱਸੀ। ਸੋ ਉਹ ਪ੍ਰੇਮੀ ਮੰਨ ਗਿਆ ਤੇ ਕਹਿਣ ਲੱਗਾ ਕਿ ਠੀਕ ਹੈ, ਮੈਂ 20 ਰੁਪਏ ਦੇ ਦਿੰਦਾ ਹਾਂ। 20 ਰੁਪਏ ਲੈ ਕੇ ਲੜਕੀ ਨੂੰ ਉਥੇ ਛੱਡ ਦਿੱਤਾ। ਚੌਧਰੀ ਦੀ ਲੜਕੀ ਹੈ ਜਿਸਨੇ ਕਦੀ ਕੰਮ ਨਹੀਂ ਸੀ ਕੀਤਾ, ਉਥੇ ਫਰਸ਼ ਲਿਪਦੀ ਹੈ, ਗੋਹੇ ਪੱਥਦੀ ਹੈ, ਬਚਿਆਂ ਨੂੰ ਖਿਡਾਉਂਦੀ ਹੈ, ਚੱਕੀ ਪੀਂਹਦੀ ਹੈ। ਭਾਈ ਮੰਝ ਨੂੰ ਪਤਾ ਸੀ ਕਿ ਮੇਰੀ ਲੜਕੀ ਨੂੰ ਸਾਰੇ ਕੰਮ ਕਰਨੇ ਪੈਣਗੇ, ਪਰ ਡੋਲਿਆ ਨਹੀਂ ਸਾਧ ਸੰਗਤ ਜੀ।

***ਰਤੇ ਸੇਈ ਜਿ ਮੁਖੁ ਨ ਮੋੜੰਨਿ ਜਿਨੀ ਸਿਞਾਤਾ ਸਾਈ॥***
***ਪੰਨਾ – 1425***

ਸ਼ੁਕਰ ਕੀਤਾ, ਮੇਵੜੇ ਨੂੰ 20 ਰੁਪਏ ਦੇ ਦਿਤੇ ਤੇ ਹੁਕਮਨਾਮਾ ਲੈ ਕੇ ਪੜ੍ਹਿਆ ਜਿਸ ਵਿਚ ਗੁਰੂ ਮਹਾਰਾਜ ਨੇ ਲਿਖਿਆ ਸੀ, "ਭਾਈ ਮੰਝ! ਅਸੀਂ ਤੇਰੇ ਤੇ ਬੜੇ ਖੁਸ਼ ਹਾਂ, ਤੂੰ ਏਸੇ ਤਰ੍ਹਾਂ ਨਾਮ ਜਪੀ ਜਾਹ।"

ਜਦੋਂ ਫੇਰ ਦੋ ਤਿੰਨ ਮਹੀਨੇ ਲੰਘ ਗਏ, ਗੁਰੂ ਮਹਾਰਾਜ

ਨੇ ਫੇਰ ਗੁਰਸਿਖ ਦੇ ਹੱਥ ਹੁਕਮਨਾਮਾ ਭੇਜਿਆ ਅਤੇ ਫੇਰ 20 ਰੁਪਏ ਦਰਸ਼ਨੀ ਭੇਟ ਲੈ ਕੇ ਹੁਕਮਨਾਮਾ ਦੇਣ ਲਈ ਹੁਕਮ ਕੀਤਾ। ਜਦੋਂ ਗੁਰਸਿੱਖ ਭਾਈ ਮੰਝ ਕੋਲ ਹੁਕਮਨਾਮਾ ਲੈ ਕੇ ਪਹੁੰਚਿਆ, ਉਸਨੂੰ ਚਾਓ ਚੜ੍ਹ ਗਿਆ, ਬੜੀ ਸੇਵਾ ਕੀਤੀ ਤੇ ਕਿ ਪੁਛਿਆ ਗੁਰੂ ਮਹਾਰਾਜ ਦਾ ਕੀ ਹੁਕਮ ਹੈ? ਗੁਰਸਿਖ ਨੇ ਕਿਹਾ, ਗੁਰੂ ਮਹਾਰਾਜ ਨੇ ਹੁਕਮਨਾਮਾ ਭੇਜਿਆ ਹੈ ਪਰ ਪਹਿਲਾਂ ਵੀਹ ਰੁਪਏ ਦਰਸ਼ਨ ਭੇਟ ਦੇਵੋ, ਫੇਰ ਮਿਲੇਗਾ। ਭਾਈ ਮੰਝ ਡੋਲਿਆ ਨਹੀਂ। ਐਸੇ ਮੌਕਿਆਂ ਤੇ ਵੱਡੇ-ਵੱਡੇ ਡੋਲ ਜਾਂਦੇ ਹਨ, ਪਰ ਉਹ ਗੁਰੂ ਦਾ ਪਿਆਰਾ ਜਿਸਨੇ ਤਨ, ਮਨ, ਧਨ ਸਭ ਗੁਰੂ ਨੂੰ ਦਿਤਾ ਹੋਇਆ ਹੈ, ਉਹ ਨਹੀਂ ਡੋਲਦਾ।

***ਧਾਰਨਾ - ਪਰਬਤ ਵੀ ਡੋਲਦੇ,***
***ਡੋਲੇ ਨਾ ਸਿਖ ਗੁਰਾਂ ਦਾ।***
***ਡੋਲੇ ਨਾ ਸਿਖ ਗੁਰਾਂ ਦਾ - 2, 2.***
***ਪਰਬਤ ਵੀ ਡੋਲਦੇ,...........।***

***ਧਰਤੀ ਉਪਰਿ ਕੋਟਗੜ ਭੁਇਚਾਲ ਕਮੰਦੇ।***
***ਝਖੜਿ ਆਏ ਤਰੁਵਰਾ ਸਰਬਤ ਹਲੰਦੇ।***
***ਡਵਿ ਲਗੈ ਉਜਾੜਿ ਵਿਚਿ ਸਭ ਘਾਹ ਜਲੰਦੇ।***
***ਹੜ ਆਏ ਕਿਨਿ ਥੰਮੀਅਨਿ ਦਰੀਆਉ ਕਰੰਦੇ।***
***ਸਾਂਗੈ ਅੰਦਰਿ ਸਾਬਤੇ ਸੇ ਵਿਰਲੇ ਬੰਦੇ॥***
***ਭਾਈ ਗੁਰਦਾਸ ਜੀ, ਵਾਰ 35/21***

ਕੋਈ ਕੋਈ ਵਿਰਲਾ ਬੰਦਾ ਹੈ ਜੋ ਸਾਂਗ ਵਿਚ, ਗੁਰੂ ਦੇ ਇਮਤਿਹਾਨ ਵਿਚ ਪੂਰਾ ਉਤਰਦਾ ਹੈ। ਗੁਰੂ ਦਾ ਇਮਤਿਹਾਨ ਕੋਈ ਛੋਟਾ ਜਿਹਾ ਨਹੀਂ ਹੁੰਦਾ, ਬਹੁਤ ਵੱਡਾ ਹੁੰਦਾ ਹੈ। ਸੋ ਹੁਣ ਮੇਵੜੇ ਨੂੰ ਗੁਰੂ ਜੀ ਦੇ ਹੁਕਮਨਾਮੇ ਦੀ ਦਰਸ਼ਨ ਭੇਟਾ 20 ਰੁਪਏ ਦੇਣੀ ਸੀ। ਅਜੇ ਥੋੜ੍ਹਾ ਸੋਚ ਹੀ ਰਿਹਾ ਸੀ ਕਿ ਘਰਵਾਲੀ ਨੇ ਭਾਈ ਤੀਰਥੇ ਨੂੰ ਕਿਹਾ ਕਿ ਜਿਸ ਤਰ੍ਹਾਂ ਲੜਕੀ ਦੀ ਮਿਹਨਤ ਗਹਿਣੇ ਕੀਤੀ ਹੈ, ਮੇਰੀ ਵੀ ਮਿਹਨਤ ਗਹਿਣੇ ਕਰ ਦੇਵੋ ਤੇ ਪੇਸ਼ਗੀ 20 ਰੁਪਏ ਲੈ ਕੇ ਗੁਰੂ ਸਾਹਿਬ ਨੂੰ ਦਰਸ਼ਨ ਭੇਟਾ ਭੇਜ ਦਿਓ; ਜਦੋਂ ਮਿਹਨਤ ਕਰਕੇ ਗਿਰਵੀ ਦੇ ਪੈਸੇ ਉਤਰ ਜਾਣਗੇ ਤਾਂ ਮੈਂ ਵੀ ਆਜ਼ਾਦ ਹੋ ਜਾਵਾਂਗੀ, ਸੋ ਏਸੇ ਤਰ੍ਹਾਂ ਹੀ ਕੀਤਾ।

ਜਦੋਂ ਹੁਕਮਨਾਮਾ ਲੈ ਲਿਆ ਤਾਂ ਖੋਲ੍ਹ ਕੇ ਪੜ੍ਹਿਆ, ਉਸ ਵਿਚ ਲਿਖਿਆ ਹੋਇਆ ਸੀ ਕਿ ਭਾਈ ਮੰਝ ਅਸੀਂ ਤੇਰੇ ਤੇ ਬੜੇ ਪ੍ਰਸੰਨ ਹਾਂ; ਤੂੰ ਏਥੇ ਆ ਜਾ, ਰਾਮਦਾਸਪੁਰੇ ਆ ਕੇ ਸੇਵਾ ਕਰ। ਗੁਰੂ ਮਹਾਰਾਜ ਸਭ ਕੁਝ ਜਾਣਦੇ ਸੀ, ਪਰ ਹੁਣ ਪਰਚਾ ਪਾ ਦਿੱਤਾ। ਲੜਕੀ ਕਿਸੇ ਪਾਸ ਹੈ, ਘਰਵਾਲੀ ਕਿਸੇ ਪਾਸ ਹੈ, ਆਪ ਇਕੱਲਾ ਤੁਰਿਆ ਜਾਂਦਾ ਹੈ ਪਰ ਹਿਰਦੇ ਵਿਚ ਬਹੁਤ ਖੁਸ਼ੀ ਹੈ ਕਿ ਗੁਰੂ ਸਾਹਿਬ ਨੇ ਮੈਨੂੰ ਬੁਲਾ ਲਿਆ ਤੇ ਪਰਵਾਨ ਕਰ ਲਿਆ। ਭਾਈ ਮੰਝ ਗੁਰੂ ਮਹਾਰਾਜ ਦੇ ਦਰਬਾਰ ਵਿਚ ਪਹੁੰਚ ਜਾਂਦਾ ਹੈ, ਜਾ ਕੇ ਨਮਸਕਾਰ ਕੀਤੀ ਪਰ ਮਹਾਰਾਜ ਨੇ ਅੱਖ ਚੁੱਕ ਕੇ ਵੀ ਨਹੀਂ ਦੇਖਿਆ। ਦੇਖਿਆ ਹੀ ਨਹੀਂ, ਨਾ ਪੁਛਿਆ ਕਿ ਭਾਈ ਮੰਝ ਤੂੰ ਆ ਗਿਆ? ਕਿੰਨਾ ਵੱਡਾ ਇਮਤਿਹਾਨ ਹੈ। ਅਸੀਂ ਹੁੰਦੇ ਤਾਂ ਉਸੇ ਵੇਲੇ ਹੀ ਫੇਲ੍ਹ ਹੋ ਜਾਣਾ ਸੀ, ਕਹਿਣਾ ਸੀ, "ਮਹਾਰਾਜ! ਮੈਂ ਤਾਂ ਘਰਵਾਲੀ ਦੀ ਤੇ ਲੜਕੀ ਦੀ ਮਿਹਨਤ ਵੀ ਗਹਿਣੇ ਰਖ ਕੇ, ਆਪ ਜੀ ਨੂੰ 20-20 ਰੁਪਏ ਭੇਜਦਾ ਰਿਹਾ, ਪਰ ਭਾਈ ਮੰਝ ਤਾਂ ਇਸ ਹਾਲਤ ਵਿਚ ਸਨ -

***ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ॥***
***ਪੰਨਾ - 918***

ਤਨ ਵੀ ਗੁਰੂ ਦਾ ਕਰ ਦੇਣਾ, ਮਨ ਵੀ ਗੁਰੂ ਦਾ ਕਰ ਦੇਣਾ, ਧਨ ਵੀ ਗੁਰੂ ਦਾ ਕਰ ਦੇਣਾ।

***ਇਹੁ ਤਨੁ ਵੇਚੀ ਸੰਤ ਪਹਿ ਪਿਆਰੇ ਪ੍ਰੀਤਮੁ ਦੇਇ ਮਿਲਾਇ॥***
***ਪੰਨਾ - 431***

ਕਹਿੰਦੇ ਇਸ ਤਨ ਨੂੰ ਉਸ ਕੋਲ ਵੇਚ ਦੇਈਏ, ਜਿਹੜਾ ਸਾਨੂੰ ਵਾਹਿਗੁਰੂ ਨੂੰ ਮਿਲਾ ਦੇਵੇ -

***ਸੁਖ ਸੀਗਾਰ ਬਿਖਿਆ ਕੇ ਫੀਕੇ ਤਜਿ ਛੋਡੇ ਮੇਰੀ ਮਾਇ॥***
***ਪੰਨਾ - 431-32***

ਮਹਾਰਾਜ ਨੇ ਭਾਈ ਮੰਝ ਨੂੰ ਬੁਲਾਇਆ ਨਹੀਂ। ਉਹ ਦਿਨ ਰਾਤ ਸੇਵਾ ਕਰ ਰਿਹਾ ਹੈ, ਨਾ ਦਿਨੇ ਟਿਕਦਾ ਹੈ, ਨਾ ਰਾਤੀਂ ਟਿਕਦਾ ਹੈ, ਪਹਿਲੇ ਨੰਬਰ ਤੇ ਹੋ ਕੇ ਸੇਵਾ ਕਰ ਰਿਹਾ ਹੈ। ਜਦੋਂ ਕੁਝ ਸਮਾਂ ਲੰਘ ਗਿਆ ਤਾਂ ਗੁਰੂ ਮਹਾਰਾਜ ਨੇ ਪੁਛਿਆ, "ਭਾਈ! ਏਥੇ ਇਕ ਸਿਖ ਭਾਈ ਮੰਝ ਆਇਆ ਸੀ।" ਮਹਾਰਾਜ ਆਪ ਤਾਂ ਜਾਣੀ-ਜਾਣ ਸਨ, ਸਭ ਕੁਛ ਜਾਣਦੇ ਸੀ। ਸੇਵਕਾਂ ਨੇ ਦਸਿਆ ਕਿ ਉਹ ਤਾਂ ਬੜੀ ਸੇਵਾ ਕਰ ਰਿਹਾ ਹੈ, ਨਾ ਦਿਨੇ ਟਿਕਦਾ ਹੈ, ਨਾ ਰਾਤ ਨੂੰ ਟਿਕਦਾ ਹੈ, ਸਿਮਰਨ ਹੱਦ ਤੋਂ ਜ਼ਿਆਦਾ ਕਰਦਾ ਹੈ। ਜਦੋਂ ਦੇਖੋ ਤਾਂ ਉਹਦੇ ਮੁਖ ਤੋਂ ਵਾਹਿਗੁਰੂ ਦੀ ਆਵਾਜ਼ ਆਉਂਦੀ ਹੈ। ਸਤਿਨਾਮ ਵਾਹਿਗੁਰੂ, ਸਤਿਨਾਮ ਵਾਹਿਗੁਰੂ ਲਗਾਤਾਰ ਇਕ ਹੀ ਆਵਾਜ਼ ਆ ਰਹੀ ਹੈ। ਸੱਚੇ ਪਾਤਸ਼ਾਹ ਉਸਦੀ ਬਿਰਤੀ ਬਹੁਤ ਚੰਗੀ ਹੈ, ਕਿਸੇ ਨਾਲ ਔਖਾ ਭਾਰਾ ਨਹੀਂ ਹੁੰਦਾ। ਕੋਈ ਕੰਮ ਕਹੋ, ਭਾਵੇਂ ਪਰਸ਼ਾਦਾ ਛਕ ਰਿਹਾ ਹੋਵੇ, ਉਥੇ ਹੀ ਛੱਡ ਕੇ ਕੰਮ ਵਾਸਤੇ ਕਹਿ ਦਿੰਦਾ ਹੈ - ਸਤਿ ਬਚਨ ਜੀ। ਮਹਾਰਾਜ ਨੇ ਪੁਛ ਲਿਆ, ਇਹ ਦਸੋ ਕਿ ਪ੍ਰਸ਼ਾਦਾ ਕਿਥੋਂ ਛਕਦਾ ਹੈ? ਕਹਿਣ ਲੱਗੇ, "ਮਹਾਰਾਜ ਉਹ ਤਾਂ ਲੰਗਰ ਵਿੱਚੋਂ ਛਕਦਾ ਹੈ।" ਗੁਰੂ ਮਹਾਰਾਜ ਨੇ ਕਿਹਾ ਕਿ ਫਿਰ ਉਹਦੀ ਸੇਵਾ ਕਾਹਦੀ ਹੋਈ, ਲੰਗਰ ਵਿਚੋਂ ਪਰਸ਼ਾਦੇ ਛੱਕ ਜਾਂਦਾ ਹੈ ਤੇ ਉਸਦੇ ਬਦਲੇ ਸੇਵਾ ਕਰ ਲੈਂਦਾ ਹੈ। ਉਸਨੂੰ ਜਾ ਕੇ ਕਹੋ ਕਿ ਲੰਗਰ ਵਿਚੋਂ ਪਰਸ਼ਾਦਾ ਨਾ ਛਕਿਆ ਕਰੇ। ਤਾੜਨਾ ਕਰ ਦਿਤੀ। ਭਾਈ ਮੰਝ ਜਦੋਂ ਪਰਸ਼ਾਦਾ ਛਕਣ ਲਈ ਪੰਗਤ ਵਿਚ ਬੈਠਾ ਤਾਂ ਸ੍ਰੀ ਮਾਨ ਜੀ ਸਭ ਨੂੰ ਪਰਸ਼ਾਦਾ ਵਰਤਾਈ ਗਏ ਪਰ ਭਾਈ ਮੰਝ ਦੀ ਜਦੋਂ ਵਾਰੀ ਆਈ ਤਾਂ ਪਰਸ਼ਾਦਾ ਦਿੱਤੇ ਬਗੈਰ ਅਗੇ ਲੰਘ ਗਏ। ਭਾਈ ਮੰਝ ਨੇ ਸੋਚਿਆ ਕਿ ਬਾਕੀ ਤਾਂ ਸਭ ਨੂੰ ਪਰਸ਼ਾਦਾ ਮਿਲ ਰਿਹਾ ਹੈ; ਮੈਨੂੰ ਨਾ ਪਾਣੀ, ਨਾ ਸਬਜ਼ੀ ਦਾਲਾ, ਨਾ ਪ੍ਰਸ਼ਾਦਾ ਕੁਝ ਨਹੀਂ ਮਿਲ ਰਿਹਾ। ਜਦੋਂ ਸਾਰੀ ਪੰਗਤ ਪਰਸ਼ਾਦਾ ਛਕ ਕੇ ਉਠ ਜਾਂਦੀ ਹੈ, ਭਾਈ ਮੰਝ ਵੀ ਨਾਲ ਹੀ ਉਠ ਜਾਂਦਾ ਹੈ। ਮਨ ਵਿਚ ਕੋਈ ਰੋਸ ਪ੍ਰਗਟ ਨਹੀਂ ਕੀਤਾ। ਸਾਧ ਸੰਗਤ ਜੀ! ਇਹ ਗੱਲ ਬੜੀ ਔਖੀ ਹੈ, ਕਹਿਣੀ ਸੁਖਾਲੀ ਹੈ। ਗੁਰੂ ਮਹਾਰਾਜ ਦਾ ਐਸਾ ਫੁਰਮਾਨ ਹੈ-

***ਧਾਰਨਾ - ਗੱਲਾਂ ਵਾਲੇ ਹੈਨ ਘਨੇਰੇ,***
***ਚਾਕਰ ਕੋਈ ਕੋਈ ਹੈ -2, 2.***

*ਚਾਕਰੁ ਲਗੈ ਚਾਕਰੀ ਨਾਲੇ ਗਾਰਬੁ ਵਾਦੁ॥*
*ਗਲਾ ਕਰੇ ਘਣੇਰੀਆ ਖਸਮ ਨ ਪਾਏ ਸਾਦੁ॥*
*ਆਪੁ ਗਵਾਇ ਸੇਵਾ ਕਰੇ ਤਾ ਕਿਛੁ ਪਾਏ ਮਾਨੁ॥*
*ਨਾਨਕ ਜਿਸ ਨੋ ਲਗਾ ਤਿਸੁ ਮਿਲੈ ਲਗਾ ਸੋ ਪਰਵਾਨੁ॥*
*ਪੰਨਾ - 474*

ਬਹੁਤੀ ਦੁਨੀਆਂ ਗੱਲਾਂ ਨਾਲ ਤਾਂ ਸੇਵਕ ਬਣਦੀ ਹੈ ਪਰ ਅੰਦਰੋਂ ਸੇਵਾਦਾਰ ਨਹੀਂ ਬਣਦੀ। ਗੁਰੂ ਮਹਾਰਾਜ ਕਹਿੰਦੇ ਉਹ ਸਭ ਗੱਲਾਂ ਵਾਲੇ ਹੀ ਹਨ। ਜਦੋਂ ਤੱਕ ਆਪਣਾ ਆਪ ਗਵਾ ਕੇ ਸੇਵਾ ਨਹੀਂ ਕਰਦਾ, ਓਦੋਂ ਤੱਕ ਗੱਲ ਨਹੀਂ ਬਣਦੀ। ਸਾਧਸੰਗਤ ਜੀ! ਅਸੀਂ ਗੱਲਾਂ ਵਾਲੇ ਤਾਂ ਹਾਂ, ਸਚਮੁਚ ਚਾਕਰ ਨਹੀਂ ਹਾਂ। ਮਹਾਰਾਜ ਦਾ ਫੁਰਮਾਨ ਹੈ -

*ਗਲੀ ਅਸੀਂ ਚੰਗੀਆ ਆਚਾਰੀ ਬੁਰੀਆਹ॥*
*ਮਨਹੁ ਕੁਸੁਧਾ ਕਾਲੀਆ ਬਾਹਰਿ ਚਿਟਵੀਆਹ॥*
*ਰੀਸਾ ਕਰਹਿ ਤਿਨਾੜੀਆ ਜੋ ਸੇਵਹਿ ਦਰੁ ਖੜੀਆਹ॥*
*ਪੰਨਾ - 85*

ਜੋ ਸੱਚੀ ਸੇਵਾ ਕਰਦੇ ਹਨ, ਅਸੀਂ ਉਨ੍ਹਾਂ ਦੀਆਂ ਰੀਸਾਂ ਕਰਦੇ ਹਾਂ।

*ਗਲੀ ਹਉ ਸੋਹਾਗਣਿ ਭੈਣੇ ਕੰਤੁ ਨ ਕਬਹੂੰ ਮੈ ਮਿਲਿਆ॥*
*ਪੰਨਾ - 433*

ਗੱਲਾਂ ਨਾਲ ਅਸੀਂ ਸੁਹਾਗਣਾਂ ਬਣਦੇ ਹਾਂ ਭਾਵੇ ਪਤੀ ਮਿਲਿਆ ਹੈ ਜਾਂ ਨਹੀਂ। ਪਰ ਭਾਈ ਮੰਝ ਤੇ ਕਿੰਨੀ ਵੱਡੀ ਕਸਵੱਟੀ ਲਗ ਗਈ। ਹੁਣ ਪ੍ਰਸ਼ਾਦਾ ਕਿਥੋਂ ਛਕੇ? ਸੇਵਾ ਤਾਂ ਕਰਨੀ ਹੈ ਗੁਰੂ ਘਰ ਦੀ। ਉਸ ਵੇਲੇ ਭਾਈ ਮੰਝ ਨੂੰ ਹੁਕਮ ਸੁਣਾਇਆ ਗਿਆ ਕਿ ਭਾਈ ਮੰਝ! ਗੁਰੂ ਸਾਹਿਬ ਦਾ ਹੁਕਮ ਹੈ ਕਿ ਤੂੰ ਲੰਗਰ ਵਿਚੋਂ ਪ੍ਰਸ਼ਾਦਾ ਨਹੀਂ ਛਕਣਾ। ਮਨ ਵਿਚ ਕੋਈ ਗੱਲ ਨਹੀਂ ਆਈ ਮੈਂ ਤਾਂ ਐਡਾ ਵੱਡਾ ਚੌਧਰੀ ਸੀ, ਸਿੱਖੀ ਤਾਂ ਬੜੀ ਮਹਿੰਗੀ ਪੈ ਗਈ, ਪਰ ਭਾਈ ਮੰਝ ਨੂੰ ਭੁੱਲ ਕੇ ਵੀ ਇਹੋ ਜਿਹਾ ਖਿਆਲ ਨਹੀਂ ਆਇਆ - ਨਾ ਆਪਣੀ ਲੜਕੀ ਦਾ, ਨਾ ਆਪਣੀ ਘਰਵਾਲੀ ਦਾ ਧਿਆਨ ਆਇਆ ਕਿ ਉਹ ਕਿਥੇ-ਕਿਥੇ ਮਿਹਨਤਾਂ ਕਰ ਰਹੀਆਂ ਹਨ। ਬਸ ਏਹ ਧਿਆਨ ਸੀ ਕਿ ਮੈਂ ਗੁਰੂ ਮਹਾਰਾਜ ਦੀ ਸੇਵਾ ਕਰਨੀ ਹੈ।

ਇਕ ਤਾਂ ਉਹ ਹਨ - ਜਿਹਨਾਂ ਨੇ ਜ਼ਿੰਦਗੀ ਗੁਰੂ ਘਰ ਨੂੰ ਦਿੱਤੀ ਹੋਈ ਹੈ, ਇਕ ਉਹ ਹਨ ਜੋ ਕਦੀ ਕਦੀ ਆ ਜਾਂਦੇ ਹਨ ਤੇ ਲੰਗਰ ਵਿਚ ਪ੍ਰਸ਼ਾਦਾ ਛਕ ਲੈਂਦੇ ਹਨ। ਜਿਨ੍ਹਾਂ ਨੇ ਆਪਣਾ ਜੀਵਨ ਦਿੱਤਾ ਹੋਇਆ ਹੈ, ਉਨ੍ਹਾਂ ਨੇ ਤਾਂ ਲੋੜ ਮਾਤਰ ਛਕਣਾ ਹੀ ਛਕਣਾ ਹੈ। ਪਰ ਜਿਹੜਾ ਇਥੇ ਲਾਲਚ ਕਰਦਾ ਹੈ, ਗੁਰੂ ਘਰ ਤੋਂ ਪੈਸੇ ਕਮਾਉਣ ਦਾ ਯਤਨ ਕਰਦਾ ਹੈ ਫੇਰ ਆਪਣੇ ਵਾਸਤੇ ਵਰਤਦਾ ਹੈ, ਉਸ ਨੂੰ ਤਾਂ ਮਹਾਰਾਜ ਨੇ ਬਹੁਤ ਬੁਰਾ ਮੰਨਿਆ ਹੈ। ਇਸ ਤਰ੍ਹਾਂ ਪੜ੍ਹੋ ਸਾਰੇ -

*ਧਾਰਨਾ - ਕਿਤੇ ਖੰਡ ਦੇ ਭੁਲੇਖੇ ਜ਼ਹਿਰ ਖਾ ਲਈਂ ਨਾ,*
*ਧਾਨ ਬੁਰਾ ਪੂਜਾ ਦਾ -2, 2.*
*ਮੇਰੇ ਪਿਆਰੇ, ਧਾਨ ਬੁਰਾ ਪੂਜਾ ਦਾ - 2, 2.*
*ਕਿਤੇ ਖੰਡ ਦੇ ਭੁਲੇਖੇ ਜ਼ਹਿਰ ਖਾ ਲਈਂ ਨਾ-2*

*ਜਿਉ ਮਰਿਜਾਦਾ ਹਿੰਦੂਆਂ ਗਊ ਮਾਸ ਅਖਾਜੁ।*
*ਭਾਈ ਗੁਰਦਾਸ ਜੀ, ਵਾਰ 35/12*

ਗਊ ਦਾ ਮਾਸ ਨਹੀਂ ਖਾਂਦੇ।

*ਮੁਸਲਮਾਣਾ ਸੂਅਰਹੁ ਸਉਗੰਦ ਵਿਆਜੁ।*
*ਸਹੁਰਾ ਘਰਿ ਜਾਵਾਈਐ ਪਾਣੀ ਮਦਰਾਜੁ॥*
*ਭਾਈ ਗੁਰਦਾਸ ਜੀ, ਵਾਰ 35/12*

ਜਿਹੜਾ ਜਵਾਈ ਸਹੁਰੇ ਘਰ ਰਹਿੰਦਾ ਹੈ, ਜੇ ਉਹ ਪਾਣੀ ਵੀ ਪੀਂਦਾ ਹੋਵੇਗਾ ਤਾਂ ਲੋਕ ਕਹਿਣਗੇ ਕਿ ਸ਼ਰਾਬ ਪੀ ਰਿਹਾ ਹੈ। ਕੋਈ ਨਹੀਂ ਮੰਨਦਾ -

*ਸਹਾ ਨ ਖਾਈ ਚੂਹੜਾ ਮਾਇਆ ਮੁਹਤਾਜੁ।*
*ਭਾਈ ਗੁਰਦਾਸ ਜੀ, ਵਾਰ 35/12*

ਕਿੰਨਾ ਵੀ ਗਰੀਬ ਹੋਵੇ, ਸਹਾ ਨਹੀਂ ਖਾਂਦਾ।

*ਜਿਉ ਮਿਠੈ ਮਖੀ ਮਰੈ ਤਿਸੁ ਹੋਇ ਅਕਾਜੁ।*
*ਭਾਈ ਗੁਰਦਾਸ ਜੀ, ਵਾਰ 35/12*

ਜਿਸ ਤਰ੍ਹਾਂ ਕਿਸੇ ਖਾਣ ਵਾਲੀ ਚੀਜ਼ ਵਿਚ ਮੱਖੀ ਪੈ ਜਾਵੇ, ਉਹ ਖਾਣ ਦੇ ਕਾਬਲ ਨਹੀਂ ਰਹਿੰਦੀ।

*ਤਿਉ ਧਰਮਸਾਲ ਦੀ ਝਾਕ ਹੈ ਵਿਹੁ ਖੰਡੂ ਪਾਜੁ॥*
*ਭਾਈ ਗੁਰਦਾਸ ਜੀ, ਵਾਰ 35/12*

ਜਿਸ ਤਰ੍ਹਾਂ ਖੰਡ ਦੇ ਕੈਪਸੂਲਾਂ ਵਿਚ ਜ਼ਹਿਰ ਪਾਈ ਹੋਵੇ, ਇਸੇ ਤਰ੍ਹਾਂ ਹੀ ਧਰਮਸਾਲਾ ਦੀਆਂ ਰੋਟੀਆਂ ਹਨ -

*ਧਰਮਸਾਲਾ ਦੀਆਂ ਰੋਟੀਆਂ ਤਿੰਨ ਕੰਮ ਕਰੇਨ।*
*ਹੱਡ ਗਾਲਣ, ਮਤ ਮਾਰਨ, ਭਜਨ ਕਰਨ ਨ ਦੇਣ।*

ਸੋ ਮਹਾਰਾਜ ਨੇ ਸਿੱਖਾਂ ਤੇ ਬਹੁਤ ਜ਼ਿਆਦਾ ਪਾਬੰਦੀ ਲਾਈ ਹੈ, ਕਹਿੰਦੇ -

*ਵਿਗੜੈ ਚਾਟਾ ਦੁਧ ਦਾ ਕਾਂਜੀ ਦੀ ਚੁਖੈ।*
*ਭਾਈ ਗੁਰਦਾਸ ਜੀ, ਵਾਰ 35/14*

ਦੁਧ ਵਿਚ ਜਰਾ ਕੁ ਕਾਂਜੀ ਦਾ ਖੱਟਾ ਪਾ ਦਿਓ, ਦੁਧ ਉਸੇ ਵਕਤ ਹੀ ਫੁਟ ਜਾਂਦਾ ਹੈ।

*ਸਹਸ ਮਣਾ ਰੂਈ ਜਲੈ ਚਿਣਗਾਰੀ ਧੁਖੈ।*
*ਭਾਈ ਗੁਰਦਾਸ ਜੀ, ਵਾਰ 35/14*

ਹਜ਼ਾਰਾਂ ਮਣ ਰੂੰ ਵਿਚ ਇਕ ਚੰਗਿਆਰੀ ਪਾ ਲਓ, ਸਾਰੀ ਜਲ ਜਾਏਗੀ।

*ਬੂਰ ਵਿਣਾਹੇ ਪਾਣੀਐ ਖਉ ਲਾਖਹੁ ਰੁਖੈ।*
*ਭਾਈ ਗੁਰਦਾਸ ਜੀ, ਵਾਰ 35/14*

ਪਾਣੀ ਵਿਚ ਬੂਰ ਪੈ ਜਾਏ ਤਾਂ ਸਾਰਾ ਪਾਣੀ ਖਰਾਬ ਹੋ ਜਾਂਦਾ ਹੈ; ਜੇਕਰ ਦਰਖਤ ਨੂੰ ਲਾਖ ਲਗ ਜਾਵੇ, ਚੋਣ ਲੱਗ ਜਾਵੇ ਤਾਂ ਦਰਖਤ ਦਾ ਨਾਸ਼ ਹੋ ਜਾਂਦਾ ਹੈ।

*ਜਿਉ ਉਦਮਾਦੀ ਅਤੀਸਾਰੁ ਖਈ ਰੋਗ ਮਨੁਖੈ॥*
*ਭਾਈ ਗੁਰਦਾਸ ਜੀ, ਵਾਰ 35/14*

ਜਿਵੇਂ ਆਦਮੀ ਨੂੰ ਵੀ ਕੋਹੜ ਆਦਿ ਹੋ ਜਾਂਦਾ ਹੈ।

*ਜਿਉ ਜਾਲਿ ਪੰਖੇਰੂ ਫਾਸਦੇ ਚੁਗਣ ਦੀ ਭੁਖੈ॥*
*ਭਾਈ ਗੁਰਦਾਸ ਜੀ, ਵਾਰ 35/14*

ਜਾਲ ਦੇ ਹੇਠਾਂ ਚੋਗ ਪਿਆ ਹੁੰਦਾ ਹੈ। ਪੰਛੀਆਂ ਨੂੰ ਭੁਖ ਲਗੀ

ਹੁੰਦੀ ਹੈ, ਉਹ ਵਿਚਾਰੇ ਚੋਰੀ ਦੇ ਲਾਲਚ ਵਿਚ ਆ ਕੇ ਜਾਲ ਵਿਚ ਫਸੀ ਜਾਂਦੇ ਹਨ।

***ਤਿਉ ਅਜਰੁ ਝਾਕ ਭੰਡਾਰ ਦੀ ਵਿਆਪੇ ਵੇਮੁਖੈ॥***
***ਭਾਈ ਗੁਰਦਾਸ ਜੀ, ਵਾਰ 35/14***

ਬੇਮੁਖਾਂ ਨੂੰ ਪੈਸੇ ਦੀ ਭੁੱਖ ਵਿਆਪਦੀ ਹੈ ਕਿ ਗੁਰੂ ਦਾ ਪੈਸਾ ਖਾ ਲਈਏ। ਸੋ ਭਾਈ ਤੀਰਥੇ ਨੇ ਲੰਗਰ ਵਿਚੋਂ ਰੋਟੀ ਖਾਣੀ ਬੰਦ ਕਰ ਦਿਤੀ। ਉਹ ਸਾਰਾ ਦਿਨ ਸੇਵਾ ਕਰਦਾ ਹੈ। ਕਿਸੇ ਸਿੱਖ ਦੇ ਮਨ ਵਿਚ ਮਿਹਰ ਪੈ ਗਈ ਤਾਂ ਆਵਾਜ਼ ਮਾਰ ਦਿਤੀ ਕਿ ਭਾਈ ਮੰਝ ਪਰਸ਼ਾਦਾ ਛੱਕ ਲੈ। ਸ਼ੁਕਰ, ਸ਼ੁਕਰ ਕਰਦਾ ਹੈ। ਜੇ ਇਕ ਮਿਲ ਗਿਆ ਤਾਂ ਵੀ, ਜੇ ਦੋ ਮਿਲ ਗਏ ਤਾਂ ਵੀ ਸ਼ੁਕਰ ਕਰਦਾ ਹੈ। ਸਬਰ ਵਿਚ ਰਹਿੰਦਾ ਹੈ। ਮੰਗਦਾ ਨਹੀਂ, ਮੁਰੀਦ ਬਣਨਾ ਕੋਈ ਖਾਲਾ ਜੀ ਦਾ ਵਾੜਾ ਨਹੀਂ। ਇਸ ਤਰ੍ਹਾਂ ਦੇ ਨਾਲ ਫੁਰਮਾਨ ਕਰਦੇ ਨੇ-

***ਧਾਰਨਾ - ਮੁਰਦਾ ਹੋਇਕੈ ਮੁਰੀਦ ਬਣ ਜਾਵਣਾ -2, 2.***

***ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ।***
***ਸਾਬਰੁ ਸਿਦਕਿ ਸਹੀਦੁ ਭਰਮ ਭਉ ਖੋਵਣਾ।***
***ਗੋਲਾ ਮੁਲ ਖਰੀਦੁ ਕਾਰੇ ਜੋਵਣਾ।***
***ਨਾ ਤਿਸੁ ਭੁਖ ਨ ਨੀਦ ਨ ਖਾਣਾ ਸੋਵਣਾ।***
***ਪੀਹਣਿ ਹੋਇ ਜਦੀਦ ਪਾਣੀ ਢੋਵਣਾ।***
***ਪਖੇ ਦੀ ਤਾਗੀਦ ਪਗ ਮਲਿ ਧੋਵਣਾ।***
***ਸੇਵਕ ਹੋਇ ਸੰਜੀਦੁ ਨ ਹਸਣ ਰੋਵਣਾ।***
***ਦਰ ਦਰਵੇਸ ਰਸੀਦ ਪਿਰਮ ਰਸ ਭੋਵਣਾ।***
***ਚੰਦ ਮੁਮਾਰਖ ਈਦ ਪੁਗ ਖਲੋਵਣਾ॥***
***ਭਾਈ ਗੁਰਦਾਸ ਜੀ ਵਾਰ 3/18***

ਮੁਰਦਾ ਹੋਏ ਤੋਂ ਬਗੈਰ ਨਾ ਸਿੱਖ ਬਣ ਸਕਦਾ ਹੈ, ਨਾ ਮੁਰੀਦ ਬਣ ਸਕਦਾ ਹੈ ਕਿਉਂਕਿ ਇਸ ਵਿਚ ਪਹਿਲੀ ਸ਼ਰਤ ਹੈ -

***ਜਉ ਤਉ ਪ੍ਰੇਮ ਖੇਲਣ ਕਾ ਚਾਉ॥***
***ਸਿਰੁ ਧਰਿ ਤਲੀ ਗਲੀ ਮੇਰੀ ਆਉ॥***
***ਇਤੁ ਮਾਰਗਿ ਪੈਰੁ ਧਰੀਜੈ॥***
***ਸਿਰੁ ਦੀਜੈ ਕਾਣਿ ਨ ਕੀਜੈ॥ ਪੰਨਾ - 1412***

ਏਥੇ ਜਿਉਂਦੇ ਦਾ ਕੰਮ ਨਹੀਂ, ਪਹਿਲਾਂ ਮਰਨਾ ਪੈਂਦਾ ਹੈ, ਫੇਰ ਅਸਲੀ ਜੀਵਨ ਮਿਲਦਾ ਹੈ। ਮਰਦੇ ਉਹ ਹਨ ਜਿਨ੍ਹਾਂ ਨੂੰ ਮਰਨ ਦੀ ਜਾਚ ਨਹੀਂ ਆਉਂਦੀ। ਉਹ ਹਉਮੈਂ ਵਿਚ ਰਹਿੰਦੇ ਹਨ, ਹਉਮੈ ਦਾ ਕੰਮ ਹੈ - ਜੰਮਦੇ ਰਹਿਣਾ, ਮਰਦੇ ਰਹਿਣਾ।

'ਸਾਬਰ ਸਿਦਕ ਸ਼ਹੀਦ' ਉਹ ਹੁੰਦੇ ਹਨ ਜਿਨ੍ਹਾਂ ਵਿਚ ਹੱਦ ਤੋਂ ਜ਼ਿਆਦਾ ਸਬਰ ਹੋਵੇ, ਸਭ ਕੁਝ ਕਰਨ ਦੀ ਤਾਕਤ ਰਖਦਾ ਹੋਇਆ ਫੇਰ ਵੀ ਕੁਝ ਨਾ ਕਰੇ।

ਇਕ ਵਾਰੀ ਈਰਾਨ ਦੇ ਬਾਦਸ਼ਾਹ ਦੇ ਦਰਬਾਰ ਵਿਚ ਸਵਾਲ ਪੈਦਾ ਹੋ ਗਿਆ ਕਿ ਸਬਰ ਤੇ ਸ਼ੁਕਰ ਦਾ ਕੀ ਭਾਵ ਹੋਇਆ ਕਿਉਂਕਿ ਇਹਦੀ ਬਹੁਤ ਵੱਡੀ ਵਡਿਆਈ ਹੈ ਤੇ ਸਾਰੇ ਮਹਾਂਪੁਰਸ਼ ਕਹਿੰਦੇ ਹਨ ਕਿ ਸਬਰ ਹੋਣਾ ਚਾਹੀਦਾ ਹੈ

***ਫਰੀਦਾ ਸਾਹਿਬ ਦੀ ਕਰਿ ਚਾਕਰੀ ਦਿਲ ਦੀ ਲਾਹਿ ਭਰਾਂਦਿ॥***
***ਦਰਵੇਸਾਂ ਨੋ ਲੋੜੀਐ ਰੁਖਾਂ ਦੀ ਜੀਰਾਂਦਿ॥***
***ਪੰਨਾ - 1381***

ਰੁਖਾਂ ਵਰਗਾ ਜਿਗਰਾ ਚਾਹੀਦਾ ਹੈ -

***ਫਰੀਦਾ ਥੀਉ ਪਵਾਹੀ ਦਭੁ॥ ਜੇ ਸਾਂਈ ਲੋੜਹਿ ਸਭੁ॥***
***ਇਕੁ ਛਿਜਹਿ ਬਿਆ ਲਤਾੜੀਅਹਿ॥***
***ਤਾ ਸਾਈ ਦੈ ਦਰਿ ਵਾੜੀਅਹਿ॥ ਪੰਨਾ - 1378***

ਉਤੋਂ ਪੈਰਾਂ ਨਾਲ ਲਤਾੜਿਆ ਜਾਂਦਾ ਹੈ ਟੁੱਟਦਾ ਭਜਦਾ ਹੈ ਤਾਂ ਕਿਤੇ ਸਾਈਂ ਦੇ ਦਰਬਾਰ ਜਾ ਕੇ ਕਬੂਲ ਹੁੰਦਾ ਹੈ। ਸੋ ਇਸ ਤਰ੍ਹਾਂ ਸਬਰ ਤੇ ਸ਼ੁਕਰ ਦੇ ਅਰਥ ਸਮਝ ਨਹੀਂ ਆਉਂਦੇ। ਵਿਦਵਾਨਾਂ ਨੇ, ਬੜੇ ਵਿਦਵਤਾ ਭਰੇ ਅਰਥ ਕੀਤੇ ਨੇ, ਲੇਕਿਨ ਤਸੱਲੀ ਨਹੀਂ ਹੋਈ। ਫੇਰ ਇਹ ਸਲਾਹ ਹੋਈ ਕਿ ਔਰੰਗਜ਼ੇਬ ਦੇ ਦਰਬਾਰ ਵਿਚ ਬੜੇ ਆਲਮ ਹਨ, ਉਥੇ ਬੰਦਾ ਭੇਜਿਆ ਜਾਏ ਜੋ ਅਰਥ ਸਮਝ ਕੇ ਆਵੇ। ਸਿਆਣੇ ਬੰਦੇ ਕਹਿਣ ਲੱਗੇ ਇਹ ਆਲਮਾਂ ਦਾ ਕੰਮ ਨਹੀਂ, ਇਹ ਤਾਂ ਕੋਈ ਬ੍ਰਹਮਗਿਆਨੀ ਮਹਾਂਪੁਰਸ਼ ਚਾਹੀਦਾ ਹੈ, ਕੇਵਲ ਉਹ ਹੀ ਇਸਦੇ ਅਰਥ ਸਮਝਾ ਸਕਦਾ ਹੈ ਕਿ ਸਬਰ ਤੇ ਸ਼ੁਕਰ ਕੀ ਹੁੰਦਾ ਹੈ? ਕਹਿਣ ਲੱਗੇ ਕਿ ਔਰੰਗਜ਼ੇਬ ਦੀ ਕੈਦ ਵਿਚ ਇਕ ਪੂਰਨ ਮਹਾਤਮਾ ਹੈ ਜਿਸਦਾ ਨਾਮ 'ਸਰਮੱਦ' ਹੈ, ਉਹਨਾਂ ਕੋਲ ਜਾ ਕੇ ਅਰਥ ਪੁੱਛੇ ਜਾ ਸਕਦੇ ਹਨ। ਵਜ਼ੀਰ ਨੂੰ ਉਥੇ ਭੇਜਿਆ ਗਿਆ ਜੋ ਸਫਰ ਕਰਦਾ ਕਰਦਾ ਉਥੇ ਪਹੁੰਚਿਆ, ਉਥੇ ਆ ਕੇ ਅਰਥ ਹੋਰਾਂ ਕੋਲੋਂ ਪੁਛੇ ਪਰ ਕੋਈ ਤਸੱਲੀ ਨਾ ਹੋਈ। ਸੋ ਵਜ਼ੀਰ ਨੇ ਸਰਮੱਦ ਨੂੰ ਮਿਲਣ ਦੀ ਖਾਹਸ਼ ਪ੍ਰਗਟ ਕੀਤੀ, ਆਗਿਆ ਮਿਲ ਗਈ। ਜਿਸ ਤਹਿ ਖਾਨੇ ਵਿਚ ਉਹ ਕੈਦ ਸੀ, ਉਥੇ ਪਹੁੰਚ ਗਏ। ਜਦੋਂ ਵਜ਼ੀਰ ਨੇ ਉਸਨੂੰ ਆਵਾਜ਼ ਦਿੱਤੀ ਤਾਂ ਸਰਮੱਦ ਸੀਖਾਂ ਕੋਲ ਆ ਗਿਆ। ਉਸਦਾ ਸਰੀਰ ਨਗਨ ਹੈ, ਉਪਰ ਕੋਈ ਕੱਪੜਾ ਨਹੀਂ ਸੀ, ਵਜ਼ੀਰ ਦਾ ਦਿਲ ਹਿਲ ਗਿਆ, ਸਰਮੱਦ ਦੀ ਹਾਲਤ ਦੇਖ ਕੇ ਮਨ ਵਿਚ ਸੋਚਣ ਲੱਗਾ ਕਿ ਸਰਮੱਦ ਇਤਨਾ ਵੱਡਾ ਸਾਧੂ ਹੈ, ਮਹਾਂਪੁਰਸ਼ ਹੈ, ਪਰ ਔਰੰਗਜ਼ੇਬ ਨੇ ਇਸਦਾ ਕੀ ਹਾਲ ਕੀਤਾ ਹੋਇਆ ਹੈ। ਸਰਮੱਦ ਐਸੀਆਂ ਕਰਨੀਆਂ ਵਾਲਾ ਸੀ ਕਿ ਇਕ ਵਾਰੀ ਉਸ ਕੋਲ ਇਕ ਲੜਕਾ ਆਇਆ ਤੇ ਕਹਿਣ ਲੱਗਾ ਕਿ ਮੇਰੀ ਸ਼ਾਦੀ ਹੈ ਤੇ ਮੈਨੂੰ ਦੱਸ ਹਜ਼ਾਰ ਰੁਪਿਆ ਚਾਹੀਦਾ ਹੈ। ਸਰਮੱਦ ਕਹਿਣ ਲੱਗਾ ਕਿ ਮੈਂ ਤੈਨੂੰ ਕਿਥੋਂ ਦਿਆਂ? ਲੜਕਾ ਕਹਿਣ ਲੱਗਾ ਮੈਨੂੰ ਜਿਥੋਂ ਮਰਜ਼ੀ ਦਿਓ। ਉਨ੍ਹਾਂ ਨੇ ਚਾਰ ਕਾਨੇ ਤੋੜ ਕੇ ਚਾਰ ਪਾਵੇ ਬਣਾ ਦਿਤੇ, ਚਾਰ ਬਾਹੀਆਂ ਬਣਾਂ ਦਿਤੀਆਂ, ਫੂਸ ਉਪਰ ਜੋੜ ਦਿਤਾ ਜਿਸ ਤਰ੍ਹਾਂ ਮੰਜਾ ਬਣਾਈਦਾ ਹੈ। ਕਹਿਣ ਲੱਗੇ, "ਇਹ ਲੈ ਜਾ ਤੇ ਬਜ਼ਾਰ ਵਿਚ ਜਾ ਕੇ ਹੋਕਾ ਦੇ ਦੇ ਕਿ ਔਰੰਗਜ਼ੇਬ ਦਾ ਤਖਤ ਅੱਠ ਆਨੇ ਨੂੰ ਵਿਕ ਰਿਹਾ ਹੈ। ਉਸਨੇ ਜਾ ਕੇ ਹੋਕਾ ਦੇ ਦਿੱਤਾ ਕਿ ਦਿੱਲੀ ਦਾ ਤਖਤ ਅੱਠ ਆਨੇ ਵਿਚ ਵਿਕ ਰਿਹਾ ਹੈ, ਸਰਮੱਦ ਨੇ ਇਸਦਾ ਮੁਲ ਪਾਇਆ ਹੈ। ਜਦੋਂ ਔਰੰਗਜੇਬ ਨੇ ਸਰਮੱਦ ਦਾ ਨਾਮ ਸੁਣਿਆ ਤਾਂ ਉਹ ਘਬਰਾ ਗਿਆ ਤੇ ਸੋਚਣ ਲੱਗਾ ਕਿ ਸਰਮੱਦ ਤਾਂ ਸਾਈਂ ਲੋਕ ਹੈ। ਉਸਨੇ ਐਸਾ ਬਚਨ ਕਰ ਦਿਤਾ ਤਾਂ ਮੇਰਾ ਤਾਂ ਰਾਜ ਹੀ ਚਲਾ ਜਾਏਗਾ। ਔਰੰਗਜ਼ੇਬ ਨੇ ਉਸੇ ਵੇਲੇ ਲੜਕੇ ਨੂੰ ਬੁਲਾ ਕੇ ਪੁਛਿਆ, ਤੈਨੂੰ ਕਿੰਨਾ ਪੈਸਾ ਚਾਹੀਦਾ ਹੈ? ਲੜਕੇ ਨੇ ਕਿਹਾ ਕਿ ਮੈਨੂੰ ਦੱਸ ਹਜ਼ਾਰ ਰੁਪਏ ਚਾਹੀਦੇ ਹਨ। ਔਰੰਗਜ਼ੇਬ ਨੇ ਲੜਕੇ ਨੂੰ ਦੱਸ ਹਜ਼ਾਰ ਰੁਪਏ ਦੇ ਦਿਤੇ।

ਇਕ ਵਾਰੀ ਔਰੰਗਜ਼ੇਬ ਨੇ ਹੁਕਮ ਕੀਤਾ ਕਿ ਸਰਮੱਦ ਨੂੰ ਕਤਲ ਕਰ ਦਿਓ। ਸਰਮੱਦ ਨੇ ਕਿਹਾ, ਮੈਨੂੰ ਦੇਖ ਕੇ ਕਤਲ ਕਰੀਂ, ਮੇਰੇ ਮਰਨ ਨਾਲ ਤੇਰਾ ਸਾਰਾ ਖਾਨਦਾਨ ਹੀ ਖਤਮ ਹੋ ਜਾਵੇਗਾ। ਔਰੰਗਜ਼ੇਬ ਨੇ ਕਿਹਾ, ਇਹਦਾ ਕੀ ਸਬੂਤ ਹੈ? ਉਥੇ ਕਿਹਾ ਕਿ ਮੇਰੀ ਇਕ ਚੀਚੀ ਉਂਗਲੀ ਨੂੰ ਚੀਰਾ ਦੇ ਕੇ ਦੇਖ ਲੈ। ਜਦੋਂ ਉਸਦੀ ਚੀਚੀ ਤੇ ਚੀਰਾ ਦਿੱਤਾ ਤਾਂ ਔਰੰਗਜ਼ੇਬ, ਉਸਦੀਆਂ ਬੇਗਮਾਂ, ਸਾਰੇ ਪਰਿਵਾਰ ਦੀਆਂ ਚੀਚੀਆਂ ਤੇ ਚੀਰਾ ਆ ਗਿਆ। ਸਰਮੱਦ ਬੇਅੰਤ ਸ਼ਕਤੀਆਂ ਦਾ ਮਾਲਕ ਸੀ। ਉਹ ਵਸਤਰ ਨਹੀਂ ਸੀ ਪਾਉਂਦਾ ਹੁੰਦਾ, ਜਾਮਾ ਮਸਜਿਦ ਕੋਲ ਜੋ ਪਿੱਪਲ ਸੀ, ਉਸਦੇ ਹੇਠਾਂ ਬੈਠਦਾ ਸੀ। ਔਰੰਗਜ਼ੇਬ ਨਮਾਜ਼ ਪੜ੍ਹਨ ਜਾਂਦਾ ਹੁੰਦਾ ਸੀ, ਇਕ ਦਿਨ ਸਰਮੱਦ ਨੂੰ ਕਹਿਣ ਲੱਗਾ, "ਦਰਵੇਸ਼ ਸਾਂਈ! ਤੂੰ ਕਪੜੇ ਕਿਉਂ ਨਹੀਂ ਪਾਂਦਾ, ਉਪਰ ਕੰਬਲ ਕਿਉਂ ਨਹੀਂ ਲੈਂਦਾ ਜੋ ਤੇਰੇ ਕੋਲ ਪਿਆ ਹੈ।" ਕਹਿਣ ਲੱਗਾ, "ਤੂੰ ਮੇਰੇ ਉਪਰ ਕੰਬਲ ਪਾ ਦੇ।" ਹਾਥੀ ਤੋਂ ਉਤਰ ਕੇ ਆਇਆ। ਜਦੋਂ ਕੰਬਲ ਚੁੱਕ ਕੇ ਸਰਮੱਦ ਦੇ ਉਪਰ ਦੇਣ ਲੱਗਾ ਤਾਂ ਇਕ ਦਮ ਵਾਪਸ ਰੱਖ ਦਿਤਾ। ਸਰਮੱਦ ਨੇ ਪੁਛਿਆ, "ਕੰਬਲ ਵਾਪਸ ਕਿਉਂ ਰੱਖ ਦਿਤਾ?" ਤੈਨੂੰ ਕੀ ਦਿਸਿਆ ਹੈ? ਤੇਰੇ ਪਿਓ ਦਾ ਸਿਰ ਹੇਠਾਂ ਪਿਆ ਹੈ, ਭਰਾਵਾਂ ਦੇ ਸਿਰ ਹੇਠਾਂ ਪਏ ਹਨ, ਦਾਦੇ ਦਾ ਸਿਰ ਵੀ ਹੇਠਾਂ ਪਿਆ ਹੈ, ਬਹੁਤ ਸਾਰੇ ਸੂਫੀ ਪੀਰਾਂ ਦੇ, ਹਿੰਦੂ ਮਹਾਂਪੁਰਸ਼ਾਂ ਦੇ ਸਿਰ ਹੇਠਾਂ ਪਏ ਹਨ।" ਕਹਿਣ ਲੱਗਾ, "ਕਿਉਂ, ਡਰ ਗਿਆ ਤੂੰ? ਹੁਣ ਦੱਸ, ਤੇਰੇ ਔਗੁਣ ਢਕਾਂ ਕਿ ਮੈਂ ਆਪਣਾ ਸਰੀਰ ਢਕਾਂ।" ਔਰੰਗਜ਼ੇਬ ਉਹਦੇ ਨਾਲ ਬੜਾ ਖਿਝਦਾ ਰਹਿੰਦਾ ਸੀ। ਇਕ ਦਿਨ ਕਹਿਣ ਲੱਗਾ, "ਸਾਂਈ! ਤੈਨੂੰ ਦੇਹ ਅਧਿਆਸ ਬੜਾ ਹੈ।" ਸਰਮੱਦ ਕਹਿਣ ਲੱਗਾ, "ਤੈਨੂੰ ਮੇਰੇ ਸਰੀਰ ਦਾ ਚਮੜਾ ਚਾਹੀਦਾ ਹੈ, ਲੈ ਲੈ, ਸਰਮੱਦ ਨੂੰ ਕੈਦ ਵਿਚ ਪਾ ਦਿਤਾ ਤੇ ਹੁਕਮ ਦੇ ਦਿਤਾ ਕਿ ਇਸਨੂੰ ਸੌ ਕੋਰੜੇ ਰੋਜ਼ ਲੱਗਿਆ ਕਰਨ। ਇਸਨੂੰ ਛੋਲਿਆਂ ਦੀ, ਬਾਜਰੇ ਦੀ ਖੁਸ਼ਕ ਰੋਟੀ, ਖੂਬ ਸਾਰਾ ਨਮਕ ਪਾ ਕੇ ਦਿਓ। ਉਸੇ ਵੇਲੇ ਜਦੋਂ ਵਜ਼ੀਰ ਪਹੁੰਚਦਾ ਹੈ ਤਾਂ ਉਸਨੇ ਕਿਹਾ ਸਾਈਂ! ਮੈਂ ਤਾਂ ਤੁਹਾਡੇ ਕੋਲੋਂ ਅਰਥ ਪੁੱਛਣ ਆਇਆ ਹਾਂ। ਐਨੀ ਦੇਰ ਵਿਚ ਜਲਾਦ ਆ ਜਾਂਦਾ ਹੈ। ਜਲਾਦ ਅੰਦਰ ਵੜ ਗਿਆ, ਸਰਮੱਦ ਚੌਂਕੜਾ ਮਾਰ ਕੇ ਬੈਠ ਗਿਆ। ਜਲਾਦ ਨੇ ਪੰਜਾਹ ਕੋਰੜੇ ਮਾਰੇ ਤੇ ਥੋੜ੍ਹਾ ਦਮ ਲੈਣ ਲਗ ਗਿਆ। ਫੇਰ ਪੰਜਾਹ ਕੋਰੜੇ ਮਾਰੇ, ਸਰਮੱਦ ਚੁੱਪ ਕੀਤਾ ਉਪਰ ਹੱਥ ਕਰਕੇ ਉਂਗਲੀ ਹਿਲਾਈ ਜਾਂਦਾ ਹੈ। ਵਜ਼ੀਰ ਦੇ ਸਮਝ ਵਿਚ ਨਾ ਆਇਆ। ਜਦੋਂ ਜਲਾਦ ਚਲਾ ਗਿਆ ਤਾਂ ਵਜ਼ੀਰ ਨੇ ਕਿਹਾ ਕਿ ਸਾਈਂ ਲੋਕ ਤੇਰੇ ਨਾਲ ਤਾਂ ਬਹੁਤ ਬੁਰੀ ਹੁੰਦੀ ਹੈ। ਮੈਂ ਤਾਂ ਅਰਥ ਪੁੱਛਣ ਆਇਆ ਸੀ। ਸਰਮੱਦ ਕਹਿਣ ਲੱਗਾ, "ਤੂੰ ਇਨ੍ਹਾਂ ਗੱਲਾਂ ਤੋਂ ਕੀ ਲੈਣਾ ਹੈ। ਤੂੰ ਆਪਣੇ ਅਰਥ ਪੁੱਛ। ਤੂੰ ਇਸ ਤਰ੍ਹਾਂ ਕਰੀਂ, ਕੱਲ ਇਕ ਮਸ਼ਕ ਪਾਣੀ ਦੀ ਲਿਆਈਂ, ਦੋ ਗੱਜ ਕੱਪੜਾ ਲਿਆਈਂ, ਮੈਂ ਤੇੜ ਪਾ ਲਵਾਂਗਾ। ਦੂਜੇ ਦਿਨ ਜਦੋਂ ਵਜ਼ੀਰ ਗਿਆ ਤਾਂ ਆਵਾਜ਼ ਦਿੱਤੀ, "ਸਾਈਂ ਲੋਕ! ਮੈਂ ਕੱਪੜਾ ਤੇ ਮਸ਼ਕ ਲੈ ਆਇਆ ਹਾਂ ਪਰ ਦਰਵਾਜ਼ਾ ਬੰਦ ਹੈ।" ਸਰਮੱਦ ਨੇ ਨਿਗਾਹ ਕੀਤੀ ਤਾਂ ਦਰਵਾਜ਼ਾ ਤੜੱਕ ਕਰਕੇ ਖੁਲ੍ਹ ਗਿਆ। ਤਾਲਾ ਗਿਰ ਕੇ ਪਰ੍ਹਾਂ ਜਾ ਪਿਆ। ਵਜ਼ੀਰ ਨੂੰ ਅੰਦਰ ਹੀ ਬੁਲਾ ਲਿਆ। ਆਪਣੀ ਨਿਗਾਹ ਨਾਲ ਪਹਿਰੇਦਾਰ ਵੀ ਸੁਲਾ ਦਿੱਤੇ। ਇਸ਼ਨਾਨ ਕੀਤਾ, ਵਸਤ੍ਰ ਪਾਇਆ, ਵਜ਼ੀਰ ਸਾਂਈ ਲੋਕ ਦੀ ਤਾਕਤ ਨੂੰ ਦੇਖ ਕੇ ਹੈਰਾਨ ਹੋ ਗਿਆ। ਐਨੀ ਦੇਰ ਨੂੰ ਕੋਰੜੇ ਮਾਰਨ ਵਾਲਾ ਜਲਾਦ ਆ ਗਿਆ। ਉਹ ਕੋਰੜੇ ਮਾਰਨ ਲੱਗ ਪਿਆ, ਸਰਮੱਦ ਖਾਈ ਜਾਂਦਾ ਹੈ। ਤੇ ਜਦੋਂ ਪੰਜਾਹ ਕੋਰੜੇ ਲੱਗ ਗਏ ਤਾਂ ਕਹਿਣ ਲੱਗੇ ਕਿ ਅਰਥ ਸਮਝ ਗਿਆ? ਵਜ਼ੀਰ ਕਹਿਣ ਲੱਗਾ, ਨਾ ਮਹਾਰਾਜ! ਮੈਂ ਤਾਂ ਸਮਝਿਆ ਨਹੀਂ। ਉਹਦੇ ਸਿਰ ਤੇ ਹੱਥ ਰੱਖ ਦਿਤਾ ਤੇ ਕਿਹਾ, ਤੂੰ ਹੁਣ ਸਮਝ। ਜਦੋਂ ਬਾਕੀ ਦੇ ਪੰਜਾਹ ਕੋਰੜੇ ਲੱਗੇ ਤਾਂ ਵਜ਼ੀਰ ਕੀ ਦੇਖਦਾ ਹੈ ਕਿ ਸਭ ਅਸਮਾਨੀ ਤਾਕਤਾਂ ਹੱਥ ਬੰਨ੍ਹੀ ਖੜ੍ਹੀਆਂ ਹਨ ਤੇ ਕਹਿ ਰਹੀਆਂ ਹਨ ਕਿ ਸਰਮੱਦ ਐਨਾ ਦੁਖ ਕਿਉਂ ਸਹੀ ਜਾਂਦਾ ਹੈਂ? ਸਾਨੂੰ ਹੁਕਮ ਦੇਹ, ਅਸੀਂ ਇਸ ਜ਼ਾਲਮ ਬਾਦਸ਼ਾਹ ਦੀ ਬਾਦਸ਼ਾਹੀ ਗਰਕ ਕਰ ਦਿੰਦੇ ਹਾਂ, ਇਹਦਾ ਖਾਨਦਾਨ ਗਰਕ ਕਰ ਦੇਈਏ, ਦਿੱਲੀ ਗਰਕ ਕਰ ਦੇਈਏ। ਸਰਮੱਦ ਉਂਗਲੀ ਨਾਲ ਨਾ-ਨਾ ਕਹੀ ਜਾਂਦਾ ਹੈ। ਫੇਰ ਵਜ਼ੀਰ ਨੂੰ ਪੁਛਿਆ, ਕੀ ਤੈਨੂੰ ਸਮਝ ਆ ਗਿਆ। ਜਦੋਂ ਕੋਰੜੇ ਲਗ ਹਟੇ, ਕਹਿਣ ਲੱਗੇ ਕਿ ਅਸੀਂ ਤਾਂ ਤੈਨੂੰ ਪ੍ਰਤੱਖ (practically) ਦਿਖਾ ਦਿਤਾ ਹੈ, ਮੈਂ ਐਨੀਆਂ ਤਾਕਤਾਂ ਦਾ ਮਾਲਕ ਹਾਂ ਕਿ ਜੇ ਇਕ ਵਾਰੀ ਚੁਟਕੀ ਵਜਾ ਦਿਆਂ ਤਾਂ ਸਾਰੀ ਦਿੱਲੀ ਗਰਕ ਹੋ ਜਾਵੇਗੀ। ਐਨੀ ਤਾਕਤ ਹੁੰਦੇ ਹੋਏ ਵੀ ਮੈਂ ਫੇਰ ਕੋਰੜੇ ਖਾ ਰਿਹਾ ਹਾਂ। ਐਨੀ ਤਾਕਤ ਹੁੰਦੇ ਹੋਏ ਵੀ ਮੈਂ ਲੂਣ ਵਾਲਾ ਪਾਣੀ ਪੀ ਕੇ, ਬਾਜਰੇ ਦੀ ਰੋਟੀ ਖਾ ਕੇ ਅੱਲਾ ਤਾਲਾ ਦਾ ਸ਼ੁਕਰ ਕਰ ਰਿਹਾ ਹਾਂ ਤੇ ਕਹਿੰਦਾ ਹਾਂ ਕਿ ਹੇ ਪ੍ਰਭੂ! ਤੂੰ ਮੇਰੇ ਵਾਸਤੇ ਭੇਜਦਾ ਤਾਂ ਹੈ ਨਾ-ਕੁਝ ਨਾ ਕੁਝ। ਸੋ ਇਹ ਮੁਰੀਦ ਦੇ ਲੱਛਣ ਹੁੰਦੇ ਹਨ –

***ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ॥***
***ਸਾਬਰੁ ਸਿਦਕਿ ਸਹੀਦੁ ਭਰਮ ਭਉ ਖੋਵਣਾ॥***
***ਗੋਲਾ ਮੁਲ ਖਰੀਦੁ ਕਾਰੇ ਜੋਵਣਾ॥***

***ਭਾਈ ਗੁਰਦਾਸ ਜੀ ਵਾਰ 3/18***

ਗੁਲਾਮ ਦੀ ਕੋਈ ਮਰਜ਼ੀ ਨਹੀਂ ਹੁੰਦੀ। ਕਦੀ ਕਹਿ ਦਿਓ ਸੌਂ ਜਾ, ਕਦੀ ਕਹਿ ਦਿਓ ਉਠ ਜਾ, ਉਸਨੇ ਤਾਂ ਉਸ ਦੇ ਮੁਤਾਬਿਕ ਕੰਮ ਕਰਨਾ ਹੈ। ਕਦੀ ਉਸਦੀ ਕੋਈ ਮਰਜ਼ੀ ਜਾਂ ਹੱਕ ਨਹੀਂ ਹੁੰਦਾ। ਸੋ ਇਸ ਤਰ੍ਹਾਂ ਭਾਈ ਮੰਝ ਸੇਵਾ ਕਰਦੇ ਹਨ। ਸੇਵਾ ਕਰਦੇ-ਕਰਦੇ ਸਰੀਰ ਕ੍ਰਿਸ ਹੋਇਆ ਹੋਇਆ ਹੈ, ਕਮਜ਼ੋਰ ਹੋ ਗਿਆ। ਲਕੜੀਆਂ ਦਾ ਭਰਾ ਵੱਡਾ ਸੀ, ਚੁਕਿਆ ਨਹੀਂ ਸੀ ਜਾ ਰਿਹਾ। ਸੰਗਲ ਨਾਲ ਲੈ ਜਾਂਦੇ ਹਨ, ਸੰਗਲ ਦੀ ਮੱਦਦ ਦੇ ਨਾਲ ਦਰਖਤ ਨਾਲ ਲਾ ਕੇ ਭਰ੍ਹਾ ਚੁਕਿਆ, ਟੁਰਦੇ-ਟੁਰਦੇ ਚਾਰ ਵਜੇ ਕਾਲੀ ਬੋਲੀ ਹਨੇਰੀ ਆ ਗਈ। ਭਰ੍ਹਾ ਸਿਰ ਤੇ ਰੱਖਿਆ ਹੋਇਆ ਹੈ। ਜਿਥੇ ਥੱਕ ਜਾਂਦੇ ਹਨ, ਉਥੇ ਦਮ ਲੈ ਲੈਂਦੇ ਹਨ। ਕਾਲੀ ਬੋਲੀ ਹਨ੍ਹੇਰੀ ਵਿਚ ਰਸਤਾ ਭੁਲ ਗਏ। ਜੰਗਲ ਵਿਚ ਇਕ ਖੂਹ ਸੀ ਜਿਸ ਦੇ ਉਪਰ ਮੌਣ ਨਹੀਂ ਸੀ ਤੇ ਖੂਹ ਵਿਚ ਦੜੰਮ ਕਰਕੇ ਗਿਰ ਗਏ। ਨੇੜੇ-ਤੇੜੇ ਕੋਈ ਵੀ ਨਹੀਂ ਸੀ। ਉਸ ਵਕਤ ਪੰਜਵੇ ਪਾਤਸ਼ਾਹ ਨੇੜੇ ਹੀ ਕਿਸੇ ਪਿੰਡ ਵਿਚ ਦੀਵਾਨ ਵਿਚ ਗਏ ਹੋਏ ਸਨ। ਇਕ ਦਮ ਆਸਣ ਤੋਂ ਖੜ੍ਹੇ ਹੋ ਗਏ। ਖੜ੍ਹੇ ਹੋ ਕੇ ਕਹਿਣ ਲਗੇ, "ਜਲਦੀ ਰੱਸੇ ਲੈ ਕੇ ਆਓ।" ਆਪ ਨੇ ਜੋੜਾ ਵੀ ਨਹੀਂ ਪਾਇਆ, ਉਸੇ ਤਰ੍ਹਾਂ ਦੌੜੇ ਜਾਂਦੇ ਹਨ। ਇਸ ਤਰ੍ਹਾਂ ਪੜ੍ਹ ਲਓ।

*ਧਾਰਨਾ - ਔਖੀ ਘੜੀ ਨਾ ਦੇਖਣ ਦੇਵੇ,*
*ਆਪਣਾ ਬਿਰਦ ਸੰਮਾਲਦਾ -2, 2.*
*ਆਪਣਾ ਬਿਰਦ ਸੰਮਾਲਦਾ -2, 2.*
*ਔਖੀ ਘੜੀ ਨਾ ਦੇਖਣ ਦੇਵੇ,.........2*

***ਅਉਖੀ ਘੜੀ ਨ ਦੇਖਣ ਦੇਈ ਅਪਨਾ ਬਿਰਦੁ ਸਮਾਲੇ॥***
***ਹਾਥ ਦੇਇ ਰਾਖੈ ਅਪਨੇ ਕਉ ਸਾਸਿ ਸਾਸਿ ਪ੍ਰਤਿਪਾਲੇ॥***
***ਪੰਨਾ - 682***

ਗੁਰੂ, ਸਿਖ ਦੀ ਹਰ ਵਕਤ ਪ੍ਰਤਿਪਾਲਨਾ ਕਰਦਾ ਹੈ, ਨਿਗਾਹ ਤੋਂ ਉਹਲੇ ਨਹੀਂ ਹੁੰਦਾ। ਇਹ ਤਾਂ ਨਹੀਂ ਸੀ ਕਿ ਗੁਰੂ ਮਹਾਰਾਜ ਨੂੰ ਪਤਾ ਨਹੀਂ ਸੀ ਕਿ ਇਸ ਦੇ ਨਾਲ ਕੀ ਭਾਵੀ ਬੀਤੀ ਹੈ। ਉਸਦਾ ਚੌਧਰੀਪੁਣਾ ਜਾਂਦਾ ਰਿਹਾ, ਪਿੰਡ ਵਿਚੋਂ ਕਢਿਆ ਗਿਆ, ਲੜਕੀ ਗਹਿਣੇ ਪੈ ਗਈ, ਘਰਵਾਲੀ ਗਹਿਣੇ ਪੈ ਗਈ ਤੇ ਅਸੀਂ ਇਸਨੂੰ ਲੰਗਰ ਵਿਚੋਂ ਪ੍ਰਸ਼ਾਦਾ ਵੀ ਨਹੀਂ ਛੱਕਣ ਦਿਤਾ। ਅੰਦਰੋਂ ਗੁਰੂ ਮਹਾਰਾਜ ਸਭ ਕੁਝ ਜਾਣਦੇ ਸੀ। ਉਸ ਵੇਲੇ ਗੁਰੂ ਧਾਈ ਕਰੀ ਆਉਂਦੇ ਹਨ। ਤਖਤ ਤੇ ਬੈਠ ਨਹੀਂ ਸਕੇ। ਸੰਗਤਾਂ 'ਚੋ ਇਕ ਦਮ ਉਠ ਕੇ ਖੜ੍ਹੇ ਹੋ ਗਏ। ਜੋੜਾ ਨਹੀਂ ਮੰਗਿਆ, ਇਕ ਦਮ ਹੁਕਮ ਕੀਤਾ ਕਿ ਸਾਡੇ ਪਿਛੇ ਲੱਜ ਲੈ ਕੇ ਆਓ। ਹਨ੍ਹੇਰੀ ਜ਼ੋਰਾਂ ਨਾਲ ਚੱਲ ਰਹੀ ਹੈ। ਸੇਵਕ ਦੌੜ ਕੇ ਜੋੜਾ ਲੈ ਕੇ ਆਇਆ, ਪਰ ਜੋੜਾ ਪਾਉਣ ਦਾ ਵਿਹਲ ਨਹੀਂ ਸੀ।

*ਧਾਰਨਾ - ਹਰਿ ਜੀ ਛੱਡ ਕੇ ਸਿੰਘਾਸਨ ਆਉਂਦੇ,*
*ਪਿਆਰਿਆਂ ਦੇ ਰਖਣੇ ਨੂੰ - 2, 2.*
*ਵਾਹਵਾ-ਵਾਹਵਾ ਪਿਆਰਿਆਂ ਦੇ ਰੱਖਣੇ ਨੂੰ - 2, 2.*
*ਹਰਿ ਜੀ ਛੱਡ ਕੇ ਸਿੰਘਾਸਨ ਆਉਂਦੇ,.......।*

***ਅਪੁਨੇ ਸੇਵਕ ਕੀ ਆਪੇ ਰਾਖੈ ਆਪੇ ਨਾਮੁ ਜਪਾਵੈ॥***
***ਜਹ ਜਹ ਕਾਜ ਕਿਰਤਿ ਸੇਵਕ ਕੀ ਤਹਾ ਤਹਾ ਉਠਿ ਧਾਵੈ॥***
***ਪੰਨਾ - 403***

ਕੈਸਾ ਨਜ਼ਾਰਾ ਹੈ - ਗੁਰੂ ਮਹਾਰਾਜ ਦੌੜੇ ਆ ਰਹੇ ਹਨ। ਜੋੜੇ ਵਾਲਾ ਜੋੜਾ ਚੁੱਕੀ ਆਉਂਦਾ ਹੈ, ਘੋੜੇ ਵਾਲਾ ਘੋੜੇ ਨੂੰ ਫੜੀ ਲਿਆ ਰਿਹਾ ਹੈ, ਲੱਜਾਂ ਵਾਲੇ ਲੱਜਾਂ ਇਕੱਠੀਆਂ ਕਰਕੇ ਲਿਆ ਰਹੇ ਹਨ। ਮਹਾਰਾਜ ਦੌੜੇ ਜਾ ਰਹੇ ਹਨ, ਕਿਸੇ ਦੀ ਗੱਲ ਨਹੀਂ ਸੁਣ ਰਹੇ। ਜਾ ਕੇ ਖੂਹ ਦੇ ਕੋਲ ਖੜ੍ਹੇ ਹੋ ਗਏ। ਉਸ ਵੇਲੇ ਖੂਹ ਵਿਚੋਂ ਆਵਾਜ਼ ਆ ਰਹੀ ਸੀ। ਸਤਿਨਾਮ-ਵਾਹਿਗੁਰੂ, ਸਤਿਨਾਮ-ਵਾਹਿਗੁਰੂ। ਮਹਾਰਾਜ ਖੂਹ ਦੇ ਨੇੜੇ ਨਹੀਂ ਗਏ, ਪਿਛੇ ਹਟ ਕੇ ਖਲੋ ਗਏ। ਸਿੱਖਾਂ ਨੂੰ ਕਿਹਾ ਇਸ ਨੂੰ ਪੁਛੋ ਖੂਹ ਵਿਚ ਕੌਣ ਹੈ? ਆਪ ਜਾਣਦੇ ਤਾਂ ਸਭ ਕੁਝ ਸੀ। ਇਕ ਸਿਖ ਨੇ ਆਵਾਜ਼ ਦਿੱਤੀ ਤੇ ਪੁਛਿਆ ਕਿ ਪ੍ਰੇਮੀਆਂ ਤੂੰ ਕੌਣ ਹੈਂ? ਖੂਹ ਵਿਚੋਂ ਆਵਾਜ਼ ਆਈ ਕਿ ਮੈਂ ਪੰਜਵੇਂ ਪਾਤਸ਼ਾਹ ਦਾ ਇਕ ਗਰੀਬ ਜਿਹਾ, ਅਦਨਾ ਜਿਹਾ ਸਿਖ ਹਾਂ, ਮਾਮੂਲੀ ਜਿਹਾ ਸਿਖ ਹਾਂ। ਭਾਈ ਮੰਝ ਦੇ ਮਨ ਵਿਚ ਕੋਈ ਮਾਣ ਨਹੀਂ ਹੈ। ਸਿੱਖਾਂ ਨੇ ਕਿਹਾ ਕਿ ਅਸੀਂ ਲੱਜਾਂ ਫੜਾਉਂਦੇ ਹਾਂ, ਤੂੰ ਫੜਕੇ ਬਾਹਰ ਨਿਕਲ ਆ। ਭਾਈ ਮੰਝ ਕਹਿਣ ਲਗੇ, "ਪਿਆਰਿਓ! ਜੇ ਮੈਨੂੰ ਕਢਣਾ ਹੈ ਤਾਂ ਪਹਿਲਾਂ ਬਾਲਣ ਕੱਢ ਲਓ, ਅਜੇ ਤੱਕ ਇਹ ਬਾਲਣ ਮੈਂ ਭਿੱਜਣ ਨਹੀਂ ਦਿਤਾ।" ਜੇਕਰ ਅਸੀਂ ਹੁੰਦੇ ਤਾਂ ਅਸੀਂ ਕੀ ਕਰਨਾ ਸੀ ਕਿ ਪਹਿਲਾਂ ਐਸੀ ਕਾਲੀ ਬੋਲੀ ਹਨ੍ਹੇਰੀ ਵਿਚ ਘਰੋਂ ਬਾਹਰ ਹੀ ਨਹੀਂ ਸੀ ਨਿਕਲਣਾ, ਵੀਹ ਬਹਾਨੇ ਲਗਾ ਦੇਣੇ ਸਨ। ਸਾਧ ਸੰਗਤ ਜੀ! ਅੱਜ ਕੱਲ ਕੋਈ ਸੇਵਾ ਕਰਦਾ ਹੈ? ਬਹੁਤ ਔਖੀ ਗੱਲ ਹੈ। ਇਹ ਤਾਂ ਉਨ੍ਹਾਂ ਗੁਰਸਿਖਾਂ ਦੇ ਹੀ ਜੀਵਨ ਸਨ ਜੋ ਕਿ ਚਾਨਣ ਮੁਨਾਰੇ ਦੀ ਤਰ੍ਹਾਂ ਸਨ ਅਤੇ ਅੱਜ ਵੀ ਸਾਨੂੰ ਰਸਤਾ ਦਿਖਾ ਰਹੇ ਹਨ। ਉਨ੍ਹਾਂ ਦੀ ਰੋਸ਼ਨੀ ਲੈ ਕੇ ਅਸੀਂ ਮਾੜਾ ਮੋਟਾ ਤੁਰਨ ਦੀ ਕੋਸ਼ਿਸ਼ ਕਰਦੇ ਹਾਂ। ਉਹ ਜੀਵਨ ਅੱਜ ਦੇ ਗੁਰਸਿਖਾਂ ਨੂੰ ਪ੍ਰਾਪਤ ਨਹੀਂ ਹਨ। ਅੱਜ ਕੱਲ ਤਾਂ ਖੁਦਗਰਜ਼ੀਆਂ ਹੱਦ ਤੋਂ ਜ਼ਿਆਦਾ ਹਨ, ਵੱਡਾ ਬਣਨ ਦੀ ਲਾਲਸਾ ਬਣੀ ਰਹਿੰਦੀ ਹੈ, ਭਾਵੇਂ ਸਾਰਿਆਂ ਨੂੰ ਧੋਖਾ ਦੇਣਾ ਪੈ ਜਾਵੇ। ਕੋਈ ਕਿਸੇ ਵਾਸਤੇ ਨਹੀਂ ਜਿਉਂਦਾ, ਸਿੱਖੀ ਵਾਸਤੇ ਨਹੀਂ ਜਿਉਂਦਾ; ਸਾਰੇ ਆਪਣੇ ਵਾਸਤੇ ਜੀਅ ਰਹੇ ਹਨ। ਉਸ ਵੇਲੇ ਤੋਂ ਹੁਣ ਬਿਲਕੁਲ ਉਲਟਾ ਕੰਮ ਹੋ ਗਿਆ ਹੈ। ਤੇ ਉਥੇ ਕੀ ਸੀ? ਸਿਰ ਤੇ ਗੁਰੂ ਦੇ ਲੰਗਰ ਦਾ ਬਾਲਣ ਹੈ, ਭਾਈ ਮੰਝ ਪਾਣੀ ਵਿਚ ਖੜ੍ਹਾ ਹੈ। ਗਲ-ਗਲ ਤੱਕ ਪਾਣੀ ਹੈ; ਜੇ ਅਸੀਂ ਹੁੰਦੇ ਤਾਂ ਕੀ ਕਰਦੇ? ਬਾਲਣ ਪੈਰਾਂ ਥਲੇ ਰਖਣਾ ਸੀ ਤੇ ਆਪ ਉਸ ਉਪਰ ਖੜ੍ਹੇ ਹੋ ਜਾਣਾ ਸੀ ਕਿ ਕਿਧਰੇ ਡੁਬ ਨਾ ਜਾਈਏ। ਪਰ ਧੰਨ ਸੀ ਉਹ ਗੁਰਸਿਖ, ਕਿੰਨੀ ਦੇਰ ਹੋ ਗਈ ਪਾਣੀ ਵਿਚ ਖੜ੍ਹੇ ਨੂੰ। ਬਾਲਣ ਭਿੱਜਣ ਨਹੀਂ ਦਿਤਾ, ਕਹਿਣ ਲੱਗਾ ਕਿ ਜੇ ਮੈਨੂੰ ਬਾਹਰ ਕੱਢਣਾ ਹੈ ਤਾਂ ਪਹਿਲਾਂ ਬਾਲਣ ਕੱਢੋ। ਗੁਰੂ ਦੇ ਲੰਗਰ ਦਾ ਬਾਲਣ ਹੈ, ਕਿਧਰੇ ਗਿੱਲਾ ਨਾ ਹੋ ਜਾਵੇ। ਇਹ ਗੱਲ ਸੁਣ ਕੇ ਸਾਰਿਆਂ ਦੇ ਨੇਤਰਾਂ ਵਿਚੋਂ ਜਲ ਜਾਣ ਲੱਗ ਪਿਆ। ਧੰਨ ਹੈ ਤੂੰ ਭਾਈ, ਧੰਨ ਹੈ ਤੇਰੀ ਸਿੱਖੀ, ਧੰਨ ਤੇਰੀ ਕਮਾਈ, ਸਚਮੁੱਚ ਤੇਰਾ ਤਾਂ ਜੀਵਨ ਹੀ ਬਹੁਤ ਉਚਾ ਹੈ। ਗੁਰੂ ਮਹਾਰਾਜ ਦੇ ਨੇਤਰਾਂ ਵਿਚੋਂ ਵੀ ਜਲ ਜਾ ਰਿਹਾ ਹੈ। ਸਿੱਖਾਂ ਨੇ ਖੂਹ ਵਿਚ ਦੋ ਲੱਜਾਂ ਸੁਟੀਆਂ ਇਕ ਨਾਲ ਤਾਂ ਭਾਈ ਮੰਝ ਨੇ ਪਹਿਲਾਂ ਬਾਲਣ ਬੰਨ੍ਹਿਆ ਤੇ ਬਾਹਰ ਕਢਵਾਇਆ। ਦੂਜੀ ਲੱਜ ਨਾਲ ਆਪ ਬਾਹਰ ਆਇਆ। ਜਦੋਂ ਭਾਈ ਮੰਝ ਬਾਹਰ ਨਿਕਲਿਆ ਤਾਂ ਕੀ ਦੇਖਿਆ ਕਿ ਗੁਰੂ ਮਹਾਰਾਜ ਸਾਮ੍ਹਣੇ ਖੜ੍ਹੇ ਹਨ ਤੇ ਪੈਰਾਂ ਵਿਚ ਜੋੜਾ ਵੀ ਨਹੀਂ ਹੈ। ਗੁਰੂ ਮਹਾਰਾਜ ਉਸ ਸਮੇਂ ਕੋਈ ਬਚਨ ਨਾ ਕਰ ਸਕੇ। ਇਕ ਦਮ ਅੱਗੇ ਵਧੇ ਤੇ ਸਿੱਖ ਨੂੰ ਛਾਤੀ ਨਾਲ ਲਾ ਲਿਆ। ਇਸ ਤਰ੍ਹਾਂ ਪੜ੍ਹ ਲਓ -

*ਧਾਰਨਾ - ਛਾਤੀ ਨਾਲ ਲਾ ਲਿਆ,*
*ਗੁਰਾਂ ਨੇ ਸਿੱਖ ਪਿਆਰਾ -2, 2.*
*ਗੁਰਾਂ ਨੇ ਸਿੱਖ ਪਿਆਰਾ - 2, 2.*
*ਛਾਤੀ ਨਾਲ ਲਾ ਲਿਆ,.........-2*

ਗੁਰੂ ਜੀ ਨੇ ਭਾਈ ਮੰਝ ਨੂੰ ਛਾਤੀ ਨਾਲ ਲਾ ਲਿਆ। ਜੇ ਕੋਈ ਔਗੁਣ ਰਹਿੰਦਾ ਵੀ ਸੀ ਤਾਂ ਸਭ ਖਤਮ ਕਰ ਦਿਤੇ। ਗੁਰੂ ਮਹਾਰਾਜ ਦੇ ਨੇਤਰਾਂ ਤੋਂ ਜਲ ਜਾ ਰਿਹਾ ਹੈ। ਭਾਈ ਮੰਝ ਦੇ ਨੇਤਰਾਂ ਵਿਚੋਂ ਵੀ ਇਸ ਤਰ੍ਹਾਂ ਜਲ ਜਾ ਰਿਹਾ ਹੈ ਜਿਸ ਤਰ੍ਹਾਂ ਕੋਈ ਉਭਲ ਲੱਗ ਜਾਂਦੀ ਹੈ। ਭਾਈ ਮੰਝ ਦਾ ਤਨ, ਮਨ, ਧਨ ਦਿਤਾ ਹੋਇਆ ਥਾਂ ਪੈ ਗਿਆ।

ਗੁਰੂ ਮਹਾਰਾਜ ਨੇ ਕਿਹਾ, ਭਾਈ ਮੰਝ ਅਸੀਂ ਤੇਰੇ ਤੇ ਅਤੀ ਪ੍ਰਸੰਨ ਹੋਏ ਹਾਂ, ਤੂੰ ਐਡਾ ਵੱਡਾ ਇਮਤਿਹਾਨ ਪਾਸ ਕਰ

(ਬਾਕੀ ਪੰਨਾ 53 ਤੇ )

# The Celestial Song
# ਗੁਰੂ ਗੋਬਿੰਦ ਗੀਤ

***ਡਾ. ਸਵਾਮੀ ਰਾਮ ਜੀ***

**ਨੋਟ:-** ਅਸੀਂ ਡਾ. ਸਵਾਮੀ ਰਾਮ ਜੀ ਦੀ ਪੁਸਤਕ 'Gobind Geet' ਨੂੰ ਲੜੀਵਾਰ ਲੇਖਾਂ ਰਾਹੀਂ ਛਾਪਣ ਦੀ ਖੁਸ਼ੀ ਲੈ ਰਹੇ ਹਾਂ। ਪਾਠਕਾਂ ਨੂੰ ਇਨ੍ਹਾਂ ਲੇਖਾਂ ਨੂੰ ਪੜ੍ਹ ਕੇ ਬਹੁਤ ਉਤਸ਼ਾਹ ਮਿਲੇਗਾ। ਇਸ ਵਿਚ ਗੁਰੂ ਗੋਬਿੰਦ ਸਿੰਘ ਜੀ ਅਤੇ ਬੰਦਾ ਸਿੰਘ ਬਹਾਦਰ ਦਾ ਰਹੱਸਮਈ ਵਾਰਤਾਲਾਪ ਹੈ ਜੋ ਦਿਲਾਂ ਨੂੰ ਟੁੰਬਦਾ ਹੈ।

## ਦੋ ਸ਼ਬਦ

ਮੈਂ ਸਿੱਖ ਫਿਲੋਸਫੀ ਉਤੇ ਕਾਫੀ ਦੇਰ ਤਕ ਚਿੰਤਨ ਕਰਦਾ ਰਿਹਾ ਹਾਂ। ਮੈਂ ਹੁਣੇ ਥੋੜ੍ਹੀ ਦੇਰ ਪਹਿਲਾਂ ਪੰਜਾਬ ਗਿਆ, ਚੰਡੀਗੜ੍ਹ ਗਿਆ, ਉਥੇ ਜਾ ਕੇ ਮੈਨੂੰ ਬਹੁਤ ਹੀ ਉਤਸ਼ਾਹ ਮਿਲਿਆ, ਉਸ ਉਤਸ਼ਾਹ ਦਾ ਸਿੱਟਾ ਇਹ ਕਿਤਾਬ ਹੈ, ਇਹ 'ਗੋਬਿੰਦ ਗੀਤ' ਬ੍ਰਹਮਗੀਤ। ਇਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਤੇ ਬੰਦਾ ਬਹਾਦਰ ਦਾ ਵਾਰਤਾਲਾਪ ਹੈ, ਇਹ ਮਾਨਵਤਾ ਦੇ ਇਤਿਹਾਸ ਦੀਆਂ ਦੋ ਬਹੁਤ ਹੀ ਵੱਡੀਆਂ ਹਸਤੀਆਂ ਹੋਈਆਂ ਹਨ। ਸਭ ਤੋਂ ਵੱਡੀ ਗੱਲ ਤਾਂ ਇਹ ਹੈ ਕਿ ਕੋਈ ਕਲਪਤ ਹਸਤੀਆਂ ਨਹੀਂ ਹਨ। ਇਹ ਤਾਂ ਇਕ ਬਹੁਤ ਵੱਡੀ ਹਕੀਕਤ ਹਨ, ਬਹੁਤ ਹੀ ਕਠਿਨ ਸੱਤਿ ਹੈ। ਉਨ੍ਹਾਂ ਦੀ ਵੀਰ ਗਾਥਾ ਪੜ੍ਹ ਕੇ ਉਨ੍ਹਾਂ ਦਾ ਡੂੰਘਾ ਮਿਲਾਪ ਜਾਣ ਕੇ ਪਾਠਕ ਇਹ ਸਮਝ ਜਾਣਗੇ ਕਿ ਇਸ ਧਰਤੀ ਉਤੇ ਕਿੱਡੀਆਂ ਮਹਾਨ ਹਸਤੀਆਂ ਹੋਈਆਂ ਹਨ, ਇਹੋ ਜਿਹੀਆਂ ਹਸਤੀਆਂ ਜਿਨ੍ਹਾਂ ਦਾ ਜੀਵਨ ਇਕ ਉਦਾਹਰਣ ਹੈ। ਇਕ ਮਿਸਾਲ ਹੈ ਜਿਸ ਦੇ ਬਰਾਬਰ ਦੂਸਰਾ ਹੈ ਹੀ ਨਹੀਂ, ਇਹ ਬਿਲਕੁਲ ਅਨੂਠਾ ਹੈ, ਨਿਰਾਲਾ ਹੈ। ਪੂਰਬ ਪੱਛਮ ਦੋਨੋਂ ਵਿਚ ਗੁਰੂ ਗੋਬਿੰਦ ਸਿੰਘ ਸਾਹਿਬ ਵਰਗੀ ਕੋਈ ਦੂਸਰੀ ਮਿਸਾਲ ਹੈ ਹੀ ਨਹੀਂ। ਸਾਰੇ ਇਤਿਹਾਸ ਵਿਚ ਨਹੀਂ, ਨਾ ਹੀ ਬੰਦਾ ਬਹਾਦਰ ਵਰਗੀ ਕੋਈ ਦੂਸਰੀ ਹਸਤੀ ਹੋਈ ਹੈ। ਇਹ ਦੋਨੋਂ ਹਸਤੀਆਂ ਸਦਾ ਹੀ ਭਾਰਤ ਵਿਚ ਆਦਰ ਸਾਹਿਤ ਯਾਦ ਕੀਤੀਆਂ ਜਾਣਗੀਆਂ, ਇਨ੍ਹਾਂ ਦੀਆਂ ਕੁਰਬਾਨੀਆਂ ਇਨ੍ਹਾਂ ਦੇ ਬਲੀਦਾਨ ਇਨ੍ਹਾਂ ਦੀ ਸ਼ਰਧਾ ਇਨ੍ਹਾਂ ਦਾ ਸਮਰਪਣ ਕਿਤੇ ਹੋਰ ਦੇਖਣ ਵਿਚ ਆਉਂਦਾ ਹੀ ਨਹੀਂ, ਜਿਵੇਂ ਗੀਤਾ ਵਿਚ ਸ੍ਰੀ ਕ੍ਰਿਸ਼ਨ ਜੀ ਤੇ ਅਰਜਨ ਦੋ ਮਹਾਨ ਹਸਤੀਆਂ ਸੀ, ਉਸ ਤਰ੍ਹਾਂ ਹੀ ਸਿੱਖ ਇਤਿਹਾਸ ਵਿਚ ਗੁਰੂ ਗੋਬਿੰਦ ਸਿੰਘ ਜੀ ਅਤੇ ਬੰਦਾ ਬਹਾਦਰ ਦੋ ਬਹੁਤ ਹੀ ਬੇਜੋੜ ਹਸਤੀਆਂ ਹੋਈਆਂ ਹਨ, ਮੇਰਾ ਇਨ੍ਹਾਂ ਦੋਨਾਂ ਪ੍ਰਤੀ ਪਿਆਰ, ਅਦਬ, ਸ਼ਬਦਾਂ ਤੋਂ ਬਾਹਰ ਹੈ, ਮੇਰੇ ਕੋਲ ਕੋਈ ਸ਼ਬਦ ਹੀ ਨਹੀਂ ਕਿ ਮੈਂ ਉਸ ਅਦਬ ਪਿਆਰ ਦੀ ਡੂੰਘਾਈ ਦਸ ਸਕਾਂ।

ਮੈਂ ਗੁਰੂ ਗ੍ਰੰਥ ਸਾਹਿਬ ਦਾ ਅੰਗ੍ਰੇਜ਼ੀ ਕਵਿਤਾ ਵਿਚ ਤਰਜਮਾ ਕਰ ਰਿਹਾ ਸੀ ਅਤੇ ਨਾਲ ਹੀ ਮੈਂ ਇਹ ਕਿਤਾਬ ਲਿਖਣੀ ਸ਼ੁਰੂ ਕੀਤੀ, ਉਸ ਵਿਚੋਂ ਜਿੰਨਾਂ ਸਮਾਂ ਵੀ ਮੈਨੂੰ ਮਿਲਦਾ ਮੈਂ ਇਸ ਗੋਬਿੰਦ ਗੀਤਾ ਦੀ ਕਵਿਤਾ ਲਿਖਣ ਵਿਚ ਹੀ ਲਗਾਉਂਦਾ, ਇਸ ਦੀ 18 ਅਧਿਆਇ ਦੀ ਰਚਨਾ ਕਵਿਤਾ ਵਿਚ ਹੀ ਕੀਤੀ ਗਈ ਹੈ ਤਾਂ ਜੋ ਬੱਚੇ ਤੇ ਸਾਧਕ ਇਸ ਰਾਹੀਂ ਦਿੱਤੀ ਸਿਖਿਆ ਨੂੰ ਚੰਗੀ ਤਰ੍ਹਾਂ ਯਾਦ ਰੱਖ ਸਕਣ। ਇਸ ਪੁਸਤਕ ਵਿਚ ਦਿਤੀ ਗਈ ਫਿਲੌਸਫੀ ਗੁਰੂ ਗ੍ਰੰਥ ਸਾਹਿਬ ਤੇ ਆਧਾਰਤ ਹੈ, ਜਪੁਜੀ ਸਾਹਿਬ ਅਤੇ ਦਸਮ ਗ੍ਰੰਥ ਤੇ ਆਧਾਰਿਤ ਹੈ। ਸਿੱਖ ਦੀ ਫਿਲੌਸਫੀ ਅਤੇ ਇਤਿਹਾਸ ਵੀ ਸੰਖੇਪ ਵਿਚ ਦਿਤਾ ਗਿਆ ਹੈ। ਭਾਵੇਂ ਗੁਰੂ ਗੋਬਿੰਦ ਸਿੰਘ ਜੀ ਅਤੇ ਬੰਦਾ ਬਹਾਦਰ ਦਾ ਵਾਰਤਾਲਾਪ ਇਕ ਕਲਪਨਾ ਦੇ ਰੂਪ ਵਿਚ ਹੀ ਹੈ ਪਰ ਇਹ ਘਟਨਾ ਪੂਰੀ ਤਰ੍ਹਾਂ ਨਾਲ ਵਾਸਤਵਿਕ ਹੈ। ਜਦੋਂ ਮੈਂ ਇਹ ਘਟਨਾ ਪੜ੍ਹੀ, ਮੈਨੂੰ ਲੱਗਾ ਸਿੱਖ ਧਰਮ ਦੀ ਵਿਆਖਿਆ ਇਸ ਵਾਰਤਾਲਾਪ ਨਾਲ ਬਹੁਤ ਹੀ ਸੋਹਣੀ ਤਰ੍ਹਾਂ ਕੀਤੀ ਜਾ ਸਕਦੀ ਹੈ।

ਭਾਰਤ ਯੋਗੀਆਂ ਰਿਸ਼ੀਆਂ ਮੁਨੀਆਂ, ਸਾਧੂ, ਸੰਤਾਂ ਦੀ ਧਰਤੀ ਹੈ; ਕਬੀਰ ਜੀ, ਤੁਲਸੀ ਦਾਸ, ਸੂਰਦਾਸ, ਸੰਤ ਤੁਕਾਰਾਮ, ਸੰਤ ਗਿਆਨੇਸ਼ਵਰ, ਸ੍ਰੀ ਰਾਮ ਦਾਸ ਤੇ ਹੋਰ ਕਈ ਸੰਤ ਮਹਾਂਪੁਰਸ਼ ਹੋਏ ਹਨ ਪਰ ਗੁਰੂ ਨਾਨਕ ਦੇਵ ਜੀ ਜੋ ਸਿੱਖ ਧਰਮ ਦੇ ਮੁਖੀ ਹੋਏ ਹਨ, ਉਹ ਬਹੁਤ ਹੀ ਇਕ ਨਿਰਾਲੀ ਉਚੀ ਹਸਤੀ ਦੇ ਮਾਲਕ ਹੋਏ ਹਨ। ਉਨ੍ਹਾਂ ਦੀ ਸਿਖਿਆ ਦੂਰ ਦੂਰ ਤਕ ਫੈਲੀ ਤੇ ਉਸ ਦਾ ਪ੍ਰਭਾਵ ਦੇਸ਼ ਵਿਦੇਸ਼ ਦੋਨਾਂ ਤੇ ਪਿਆ। ਜਿਹੜੀ ਗੁਰੂ ਜੋਤ ਗੁਰੂ ਨਾਨਕ ਦੇਵ ਜੀ ਤੋਂ ਸ਼ੁਰੂ ਹੋਈ, ਉਹ 200 ਸਾਲ ਤੋਂ ਵੱਧ ਸਮੇਂ ਤਕ ਚੱਲੀ। ਇਸ ਪ੍ਰਥਾ ਤੋਂ ਹੀ ਉਨ੍ਹਾਂ ਦੀ ਉਚੀ ਪਦਵੀ ਦਾ ਗਿਆਨ ਹੁੰਦਾ ਹੈ, ਉਨ੍ਹਾਂ ਦੀ ਸਿਖਿਆ ਦੀ ਮਹੱਤਤਾ ਦਾ ਪਤਾ ਲਗਦਾ ਹੈ। ਬਾਕੀ ਦੇ ਸੰਤਾਂ ਮਹਾਤਮਾ ਨਾਲ ਇਸ ਤਰ੍ਹਾਂ ਨਹੀਂ ਹੋਇਆ, ਉਨ੍ਹਾਂ ਦੇ ਵਾਰਸ ਉਨ੍ਹਾਂ ਦੀ ਸਿਖਿਆ ਨਾ ਫੈਲਾ ਸਕੇ, ਨਾ ਹੀ ਉਹ ਐਨਾ ਗਿਆਨ ਰਖਦੇ ਸੀ ਜਿੰਨਾਂ ਉਨ੍ਹਾਂ ਦੇ ਗੁਰੂ ਰਖਦੇ ਸਨ; ਇਹ ਕੇਵਲ ਗੁਰੂ ਨਾਨਕ ਹੀ ਸਨ ਜਿਨ੍ਹਾਂ ਦੀ ਗੁਰੂ ਜੋਤ ਅੱਗੇ ਚਲਦੀ ਰਹੀ। ਇਹ ਹੀ ਕਾਰਣ ਹੈ ਕਿ ਮੈਂ ਗੁਰੂ ਨਾਨਕ ਦੇਵ ਜੀ ਦਾ ਬਹੁਤ ਹੀ ਆਦਰ ਸਤਿਕਾਰ ਕਰਦਾ ਹਾਂ, ਉਨ੍ਹਾਂ ਨੇ ਸਭ ਨੂੰ ਗਿਆਨ ਪ੍ਰਦਾਨ ਕੀਤਾ ਉਹ ਸੱਚੇ ਅਰਥਾਂ ਵਿਚ ਗੁਰੂ ਸਨ ਜਿਹੜੇ ਆਤਮ ਮਾਰਗ ਤੇ ਮਾਰਗ ਦਰਸ਼ਨ ਕਰਦੇ ਰਹੇ ਅਤੇ ਆਪਣੇ ਸਾਧਕਾਂ ਨੂੰ ਉਨ੍ਹਾਂ ਦੇ ਨਿਸ਼ਾਨੇ ਤੇ ਪਹੁੰਚਾਉਂਦੇ ਰਹੇ।

ਗੁਰੂ ਨਾਨਕ ਦੇਵ ਜੀ ਨੇ ਇਸ ਲਈ ਸਿੱਖ ਧਰਮ ਚਲਾਇਆ ਸੀ ਤਾਂ ਜੋ ਉਹ ਵੱਖ-ਵੱਖ ਪਰਪਾਟੀਆਂ ਨੂੰ ਇਕ ਕਰ ਸਕਣ; ਉਹ ਬਹੁਤ ਉਚੇ ਸੰਤ ਸਨ, ਉਹ ਸਾਰੀਆਂ ਹੀ ਪਰੰਪਰਾਵਾਂ ਦਾ ਸਤਿਕਾਰ ਕਰਦੇ ਸਨ, ਉਨ੍ਹਾਂ ਨੇ ਹਿੰਦੂ ਧਰਮ ਦਾ ਵੀ ਸੁਧਾਰ ਕੀਤਾ, ਬੇਲੋੜੀਆਂ ਚੀਜ਼ਾਂ ਕੱਢ ਕੇ ਭਗਤੀ ਦੀ ਰੂਹ ਇਸ ਵਿਚ ਪਾਈ। ਗੁਰੂ ਨਾਨਕ ਨੂੰ ਮੰਨਣ ਵਾਲੇ ਸਿੱਖ ਕਹਾਉਣ ਲਗ ਪਏ। ਇਹ ਇਕ ਅਨੂਠੀ ਕੌਮ ਬਣ ਗਏ ਭਾਵ ਨਿਸ਼ਕਾਮ ਸੇਵਕ ਬਣ ਗਏ। ਸਿੱਖ ਫਿਲੌਸਫੀ ਦਾ ਆਧਾਰ ਵੇਦ ਹਨ, ਰਿਸ਼ੀਆਂ ਮੁਨੀਆਂ ਦਾ ਗਿਆਨ ਹੈ ਜਿਹੜਾ ਬੁੱਧ ਅਤੇ ਜੈਨ ਮਜ਼ਹਬ ਨੇ ਲਿਆ ਸੀ। ਸਿੱਖ ਮਜ਼ਹਬ ਨੂੰ ਹਿੰਦੂਆਂ ਨੇ ਤੇ ਮੁਸਲਮਾਨਾਂ ਨੇ ਅਪਣਾਇਆ, ਇਸ ਨੇ ਲੋਕਾਂ ਵਿਚ ਜਾਗ੍ਰਤੀ ਪੈਦਾ ਕੀਤੀ, ਸਮਾਜਿਕ ਤੇ ਰੂਹਾਨੀ ਚੇਤਨਤਾ

ਲਿਆਂਦੀ।

ਗੁਰੂ ਨਾਨਕ ਦੇਵ ਜੀ ਦੀ ਸਿਖਿਆ ਨੂੰ ਅਤੇ ਉਨ੍ਹਾਂ ਦੀਆਂ ਹੋਰ ਜੋਤਾਂ ਦੀ ਬਾਣੀ ਨੂੰ ਗੁਰੂ ਅਰਜਨ ਦੇਵ ਜੀ ਪੰਜਵੇਂ ਗੁਰੂ ਸਾਹਿਬ ਨੇ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਕਾਨੀਬੱਧ ਕੀਤਾ। ਆਦਿ ਗ੍ਰੰਥ ਵੀ ਇਸ ਨੂੰ ਕਿਹਾ ਜਾਂਦਾ ਹੈ ਭਾਵ ਪਹਿਲੀ ਪੁਸਤਕ। ਸੰਸਾਰ ਭਰ ਦੇ ਸਾਰੇ ਧਰਮ ਗ੍ਰੰਥਾਂ ਵਿਚੋਂ ਗੁਰੂ ਗ੍ਰੰਥ ਸਾਹਿਬ ਸਭ ਤੋਂ ਸੌਖਾ ਹੈ, ਗੁਰੂ ਗ੍ਰੰਥ ਸਾਹਿਬ ਤੇ ਚਿੰਤਨ ਕਰਨਾ ਸਭ ਤੋਂ ਸਰਲ ਹੈ। ਉਸ ਨੂੰ ਸਮਝਣਾ ਉਸ ਤੇ ਅਭਿਆਸ ਕਰਨਾ ਸਭ ਤੋਂ ਸਰਲ ਹੈ ਇਹ ਗੁਰਮੁਖੀ ਲਿਪੀ ਵਿਚ ਲਿਖਿਆ ਗਿਆ ਹੈ, ਗੁਰਮੁਖੀ ਤੋਂ ਭਾਵ ਹੈ, "ਗੁਰੂ ਦੇ ਮੁਖ ਤੋਂ ਨਿਕਲੀ ਹੋਈ ਆਦਿ ਗ੍ਰੰਥ ਵਿਚ ਪੰਜਾਂ ਗੁਰੂ ਸਾਹਿਬਾਨ ਦੀ ਬਾਣੀ ਅੰਕਿਤ ਹੈ ਤੇ ਨਾਲ ਹੀ ਹੋਰ ਬਹੁਤ ਸਾਰੇ ਭਗਤਾਂ ਦੀ ਬਾਣੀ ਵੀ ਅੰਕਿਤ ਹੈ; ਉਹ ਬਾਣੀ ਜੋ ਸਿੱਖ ਧਰਮ ਦੇ ਨਿਯਮ ਅਨੁਸਾਰ ਲਿਖੀ ਗਈ ਹੈ ਜਾਂ ਜਿਸ ਵਿਚੋਂ ਸਿੱਖ ਮਜ਼ਹਬ ਦੀ ਵਿਆਖਿਆ ਮਿਲਦੀ ਹੈ। ਇਸ ਦੀ ਸਿਖਿਆ ਬਹੁਤ ਹੀ ਸੁਰੀਲੀ ਤੇ ਮਿਠਾਸ ਭਰੀ ਹੈ ਤੇ ਉਪਨਿਸ਼ਦਾਂ ਅਤੇ ਗੀਤਾ ਤੇ ਆਧਾਰਤ ਹੈ।

ਸਿੱਖ ਮਜ਼ਹਬ ਧਰਮ ਦੇ ਅਸੂਲਾਂ ਦੀ ਪੁਸ਼ਟੀ ਕਰਦਾ ਹੈ, ਧਰਮ ਤੋਂ ਭਾਵ ਹੈ ਉਹ ਨਿਯਮ ਜਿਹੜੇ ਸਭ ਤੇ ਇਕੋ ਜਿਹੇ ਲਾਗੂ ਹੁੰਦੇ ਹਨ। ਇਸ ਦਾ ਆਦਰਸ਼ ਹੈ ਸਭ ਨੂੰ ਇਕ ਕਰਕੇ ਜਾਣਨਾ, ਸਾਰੀਆਂ ਬੁਰਾਈਆਂ ਕੱਢਣੀਆਂ, ਸਾਰੇ ਭਿੰਨ ਭੇਦ ਖਤਮ ਕਰਨੇ, ਸਮਾਜ ਅਤੇ ਕੌਮ ਵਿਚ ਬਰਾਬਰੀ ਲਿਆਉਣੀ ਇਹ ਸਭ ਕੁਝ ਚੇਤਨਤਾ ਪੂਰਵਕ ਕਰਨਾ, ਅੰਤਰ ਦੇ ਨਿਯਮਾਂ ਨੂੰ ਮੰਨ ਕੇ ਜੀਵਨ ਨੂੰ ਧਰਮ ਵਿਚ ਨਿਯਮਬੱਧ ਕਰਕੇ ਆਪਣੇ ਗੁਣ, ਪਿਆਰ ਤੇ ਸਤਿ ਨੂੰ ਪ੍ਰਗਟ ਕਰਨਾ। ਧਰਮ ਦੇ ਸਥਾਈ ਨਿਯਮ ਸਾਰੇ ਵਿਸ਼ਵ ਵਿਚ ਇਕ ਹੀ ਹਨ ਇਨ੍ਹਾਂ ਦਾ ਪਰੈਕਟੀਕਲ ਮਾਰਗ ਦਰਸ਼ਨ ਮਨੁੱਖਾਂ ਦੀ ਸਮਾਜਿਕ ਤੇ ਅਧਿਆਤਮਕ ਵਿਕਾਸ ਵਿਚ ਸਹਾਇਤਾ ਕਰਦਾ ਹੈ ਤੇ ਮਨੁੱਖ ਨੂੰ ਸੰਪੂਰਨਤਾ ਦੇ ਆਦਰਸ਼ ਤਕ ਪਹੁੰਚਾ ਦਿੰਦਾ ਹੈ।

ਧਰਮ ਮਜ਼ਹਬ ਤੋਂ ਵੱਖਰਾ ਹੁੰਦਾ ਹੈ, ਮਜ਼ਹਬ ਆਮ ਤੌਰ ਤੇ ਰੂੜੀਵਾਦ ਤੇ ਰਸਮਾਂ ਰਿਵਾਜ ਨਿਯਮ, ਕਰਮ ਕਾਂਡ ਤੇ ਆਧਾਰਿਤ ਹੁੰਦਾ ਹੈ। ਮਜ਼ਹਬ ਕੁਝ ਹੋਰ ਅਸੂਲਾਂ ਤੇ ਟਿਕਿਆ ਹੁੰਦਾ ਹੈ। ਧਰਮ ਸੂਖਮ ਹੁੰਦਾ ਹੈ, ਡੂੰਘਾ ਹੁੰਦਾ ਹੈ, ਧਰਮ ਸਮਾਨਯ ਹੁੰਦਾ ਹੈ ਸਭ ਲਈ ਇਕ ਹੀ ਹੁੰਦਾ ਹੈ, ਸਥਾਈ ਹੁੰਦਾ ਹੈ, ਧਰਮ ਕਿਸੇ ਸਭਿਆਚਾਰ ਨਾਲ, ਰਾਜ ਨਾਲ, ਕਿਸੇ ਸਿਧਾਂਤ ਦੇ ਫਰਕ ਨਾਲ ਨਹੀਂ ਜੁੜਿਆ ਹੁੰਦਾ। ਧਰਮ ਤਾਂ ਏਕਤਾ ਦਾ ਸਭ ਤੋਂ ਵੱਡਾ ਸਿਧਾਂਤ ਹੈ, ਮਨੁੱਖਤਾ ਦੇ ਵਿਕਾਸ ਦਾ ਸਭ ਤੋਂ ਉਤਮ ਤੇ ਉਚਾ ਗੁਣ ਹੈ। ਸਤਿ, ਦਇਆ, ਧੀਰਜ, ਖਿਮਾਂ, ਨੇਕ ਨੀਤੀ ਤੇ ਪਿਆਰ, ਇਹ ਧਰਮ ਦੇ ਪ੍ਰਮਾਣਿਕ ਚਿੰਨ੍ਹ ਕਹੇ ਜਾ ਸਕਦੇ ਹਨ, ਧਰਮ ਦੇ ਥੰਮ ਹਨ। ਮਨੁੱਖਤਾ ਦੇ ਬਹੁਤ ਹੀ ਸੁਹਿਰਦ ਤੇ ਸੋਹਣੇ ਅਸੂਲਾਂ ਦੇ ਗੁਣਾਂ ਦੇ ਕਦਰਾਂ ਕੀਮਤਾਂ ਦੇ ਸਰੋਤ ਹਨ। ਮਨੁੱਖ ਦੇ ਅੰਦਰ ਦੇ ਗੁਣਾਂ ਕਾਰਣ ਹੀ ਮਨੁੱਖ ਅਧਿਆਤਮ ਮਾਰਗ ਵਲ ਖਿਚਿਆ ਜਾਂਦਾ ਹੈ। ਧਰਮ ਸਾਰੀਆਂ ਔਕੜਾਂ ਸਾਰੀਆਂ ਰੁਕਾਵਟਾਂ ਖਤਮ ਕਰ ਦਿੰਦਾ ਹੈ ਕਿਉਂਕਿ ਇਸ ਦਾ ਸਬੰਧ ਤੁਹਾਡੇ ਅੰਤਰ ਆਤਮਾ ਨਾਲ ਹੁੰਦਾ ਹੈ, ਇਹ ਤੁਹਾਡੀ ਅੰਤਰ ਦੀ ਏਕਤਾ ਦਾ ਪ੍ਰਗਟਾਵਾ ਹੈ ਤੇ ਦਸਦਾ ਹੈ ਕਿ ਸਭ ਮਨੁਖਤਾ ਇਕ ਦੀ ਹੀ ਰਚਨਾ ਹੈ।

ਸਿੱਖ ਮਜ਼ਹਬ ਦਾ ਆਧਾਰ ਨਿਸ਼ਕਾਮ ਸੇਵਾ ਹੈ। ਮਨੁੱਖਤਾ ਦੀ ਸੇਵਾ ਹੈ, ਧਰਮ ਦੀ ਧਾਰਨੀ ਮਨੁੱਖਤਾ ਲਈ ਬਲੀਦਾਨ ਦਾ ਪ੍ਰਤੀਕ ਹੈ। ਸਿੱਖ ਧਰਮ ਵਿਚ ਕਰਮ ਕਾਂਡ ਨਹੀਂ ਕੋਈ ਸਿਧਾਂਤਕ ਕੱਟੜਤਾ ਨਹੀਂ। ਇਹ ਸਾਰੇ ਸੰਸਾਰ ਵਿਚ ਇਕ ਸਮਾਨ ਹੀ ਹੈ। ਵਾਹਿਗੁਰੂ ਲਈ ਸ਼ਰਧਾ, ਅੰਦਰੋਂ ਨਾਮ ਜਪ ਕੇ ਤੇ ਬਾਹਰੋਂ ਸੇਵਾ ਕਰਕੇ ਹੀ ਪ੍ਰਗਟਾਈ ਜਾਂਦੀ ਹੈ। ਸਿੱਖ ਮਜ਼ਹਬ ਬਹੁਤ ਡੂੰਘਾ ਹੈ ਤੇ ਬਹੁਤ ਹੀ ਵਿਸਤ੍ਰਿਤ ਹੈ। ਇਹ ਮਜ਼ਹਬ ਦੇ ਮੰਨਣ ਵਾਲਿਆਂ ਵਿਚ ਕੋਈ ਕੱਟੜਤਾ ਨਹੀਂ ਹੈ, ਸਿੱਖ ਮਜ਼ਹਬ ਵਿਚ ਸਭ ਸਾਂਝੀਵਾਲ ਹਨ, ਕੋਈ ਵੀ ਦੂਸਰਾ ਨਹੀਂ...

***ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ॥***

***ਪੰਨਾ – 97***

ਇਸ ਵਿਚ ਦਇਆ ਹੈ, ਅਹਿੰਸਾ ਹੈ, ਮਨ ਤੇ ਸਰੀਰ ਨੂੰ ਚੜ੍ਹਦੀ ਕਲਾ ਵਿਚ ਰੱਖਣ ਦਾ ਆਦੇਸ਼ ਹੈ, ਨਿਸ਼ਕਾਮ ਕਰਮ ਕਰਨ ਨਾਲ ਇਸ ਸੰਸਾਰ ਵਿਚੋਂ ਮਨੁੱਖ ਮੁਕਤੀ ਪ੍ਰਾਪਤ ਕਰ ਲੈਂਦਾ ਹੈ, ਸਿੱਖ ਮਜ਼ਹਬ ਵਿਚ ਸਾਂਝੀਵਾਲਤਾ ਇਕ ਦੂਸਰੇ ਦੀ ਸੋਝੀ, ਸੰਗਠਨਤਾ ਦੇ ਅਭਿਆਸ ਦਾ ਆਦੇਸ਼ ਹੈ ਤਾਂ ਜੋ ਇਕ ਆਦਰਸ਼ਕ ਸਮਾਜ ਦੀ ਸਿਰਜਣਾ ਹੋ ਸਕੇ। ਇਹ ਸਭ ਕੁਝ ਧਰਮ ਦੇ ਨਿਯਮਾਂ ਅਨੁਸਾਰ ਹੀ ਹੋਵੇ। ਸਿੱਖ ਮਜ਼ਹਬ ਵਿਚ ਸਾਰੇ ਵਰਗਾਂ ਤੋਂ ਸਾਰੇ ਮਜ਼ਹਬਾਂ ਤੋਂ ਲੋਕੀ ਆ ਸਕਦੇ ਹਨ, ਸਾਰਿਆਂ ਦੇ ਬੰਨ੍ਹਣ ਵਾਲਾ ਇਕ ਪਿਆਰ ਹੈ, ਪ੍ਰੇਮ ਹੈ ਉਸ ਵਾਹਿਗੁਰੂ ਦਾ ਪਿਆਰ, ਜੋ ਕਿ ਧਰਮ ਦਾ ਸਭ ਤੋਂ ਵੱਡਾ ਨਿਯਮ ਹੈ।

ਸਿੱਖ ਮਜ਼ਹਬ ਦੇ ਮੁੱਖੀ ਗੁਰੂ ਨਾਨਕ ਦੇਵ ਜੀ ਬਹੁਤ ਹੀ ਵੱਡੇ ਸੰਤ, ਮਹਾਤਮਾ ਹੋਏ ਹਨ, ਉਹ ਵਾਹਿਗੁਰੂ ਦਾ ਰੂਪ ਹੀ ਸਨ, ਇਸ ਦੇ ਨਾਲ ਉਹ ਬਹੁਤ ਵੱਡੇ ਸਮਾਜ ਸੁਧਾਰਕ ਵੀ ਸਨ। ਉਨ੍ਹਾਂ ਨੇ ਆਪਣੇ ਸਮੇਂ ਵਿਚ ਦੱਸਿਆ ਕਿ ਤਿਆਗ ਸਾਰਿਆਂ ਲਈ ਨਹੀਂ ਹੈ। ਤਿਆਗ ਕਿਸੇ ਵਿਹਲੇ ਲਈ ਹੈ। ਉਨ੍ਹਾਂ ਨੇ ਦੱਸਿਆ ਹੈ ਕਿ ਨਿਸ਼ਕਾਮ ਕਰਮ ਜੁਗਤੀ ਨਾਲ ਕਰਨੇ, ਪਿਆਰ ਨਾਲ ਕਰਨੇ ਹੀ ਸਾਰਿਆਂ ਦਾ ਇਕ ਮਾਤਰ ਪ੍ਰਭੂ ਪ੍ਰਾਪਤੀ ਦਾ ਮਾਰਗ ਹੈ। ਉਨ੍ਹਾਂ ਨੇ ਨਿਰਭੈਤਾ ਦਾ ਮਾਰਗ ਦਰਸਾਇਆ, ਆਤਮ ਵਿਸ਼ਵਾਸ਼ ਜਗਾਇਆ ਤੇ ਸਿੱਧੇ ਰਸਤੇ ਤੇ ਤੁਰਨਾ ਸਿਖਾਇਆ। ਸਿੱਧਾ ਰਸਤਾ ਕੋਈ ਤਿਆਗ ਨਹੀਂ ਪਰ ਨਿਸ਼ਕਾਮ ਕਰਮ, ਮੋਹ ਤੋਂ ਮੁਕਤ ਹੋਣਾ ਹੈ, ਸ਼ਰਧਾ ਰਖਣੀ ਹੈ। ਸਿੱਖ ਮਜ਼ਹਬ ਇਕੱਤਤਵਾਦ ਨਹੀਂ ਹੈ ਜਿਵੇਂ ਬੁੱਧ ਮਜ਼ਹਬ ਵਿਚ ਤਿਆਗ ਹੀ ਦੱਸਿਆ ਜਾਂਦਾ ਹੈ। ਗੀਤਾ ਦੀ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭਗਤੀ ਮਾਰਗ ਦਸਿਆ ਗਿਆ ਹੈ, ਨਿਸੁਆਰਥ ਹੋ ਕੇ ਕਰਮ ਕਰਨੇ ਅਤੇ ਕਰਮ ਕਾਂਡ ਤੋਂ ਦੂਰ ਰਹਿਣਾ।

ਸਿੱਖ ਮਜ਼ਹਬ ਇਕ ਵਿਚ ਹੀ ਵਿਸ਼ਵਾਸ਼ ਦਸਦਾ ਹੈ –

***ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥***
***ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥***
***ਪੰਨਾ – 846***

***ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ***
***ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥***

ਇਕ ਹੀ ਸਤ ਹੈ ਉਹ ਹੈ ਓਅੰਕਾਰ, ਓਮ ਤੋਂ ਹੀ ਸਾਰੇ ਵਿਸ਼ਵ ਦੀ ਪਹਿਲੀ ਧੁਨ ਹੋਈ। ਗੁਰੂ ਨਾਨਕ ਦੇਵ ਜੀ ਦੀ ਸਿਖਿਆ ਹੈ ਪ੍ਰੇਮ ਦੀ, ਪ੍ਰੇਮ ਜੋ ਸਭ ਨੂੰ ਕਲਾਵੇ ਵਿਚ ਲੈਂਦਾ ਹੈ ਕਿਸੇ ਨੂੰ ਬਾਹਰ ਨਹੀਂ ਰਹਿਣ ਦਿੰਦਾ, ਗੁਰੂ ਸਾਹਿਬ ਨੇ ਤਿਆਗ ਨਹੀਂ ਦੱਸਿਆ, ਦੱਸਿਆ ਹੈ ਸੰਸਾਰ ਵਿਚ ਕਿਵੇਂ ਰਹਿਣਾ ਹੈ, ਸਭ ਕੁਝ ਹੁੰਦਿਆਂ ਵੀ ਸੰਸਾਰ ਵਿਚ ਭਿੱਜਣਾ ਨਹੀਂ, ਡੁਬਣਾ ਨਹੀਂ ਉਤੇ ਉਤੇ ਹੀ ਰਹਿਣਾ ਹੈ, ਜਿਵੇਂ ਕਮਲ ਦਾ ਫੁੱਲ ਰਹਿੰਦਾ ਹੈ, ਜਿਵੇਂ ਮੁਰਗਾਬੀ ਰਹਿੰਦੀ ਹੈ।

